ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 8 | Issue 48 | 19 December 2018 to 25 December 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# 'ਕਾਂਗਰਸ ਦਾ ਸੱਜਣ' ਆਖ਼ਰ 'ਸਿਕੰਜੇ ਵਿਚ'

**• ਸਿੱਖਾਂ ਦੇ ਦੁਸ਼ਮਣ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਲੰਘਾਉਣੀ ਪਵੇਗੀ ਬਾਕੀ ਉਮਰ • 84 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਮਿਲਿਆ ਚੱਪਾ ਕੁ ਇਨਸਾਫ਼**

- **31 ਦਸੰਬਰ ਤੱਕ ਅਦਾਲਤ ਅੱਗੇ ਆਤਮ ਸਮਰਪਣ ਕਰਨਾ ਪਵੇਗਾ ਸੱਜਣ ਕੁਮਾਰ ਨੂੰ**
- **ਅਦਾਲਤ ਵਲੋਂ ਜਗਦੀਸ਼ ਕੌਰ ਦੀ ਤਾਰੀਫ , ਕਿਹਾ ਕਿ ਮੁਲਜ਼ਮਾਂ ਨੇ ਸਿਆਸੀ ਸਰਪ੍ਰਸਤੀ ਹਾਸਲ ਕੀਤੀ**
- **ਫੈਸਲਾ ਸੁਣਾਉਂਦੇ ਹੋਏ ਜੱਜ ਭਾਵੁਕ ਹੋ ਕੇ ਰੋ ਪਏ**

ਨਵੀਂ ਦਿੱਲੀ/ਬਿਊਰੋ ਨਿਊਜ਼ :
ਦਿੱਲੀ ਹਾਈਕੋਰਟ ਨੇ ਕਾਂਗਰਸ ਦੇ ਸੀਨੀਅਰ ਆਗੂ ਸੱਜਣ ਕੁਮਾਰ ਨੂੰ ਸੰਨ 1984 ਸਿੱਖ ਨਸਲਕੁਸ਼ੀ ਮਾਮਲੇ ਵਿੱਚ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਜਿਸ ਨੂੰ ਕਿ 31 ਦਸੰਬਰ ਤੱਕ ਅਦਾਲਤ ਅੱਗੇ ਆਤਮ ਸਮਰਪਣ ਕਰਨਾ ਪਵੇਗਾ। ਇਸ ਮਾਮਲੇ ਵਿੱਚ ਸੱਜਣ ਕੁਮਾਰ ਦੇ ਸਹਿ ਦੋਸ਼ੀ ਬਲਵਾਨ ਖੋਖਰ, ਕੈਪਟਨ ਭਾਗਮਲ, ਗਿਰਧਾਰੀ ਲਾਲ, ਮਹਿੰਦਰ ਯਾਦਵ ਤੇ ਕਿਸ਼ਨ ਖੋਖਰ ਨੂੰ ਵੀ ਅਦਾਲਤ ਨੇ 10 ਸਾਲ ਕੈਦ-ਏ-ਬਾਮੁਸ਼ੱਕਤ ਦੀ ਸਜ਼ਾ ਸੁਣਾਈ ਹੈ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਸੱਜਣ ਕੁਮਾਰ ਨੂੰ ਇਸ ਕੇਸ ਵਿੱਚੋਂ ਬਰੀ ਕਰ ਦਿੱਤਾ ਸੀ ਜਿਸ ਫੈਸਲੇ ਨੂੰ ਦਿੱਲੀ ਹਾਈਕੋਰਟ ਨੇ ਪਲਟ ਦਿੱਤਾ ਹੈ। ਆਪਣੇ ਇਸ ਫੈਸਲੇ ਸਬੰਧੀ ਅਦਾਲਤ ਨੇ ਟਿੱਪਣੀ ਕੀਤੀ ਹੈ ਕਿ ਇਹ ਬੇਹੱਦ ਜਰੂਰੀ ਹੈ ਕਿ ਪੀੜਤ ਨੂੰ ਭਰੋਸਾ

ਬਾਕੀ ਸਫ਼ਾ 29 'ਤੇ



## 34 ਸਾਲਾਂ ਬਾਅਦ ਵੀ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦੀ ਥਾਂ ਬੇਇਨਸਾਫੀ ਹੀ ਮਿਲੀ : ਏਜੀਪੀਸੀ

**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ:**
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਭਾਰਤੀ ਅਦਾਲਤ ਵੱਲੋਂ 1984 ਸਿੱਖ ਨਸਲਕੁਸ਼ੀ ਦੇ ਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਉਮਰ ਭਰ ਸਜ਼ਾ ਸੁਣਾਏ ਜਾਣ ਦੇ ਫ਼ੈਸਲੇ ਸਬੰਧੀ ਕਿਹਾ ਹੈ ਕਿ 34 ਸਾਲਾਂ ਬਾਅਦ ਭਾਰਤ ਦੀ ਕਾਂਗਰਸ ਸਰਕਾਰ ਦੁਆਰਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਹਿਣ ਉਤੇ ਕਰਵਾਏ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਨਾਲ ਇਨਸਾਫ਼ ਨਹੀਂ, ਬਲਕਿ ਬੇਇਨਸਾਫ਼ੀ ਹੋਈ ਹੈ। ਉਨਾਂ ਕਿਹਾ ਕਿ ਉਹ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਨ ਪਰ ਹਜ਼ਾਰਾਂ ਬੇਕਸੂਰ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਣ ਦਾ ਕਾਰਨ

ਬਾਕੀ ਸਫ਼ਾ 05 'ਤੇ

## ਗਵਾਹ ਬੀਬੀ ਨਿਰਪ੍ਰੀਤ ਕੌਰ ਨੇ ਬਿਆਨਿਆ ਅਕਹਿ ਦਰਦ

'ਕਤਲੇਆਮ ਦੇ ਦੋਸ਼ੀਆਂ ਦਾ ਸਿਆਸੀ ਸ਼ਹਿ ਕਾਰਨ ਬਚਾਅ ਹੁੰਦਾ ਰਿਹਾ।' ਇਸ ਮਾਮਲੇ ਵਿੱਚ ਮੁੱਖ ਗਵਾਹ ਨਿਰਪ੍ਰੀਤ ਕੌਰ ਨੇ ਫੈਸਲੇ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਨਿਰਪ੍ਰੀਤ ਕੌਰ ਨੇ ਕਿਹਾ, 'ਮੈਂ 2 ਨਵੰਬਰ 1984 ਨੂੰ ਸੱਜਣ ਕੁਮਾਰ ਨੂੰ ਭਾਸ਼ਣ ਦਿੰਦਿਆਂ ਸੁਣਿਆ ਸੀ ਜਿਸ ਵਿੱਚ ਉਹ ਲੋਕਾਂ ਨੂੰ ਕਹਿ ਰਿਹਾ ਸੀ ਕਿ ਇੱਕ ਵੀ ਸਿੱਖ ਨਹੀਂ ਬਚਣਾ ਚਾਹੀਦਾ ਹੈ।' ਫੈਸਲੇ ਤੋਂ ਬਾਅਦ ਨਿਰਪ੍ਰੀਤ ਨੇ ਦੱਸਿਆ, 'ਮੈਂ ਇਹ ਲੜਾਈ ਇਕੱਲੇ ਨਹੀਂ ਲੜ ਸਕਦੀ ਸੀ। ਮੇਰੀ ਲੜਾਈ ਵਿੱਚ ਸੀਬੀਆਈ ਦੇ ਅਫਸਰਾਂ ਸਣੇ ਕਈ ਲੋਕਾਂ ਨੇ ਸਾਥ ਦਿੱਤਾ ਹੈ, ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਅਕਾਲੀਆਂ ਨੇ ਵੀ ਦੋਸ਼ੀਆਂ ਨੂੰ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।"



## ਕਿਸ ਮਾਮਲੇ ਵਿੱਚ ਹੋਈ ਸਜ਼ਾ ?

ਇੱਕ ਨਵੰਬਰ 1984 ਵਿੱਚ ਭੀੜ ਨੇ ਦਿੱਲੀ ਕੈਂਟ ਦੇ ਰਾਜ ਨਗਰ ਇਲਾਕੇ ਵਿੱਚ ਜਗਦੀਸ਼ ਕੌਰ ਦੇ ਘਰ 'ਤੇ ਹਮਲਾ ਕਰ ਦਿੱਤਾ ਸੀ। ਇਸ ਹਮਲੇ ਵਿੱਚ ਜਗਦੀਸ਼ ਕੌਰ ਦੇ ਵੱਡੇ ਪੁੱਤਰ ਤੇ ਪਤੀ ਸਣੇ 5 ਲੋਕਾਂ ਦੀ ਮੌਤ ਹੋਈ ਸੀ। ਸੱਜਣ ਕੁਮਾਰ ਉੱਤੇ ਇਲਜ਼ਾਮ ਹੈ ਕਿ ਉਹ ਵੀ ਭੀੜ ਵਿਚ ਸ਼ਾਮਿਲ ਸੀ। 30 ਅਪ੍ਰੈਲ 2013 ਨੂੰ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਇਸ ਕਤਲੇਆਮ ਲਈ 5 ਲੋਕਾਂ ਨੂੰ ਦੋਸ਼ੀ ਠਹਿਰਾਇਆ ਸੀ। ਜਿਸ ਵਿੱਚ ਸਾਬਕਾ ਕਾਂਗਰਸੀ ਵਿਧਾਇਕ ਮਹਿੰਦਰ ਯਾਦਵ ਨੂੰ ਉਮਰ ਕੈਦ ਅਤੇ ਕੌਂਸਲਰ ਬਲਵਾਨ ਖੋਕਰ ਅਤੇ 3 ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਸੱਜਣ ਕੁਮਾਰ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ।

## ਆਜ਼ਾਦੀ ਤੋਂ ਬਾਅਦ ਦੀ ਸਭ ਤੋਂ ਵੱਡੀ ਹਿੰਸਾ ਸੀ ਸਿੱਖ ਕਤਲੇਆਮ : ਹਾਈਕੋਰਟ

ਦਿੱਲੀ ਹਾਈਕੋਰਟ ਦੇ ਜੱਜ ਜਸਟਿਸ ਐਸ. ਮੁਰਲੀਧਰਨ ਅਤੇ ਵਿਨੋਦ ਗੋਇਲ ਨੇ 1984 ਸਿੱਖ ਕਤਲੇਆਮ ਨਾਲ ਸਬੰਧਿਤ ਸੱਜਣ ਕੁਮਾਰ ਤੇ ਹੋਰ ਦੋਸ਼ੀਆਂ ਬਾਰੇ ਇਸ ਮਾਮਲੇ ਦਾ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਕਿ ਇਹ ਇੱਕ ਅਸਧਾਰਨ ਮਾਮਲਾ ਸੀ ਜਿੱਥੇ ਆਮ ਹਾਲਤਾਂ 'ਚ ਵੀ ਸੱਜਣ ਕੁਮਾਰ ਦੇ ਖ਼ਿਲਾਫ਼ ਕਾਰਵਾਈ ਕਰਨਾ ਅਸੰਭਵ ਹੋ ਰਿਹਾ ਸੀ, ਕਿਉਂਕਿ ਅਜਿਹਾ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਦੇ ਖ਼ਿਲਾਫ਼ ਕੇਸਾਂ ਨੂੰ ਦਬਾਉਣ ਦੇ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਸਨ ਅਤੇ ਉਨ੍ਹਾਂ ਨੂੰ ਰਿਕਾਰਡ ਤੱਕ ਨਹੀਂ ਕੀਤਾ ਜਾ ਰਿਹਾ ਸੀ। ਅਦਾਲਤ ਨੇ ਇਹ ਵੀ ਕਿਹਾ ਕਿ 1947 ਦੇ ਭਿਆਨਕ ਸਮੂਹਿਕ ਕਤਲੇਆਮ ਪਿੱਛੋਂ ਦੇਸ਼ ਨੇ ਫਿਰ ਵੱਡਾ ਮਨੁੱਖੀ ਦੁਖਾਂਤ ਦੇਖਿਆ ਜਦੋਂ ਇਕ ਤੋਂ 4 ਨਵੰਬਰ 1984 ਤੱਕ ਫਿਰਕੂ ਜਨੂੰਨ ਵਿਚ 2733 ਸਿੱਖਾਂ ਨੂੰ ਬੇਰਹਿਮੀ

ਬਾਕੀ ਸਫ਼ਾ 29 'ਤੇ

# ਬੇਏਰੀਆ ਦੇ ਸਿੱਖ ਪਤਵੰਤੇ ਗੁਰਬਚਨ ਸਿੰਘ ਢਿੱਲੋਂ ਦਾ ਸਦੀਵੀ ਵਿਛੋੜਾ

***ਸਸਕਾਰ ਤੇ ਅੰਤਮ ਅਰਦਾਸ ਸ਼ਨਿਚਰਵਾਰ 22 ਦਸੰਬਰ ਨੂੰ***

**ਯੂਨੀਅਨ ਸਿਟੀ/ਬਿਊਰੋ ਨਿਊਜ਼ :**
ਸੰਘਣੀ ਵਸੋਂ ਵਾਲੇ ਬੇਏਰੀਆ ਦੇ ਸਿੱਖ ਪਤਵੰਤੇ ਇਸ ਇਲਾਕੇ ਵਿਚ ਪਿਛਲੇ 35-40 ਸਾਲਾਂ ਤੋਂ ਰਹਿ ਰਹੇ ਸਮਾਜ ਸੇਵੀ ਤੇ ਗੁਰਦੁਆਰਾ ਫਰੀਮੌਂਟ ਦੀ ਕਮੇਟੀ ਵਿਚ ਕਈ ਸਾਲਾਂ ਤੋਂ ਸੇਵਾ ਕਰਦੇ ਆ ਰਹੇ ਸਰਦਾਰ ਗੁਰਬਚਨ ਸਿੰਘ ਢਿੱਲੋਂ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ 16 ਦਸੰਬਰ ਨੂੰ ਮੌਤ ਹੋ ਗਈ। ਉਹ ਪੰਜਾਬ ਤੋਂ ਸੁਰਸਿੰਘ ਵਾਲਾ ਪਿੰਡ ਨਾਲ ਸਬੰਧਤ ਸਨ ਅਤੇ ਹੁਣ ਕੈਲੀਫੋਰਨੀਆ ਦੇ ਯੂਨੀਅਨ ਸਿਟੀ ਵਿਚ ਰਹਿੰਦੇ ਸਨ।



ਬੇਹੱਦ ਮਿਲਣਸਾਰ ਅਤੇ ਨਿੱਘੇ ਸੁਭਾਅ ਦੇ ਮਾਲਕ ਸ. ਢਿਲੋਂ ਦੇ ਅਚਾਨਕ ਵਿਛੋੜੇ ਦਾ ਪੰਜਾਬੀ ਭਾਈਚਾਰੇ ਵਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਬੇਹੱਦ ਮਿਲਣਸਾਰ ਅਤੇ ਨਿੱਘੇ ਸੁਭਾਅ ਵਾਲੇ ਸ. ਗੁਰਬਚਨ ਸਿੰਘ ਢਿੱਲੋਂ ਮੇਹਰ ਚੰਦ

ਬਾਕੀ ਸਫ਼ਾ 29 'ਤੇ

# ਜਮਹੂਰੀ ਗੱਠਜੋੜ ਤੇ ਟਕਸਾਲੀ ਦਲ ਕਾਂਗਰਸ ਅਤੇ ਬਾਦਲ ਦਲ ਲਈ ਬਣੇਗਾ ਚੁਣੌਤੀ

## ਜਥੇਦਾਰ ਬ੍ਰਹਮਪੁਰਾ ਨੂੰ ਬਣਾਇਆ ਪ੍ਰਧਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਵਿਚ ਜਮਹੂਰੀ ਗੱਠਜੋੜ ਤੇ ਟਕਸਾਲੀ ਦਲ ਕਾਂਗਰਸ ਤੇ ਬਾਦਲ ਦਲ ਲਈ ਨਵੀਂ ਚੁਣੌਤੀ ਬਣੇਗਾ, ਕਿਉਂਕਿ ਬਸਪਾ ਨੇ ਜਮਹੂਰੀ ਗੱਠਜੋੜ ਦਾ ਸਮਰਥਨ ਕਰ ਦਿਤਾ ਹੈ। ਸਿਆਸੀ ਮਾਹਿਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦਾ ਜਮਹੂਰੀ ਗੱਠਜੋੜ ਨਾਲ ਸਾਂਝ ਪੈਣ ਦੀ ਸੰਭਾਵਨਾ ਹੈ। ਬਰਗਾੜੀ ਮੋਰਚੇ ਨੇ ਸ਼੍ਰੋਮਣੀ ਅਕਾਲੀ ਦਲ ਅੰਦਰ ਬਾਦਲਾਂ ਵਿਰੁੱਧ ਬਗਾਵਤ ਦੀ ਚੰਗਿਆੜੀ ਲਾਈ। ਸਿੱਖ ਧਾਰਮਿਕ-ਸਿਆਸੀ ਖੇਤਰ, ਜਿਸ ਵਿਚੋਂ ਅਕਾਲੀ ਦਲ ਦਿਨੋ-ਦਿਨ ਹਾਸ਼ੀਏ ਵੱਲ ਧੱਕਿਆ ਜਾ ਰਿਹਾ ਹੈ, ਵਿਚ ਪੈਦਾ ਹੋ ਰਿਹਾ ਖ਼ਲਾਅ ਭਰਨ ਲਈ ਵੱਖ ਵੱਖ

(ਬਾਕੀ ਸਫ਼ਾ 07 'ਤੇ)



ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਸ਼੍ਰੋਮਣੀ ਅਕਾਲੀ ਦਲ (ਟਕਸਾਲ) ਦਾ ਪ੍ਰਧਾਨ ਬਣਾਏ ਜਾਣ ਮੌਕੇ ਸਨਮਾਨ ਕਰਦੇ ਹੋਏ ਸਿੱਖ ਆਗੂ






















# 1984

audiobook

## ਅਣਚਿਤਵਿਆ ਕਹਿਰ

## ਬੋਲਦੀ ਕਿਤਾਬ

ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।

ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।

### ਬੋਲਦੀਆਂ ਕਿਤਾਬਾਂ ਸੁਣਨ ਲਈ

(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।

ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।

ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:

+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ **ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet** over 100 gallons

open 6am to midnight

Phone: 765-478-6300

# ਵਰਲਡ ਸਿੱਖ ਪਾਰਲੀਮੈਂਟ ਦੀ ਅਮਰੀਕਾ ਇਕਾਈ ਦਾ ਦੋ-ਰੋਜ਼ਾ ਇਜਲਾਸ ਹੋਇਆ

### *ਜਥੇਬੰਦਕ ਢਾਂਚਾ ਤਿਆਰ ਕਰਨ ਲਈ ਹੋਈ ਵਿਚਾਰ ਚਰਚਾ*





**ਨਿਊਯਾਰਕ/ਹੁਸਨ ਲੜੋਆ ਬੰਗਾ :** ਵਰਲਡ ਸਿੱਖ ਪਾਰਲੀਮੈਂਟ ਦੀ ਅਮਰੀਕਾ ਇਕਾਈ ਦੇ ਸਮੂਹ ਮੈਂਬਰਾਂ ਦਾ ਦੋ-ਰੋਜ਼ਾ ਇਜਲਾਸ ਨਿਊਯਾਰਕ ਦੇ ਹਮਿਲਟਨ ਹੋਟਲ ਵਿਖੇ ਸਫਲਤਾ ਨਾਲ ਸਿਰੇ ਚੜ੍ਹਿਆ। ਇਸ ਇਕੱਤਰਤਾ ਵਿਚ ਅਮਰੀਕਾ ਇਕਾਈ ਦੇ ਜਥੇਬੰਦਕ ਢਾਂਚੇ ਅਤੇ ਏਜੰਡੇ ਉਤੇ ਡੂੰਘੀ ਵਿਚਾਰ-ਚਰਚਾ ਹੋਈ। ਦਸ ਕੌਂਸਲਾਂ ਵਿਚ ਸ਼ਾਮਿਲ ਮਨੁੱਖੀ ਅਧਿਕਾਰ, ਗੁਰਮਤਿ ਵਿਦਿਆ, ਜੇਲ੍ਹਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਅਤੇ ਸ਼ਹੀਦ ਪਰਿਵਾਰਾਂ ਦੀ ਦੇਖਭਾਲ ਕਰਨ ਲਈ ਢੁਕਵੀਆਂ ਵਿਚਾਰਾਂ ਹੋਈਆਂ। ਇਸ ਮੌਕੇ 10 ਕੌਂਸਲਾਂ ਵਿੱਚ ਕੰਮ ਕਰਨ ਵਾਲੇ ਮੈਂਬਰਾਂ ਦੀ ਚੋਣ ਕੀਤੀ ਗਈ ਅਤੇ ਸਰਬ-ਸੰਮਤੀ ਨਾਲ ਕਈ ਮਤੇ ਪਾਸ ਕੀਤੇ ਗਏ। ਪਾਸ ਹੋਏ ਮਤਿਆਂ 'ਚ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਪਾਕਿਸਤਾਨ ਸਰਕਾਰ ਦਾ ਧੰਨਵਾਦ ਕੀਤਾ ਗਿਆ, ਜੇਲ੍ਹਾਂ ਵਿਚ ਲੰਬੇ ਸਮੇਂ ਤੋਂ ਬੰਦ ਬੰਦੀ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ ਅਤੇ ਰਿਹਾਈ ਲਈ ਕਾਨੂੰਨੀ ਚਾਰਾਜੋਈ ਕਰਨ ਲਈ ਕਾਨੂੰਨੀ ਟੀਮ ਬਣਾਉਣ ਅਤੇ ਬੰਦੀ ਸਿੰਘਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਮੁੜ ਵਸੇਬੇ ਬਾਰੇ ਉਦਮ-ਉਪਰਾਲੇ ਕਰ ਰਹੀਆਂ ਸੰਸਥਾਵਾਂ ਦਾ ਸਾਥ ਦੇਣ ਦੀ ਵਚਨਬੱਧਤਾ ਦਾ ਮਤਾ, ਸਿੱਖ ਕੌਮ ਦੇ (ਮੀਰੀ-ਪੀਰੀ) ਦੇ ਸੰਕਲਪ ਅਨੁਸਾਰ ਆਪਣੇ ਕੌਮੀ ਖਾਲਸਾ ਰਾਜ ਦੀ ਪ੍ਰਾਪਤੀ ਲਈ ਵਚਨਬੱਧਤਾ ਦਾ ਮਤਾ, ਸਿੱਖ ਕੌਮ ਅਤੇ ਅਮਰੀਕਾ ਵਿੱਚ ਮਨੁੱਖੀ ਹੱਕਾਂ ਲਈ ਐਨਜੀਓਜ਼ ਅਤੇ ਯੂ.ਐਨ ਦੇ ਦਫਤਰ ਨਾਲ ਤਾਲਮੇਲ ਕਰਨ, ਸਾਰੀਆਂ ਪੰਥਕ ਜਥੇਬੰਦੀਆਂ ਨਾਲ ਤਲਮੇਲ ਤੇ ਸਾਂਝੇ ਤੌਰ 'ਤੇ ਕੰਮ ਕਰਨ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੱਲਣ ਦੀ ਵਚਨਬੱਧਤਾ ਪ੍ਰਗਟਾਉਣ ਦੇ ਮਤੇ ਪਾਸ ਕੀਤੇ ਗਏ। ਯੂਕੇ. ਵਿਚ ਵਰਲਡ ਸਿੱਖ ਪਾਰਲੀਮੈਂਟ ਦੇ ਆਗਾਜ਼ ਤੋਂ ਬਾਅਦ ਅਮਰੀਕਾ ਰਿਜ਼ਨ ਦੀ ਇਸ ਚੌਥੀ ਇਕੱਤਰਤਾ ਨਾਲ ਪ੍ਰਬੰਧਕਾਂ ਵਲੋਂ ਹੋਰ ਰਿਜ਼ਨਾਂ ਵਿਚ ਬਲ (ਉਤਸ਼ਾਹ) ਮਿਲਣ ਦੀ ਆਸ ਵੀ ਜਤਾਈ ਗਈ ਅਤੇ ਸਮੁੱਚੀ ਸਿੱਖ ਕੌਮ ਦੀ ਚੜ੍ਹਦੀਕਲਾ ਲਈ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕੀਤੀ ਗਈ।

## ਢਿੱਲੋਂ ਪਰਿਵਾਰ ਨੂੰ ਸਦਮਾ



### ਸ. ਗੁਰਬਚਨ ਸਿੰਘ ਢਿੱਲੋਂ ਨਹੀਂ ਰਹੇ

ਯੂਨੀਅਨ ਸਿਟੀ ਵਿਚ ਪਿਛਲੇ 35-40 ਸਾਲਾਂ ਤੋਂ ਰਹਿ ਰਹੇ ਸਮਾਜ ਸੇਵੀ ਤੇ ਗੁਰਦੁਆਰਾ ਸਾਹਿਬ ਫਰੀਮੋਂਟ ਦੀ ਕਮੇਟੀ ਵਿਚ ਕਈ ਸਾਲਾਂ ਤੋਂ ਸੇਵਾ ਕਰਦੇ ਆ ਰਹੇ ਭਾਈ ਗੁਰਬਚਨ ਸਿੰਘ ਢਿੱਲੋਂ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ 16 ਦਸੰਬਰ 2018 ਨੂੰ ਮੌਤ ਹੋ ਗਈ। ਉਹ ਪੰਜਾਬ ਤੋਂ ਸੁਰਸਿੰਘ ਵਾਲਾ ਪਿੰਡ ਨਾਲ ਸਬੰਧਤ ਸਨ ਅਤੇ ਹੁਣ ਕੈਲੀਫੋਰਨੀਆ ਦੇ ਯੂਨੀਅਨ ਸਿਟੀ ਵਿਚ ਰਹਿੰਦੇ ਸਨ। ਉਨ੍ਹਾਂ ਦਾ ਸਸਕਾਰ ਸ਼ਨਿਚਰਵਾਰ ਮਿਤੀ 22 ਦਸੰਬਰ 2018 ਨੂੰ ਹੋ ਰਿਹਾ ਹੈ।

**Funeral House : Chapal of Chimes, Hayward**
**Date : 22 December, 2018 (Saturday) Time : 1:30 PM to 3:00 PM**

*ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ :*

**ਡਾਕਟਰ ਨਿੰਦੀ ਸੰਧੂ-559-246-1236 ਅਤੇ ਹਰਭਜਨ ਸਿੰਘ ਢਿੱਲੋਂ 510-552-5925**

## ਸਿਆਟਲ 'ਚ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦਾ ਤਿੰਨ-ਦਿਨਾ ਸ਼ਹੀਦੀ ਪੁਰਬ 21 ਦਸੰਬਰ ਤੋਂ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਇਥੇ ਸਰਬੰਸਦਾਨੀ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਰਹੇ ਹਨ। ਇਸ ਸਬੰਧੀ ਸ਼ਰਨਜੀਤ ਸਿੰਘ ਬਾਠ, ਅਮਰਜੀਤ ਸਿੰਘ ਬਾਠ ਤੇ ਮਨਮੋਹਨ ਸਿੰਘ ਧਾਲੀਵਾਲ ਨੇ ਦੱਸਿਆ ਕਿ 21-22-23 ਦਸੰਬਰ ਨੂੰ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਟਰਾਈਸਿਟੀਜ਼ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਹੀਦੀ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਫਤਿਹਗੜ੍ਹ ਸਾਹਿਬ ਦੀ ਸਮੁੱਚੀ ਸੰਗਤ ਵਲੋਂ ਵੀ ਗੁਰਦੁਆਰਾ ਸਿੰਘ ਸਭਾ ਰੈਨਟਨ, ਸਿਆਟਲ ਵਿਚ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਸਰਬੱਤ ਦਾ ਭਲਾ ਟਰੱਸਟ ਸਿਆਟਲ ਦੇ ਪ੍ਰਧਾਨ ਦਯਿਆਬੀਰ ਸਿੰਘ ਪਿੰਟੂ ਬਾਠ ਨੇ ਦੱਸਿਆ ਕਿ ਪੰਜਾਬ ਦੇ ਚਮਕੌਰ ਸਾਹਿਬ ਦੇ ਇਲਾਕੇ ਵਿਚ ਸਿੱਖ ਸੰਗਤ ਸੋਗ ਵਜੋਂ 20 ਤੋਂ 28 ਦਸੰਬਰ ਤੱਕ ਸਾਹਿਬਜ਼ਾਦਿਆਂ ਦੀ ਯਾਦ ਵਿਚ ਸੋਗਮਈ ਦਿਹਾੜੇ ਮਨਾਉਂਦੀ ਹੈ। ਇਸ ਕਰਕੇ ਇਨ੍ਹਾਂ ਦਿਨਾਂ ਦੌਰਾਨ ਨਸ਼ਿਆਂ ਦੀ ਵਿੱਕਰੀ ਦੀ ਮਨਾਹੀ ਹੋਣੀ ਚਾਹੀਦੀ ਹੈ। ਉਨ੍ਹਾਂ ਸਮੁੱਚੀ ਸੰਗਤ ਨੂੰ ਗੁਰਦੁਆਰਾ ਸਾਹਿਬ ਪਹੁੰਚ ਕੇ ਸ਼ਹੀਦੀ ਸਮਾਗਮ ਵਿਚ ਹਾਜ਼ਰੀ ਭਰਨ ਦੀ ਅਪੀਲ ਕੀਤੀ।


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਸਿੱਧੂ ਦੀ ਹਾਈਕਮਾਂਡ ਵਿਚ ਚੜ੍ਹਾਈ, ਕੈਪਟਨ ਪਿਛੇ ਧਕਿਆ

## ਤਿੰਨ ਰਾਜਾਂ ਦੇ ਮੁੱਖ ਮੰਤਰੀਆਂ ਦੇ ਸਹੁੰ ਚੁੱਕ ਸਮਾਗਮਾਂ 'ਚ ਸਿੱਧੂ ਦੀ ਸ਼ਮੂਲੀਅਤ ਨੇ ਚਰਚਾ ਛੇੜੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਤਿੰਨਾਂ ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਪਾਰਟੀ ਦੇ ਮੁੱਖ ਮੰਤਰੀਆਂ ਦੇ ਸਹੁੰ ਚੁੱਕ ਸਮਾਗਮਾਂ ਵਿੱਚ ਕੀਤੀ ਸ਼ਮੂਲੀਅਤ ਨੇ ਸੂਬੇ 'ਚ ਨਵੀਂ ਰਾਜਸੀ ਚਰਚਾ ਛੇੜ ਦਿੱਤੀ ਹੈ। ਹਾਲਾਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀਜੀਆਈ ਵਿੱਚ ਜ਼ੇਰੇ ਇਲਾਜ ਹੋਣ ਕਾਰਨ ਇਨ੍ਹਾਂ ਸਮਾਗਮਾਂ ਵਿੱਚ ਸ਼ਮੂਲੀਅਤ ਨਹੀਂ ਕਰ ਸਕੇ।



ਮਹੱਤਵਪੂਰਨ ਤੱਥ ਇਹ ਹੈ ਕਿ ਅੱਜ ਤੋਂ ਪਹਿਲਾਂ ਪੂਰੇ ਮੁਲਕ ਵਿਚੋਂ ਸਿਰਫ਼ ਪੰਜਾਬ 'ਚ ਹੀ ਕਾਂਗਰਸ ਦੀ ਮੁਕੰਮਲ ਬਹੁਮਤ ਵਾਲੀ ਸਰਕਾਰ ਸੀ ਤੇ ਹੁਣ ਚਾਰ ਰਾਜਾਂ ਵਿੱਚ ਕਾਂਗਰਸ ਦੀ ਝੰਡੀ ਹੋ ਗਈ ਹੈ। ਚਾਰ ਸੂਬਿਆਂ ਵਿੱਚ ਕਾਂਗਰਸੀ ਸਰਕਾਰਾਂ ਬਣਨ ਨਾਲ ਪੰਜਾਬ ਦੀ ਸਿਆਸਤ ਉੱਤੇ ਵੀ ਅਸਰ ਪੈਣ ਦੀ ਸੰਭਾਵਨਾ ਹੈ ਤੇ ਹਾਈ ਕਮਾਨ ਪਹਿਲਾਂ ਨਾਲੋਂ ਜ਼ਿਆਦਾ ਪ੍ਰਭਾਵੀ ਸਾਬਿਤ ਹੋ ਸਕਦੀ ਹੈ। ਸੂਤਰਾਂ ਮੁਤਾਬਕ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਨਵਜੋਤ ਸਿੰਘ ਸਿੱਧੂ ਨੂੰ ਉਚੇਚੇ ਤੌਰ 'ਤੇ ਨਵੀਂ ਦਿੱਲੀ ਪਹੁੰਚਣ ਲਈ ਕਿਹਾ ਸੀ। ਉਨ੍ਹਾਂ ਨੂੰ ਉੱਥੋਂ ਹੀ ਯੂ.ਪੀ.ਏ. ਆਗੂਆਂ ਅਤੇ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਨਾਲ ਤਿੰਨਾਂ ਰਾਜਾਂ ਦੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਲਈ ਕਿਹਾ ਗਿਆ ਸੀ। ਕਾਂਗਰਸ ਦੇ ਸੀਨੀਅਰ ਆਗੂ ਵੀ ਸਿੱਧੂ ਵੱਲੋਂ ਇਨ੍ਹਾਂ ਰਾਜਾਂ ਵਿਚ ਕੀਤੇ ਚੋਣ ਪ੍ਰਚਾਰ ਦਾ ਪ੍ਰਭਾਵ ਕਬੂਲ ਰਹੇ ਹਨ। ਛੱਤੀਸਗੜ੍ਹ ਤੋਂ ਗੱਲਬਾਤ ਕਰਦਿਆਂ ਸਿੱਧੂ ਨੇ ਕਿਹਾ ਕਿ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੇ ਸੱਦੇ 'ਤੇ ਹੀ ਉਨ੍ਹਾਂ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ ਹੈ। ਇਸ ਸਾਰੇ ਘਟਨਾਕ੍ਰਮ ਤੋਂ ਹੁਣ ਸਿੱਧੂ ਦਾ ਸਿਆਸੀ ਕੱਦ ਹੋਰ ਉੱਚਾ ਹੋਣ ਦੀਆਂ ਕਿਆਸਰਾਈਆਂ ਲਾਈਆਂ ਜਾ ਰਹੀਆਂ ਹਨ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਾ ਭਗਵਾਂਕਰਨ

## *ਬਿਕਰਮੀ ਕੈਲੰਡਰ ਨੂੰ ਹੀ ਅਪਨਾ ਲਏ ਜਾਣ ਕਾਰਨ ਕਈ ਗੁਰਪੁਰਬਾਂ ਦੀਆਂ ਤਰੀਕਾਂ ਵਿਚ ਪਈ ਦੁਵਿਧਾ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਗੁਰੂ ਸਾਹਿਬਾਨ ਨਾਲ ਸਬੰਧਿਤ ਗੁਰਪੁਰਬਾਂ ਤੇ ਇਤਿਹਾਸਕ ਦਿਹਾੜਿਆਂ ਦੀਆਂ ਤਰੀਕਾਂ ਨਿਸ਼ਚਿਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪਹਿਲਾਂ ਸਾਲ 1999 ਤੇ ਫ਼ਿਰ ਕੁਝ ਸੋਧਾਂ ਉਪਰੰਤ ਸਾਲ 2003 'ਚ ਲਾਗੂ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ 'ਚ ਵਾਰ-ਵਾਰ ਸੋਧਾਂ ਕੀਤੇ ਜਾਣ ਤੇ ਅਖੀਰ ਇਸ ਦੀ ਥਾਂ ਬਿਕਰਮੀ ਕੈਲੰਡਰ ਨੂੰ ਹੀ ਅਪਨਾ ਲਏ ਜਾਣ ਕਾਰਨ ਕਈ ਗੁਰਪੁਰਬਾਂ ਦੀਆਂ ਤਰੀਕਾਂ ਸੰਗਤਾਂ ਨੂੰ ਦੁਬਿਧਾ 'ਚ ਪਾ ਰਹੀਆਂ ਹਨ । ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਗੱਲ ਕੀਤੀ ਜਾਵੇ ਤਾਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਦਿਹਾੜਾ 5 ਜਨਵਰੀ ਨੀਅਤ ਕੀਤਾ ਗਿਆ ਸੀ ਤੇ ਸਿੱਖ ਜਗਤ ਨੇ ਕੁਝ ਵਰੇ ਇਸੇ ਮਿਤੀ ਨੂੰ ਹੀ ਇਹ ਦਿਹਾੜਾ ਸ਼ਰਧਾ ਨਾਲ ਮਨਾਇਆ ਸੀ, ਪਰ ਬਾਦ 'ਚ ਸ਼੍ਰੋਮਣੀ ਕਮੇਟੀ ਵਲੋਂ ਬਿਕਰਮੀ ਕੈਲੰਡਰ ਅਪਨਾ ਲਏ ਜਾਣ ਕਾਰਨ ਦਸਵੇਂ ਪਾਤਸ਼ਾਹ ਦਾ 350 ਸਾਲਾ ਪ੍ਰਕਾਸ਼ ਪੁਰਬ ਸਿੱਖ ਸੰਗਤਾਂ ਨੇ ਸ੍ਰੀ ਪਟਨਾ ਸਾਹਿਬ ਦੀ ਧਰਤੀ 'ਤੇ ਸਾਲ 2017 'ਚ 5 ਜਨਵਰੀ ਨੂੰ ਮਨਾਇਆ ਸੀ ਤੇ ਮੁੜ ਇਸੇ ਸਾਲ ਹੀ 25 ਦਸੰਬਰ ਨੂੰ ਗੁਰੂ ਸਾਹਿਬ ਦਾ 351ਵਾਂ ਪ੍ਰਕਾਸ਼ ਪੁਰਬ ਵੀ ਮਨਾਇਆ ਗਿਆ, ਪਰ ਸਾਲ 2018 'ਚ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਆਇਆ ਹੀ ਨਹੀਂ, ਜਿਸ ਕਾਰਨ ਸੰਗਤਾਂ ਇਸ ਪੁਰਬ ਨੂੰ ਮਨਾ ਨਹੀਂ ਸਕੀਆਂ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਨਾਨਕਸ਼ਾਹੀ ਕੈਲੰਡਰ 2018-19 ਅਨੁਸਾਰ ਗੁਰੂ ਸਾਹਿਬ ਦਾ 352ਵਾਂ ਪ੍ਰਕਾਸ਼ ਪੁਰਬ ਅਗਲੇ ਵਰ੍ਹੇ 13 ਜਨਵਰੀ 2019 ਨੂੰ ਆ ਰਿਹਾ ਹੈ। ਇਸੇ ਦਿਨ 13 ਜਨਵਰੀ ਨੂੰ ਹੀ ਪੰਜਾਬੀਆਂ ਤੇ ਸਿੱਖ ਜਗਤ ਵੱਲੋਂ ਲੋਹੜੀ ਦਾ ਤਿਉਹਾਰ ਵੀ ਮਨਾਇਆ ਜਾਣਾ ਹੈ। ਸਮਝਿਆ ਜਾ ਰਿਹਾ ਹੈ ਕਿ 13 ਜਨਵਰੀ ਸਿੱਖ ਜਗਤ ਤੇ ਪੰਜਾਬੀਆਂ ਨੂੰ ਦੁਬਿਧਾ 'ਚ ਪਾਵੇਗੀ ?ਹੈਰਾਨੀ ਦੀ ਗਲ ਹੈ ਕਿ ਸਿਖ ਤਿਉਹਾਰ ਨੂੰ ਹਿੰਦੂ ਤਿਉਹਾਰ ਨਾਲ ਜੋੜਕੇ ਗੁਰਪੁਰਬ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਇਕ ਪਾਸੇ ਜਿਥੇ ਪ੍ਰਕਾਸ਼ ਪੁਰਬ ਸਬੰਧੀ 13 ਜਨਵਰੀ ਨੂੰ ਧਾਰਮਿਕ ਸਮਾਗਮ ਹੋਣਗੇ, ਉਥੇ ਦੂਜੇ ਪਾਸੇ ਇਸੇ ਦਿਨ ਲੋਹੜੀ ਦਾ ਤਿਉਹਾਰ ਹੋਣ ਕਾਰਨ ਲੋਕਾਂ ਵਲੋਂ ਰੱਖੇ ਗਏ ਖੁਸ਼ੀ ਦੇ ਨਿੱਜੀ ਸਮਾਗਮਾਂ 'ਚ 'ਖਾਣ ਪੀਣ' ਦੇ ਦੌਰ ਵੀ ਚੱਲਣਗੇ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਵਾਰ ਸਿੱਖ ਪੰਥ ਤੇ ਸਮੂਹ ਸੰਗਤਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 13 ਜਨਵਰੀ ਨੂੰ ਮਨਾਇਆ ਜਾਣਾ ਹੈ। ਜਦੋਂ ਇਸੇ ਦਿਨ ਹੀ ਲੋਹੜੀ ਦਾ ਤਿਉਹਾਰ ਹੋਣ ਕਾਰਨ ਪੈਦਾ ਹੋ ਰਹੀ ਦੁਬਿਧਾ ਬਾਰੇ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾ ਕਿਹਾ ਕਿ ਸੰਗਤਾਂ ਨੂੰ ਲੋਹੜੀ ਮੌਕੇ ਨਸ਼ਿਆਂ ਆਦਿ ਦੇ ਸੇਵਨ ਨੂੰ ਤਿਆਗ ਕੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸ਼ਰਧਾ ਤੇ ਉਤਸ਼ਾਹ ਸਹਿਤ ਮਨਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ।

# ਦਰਿਆਈ ਪਾਣੀਆਂ ਬਾਰੇ ਕੇਂਦਰ ਵੱਲੋਂ ਸੰਸਦ ਵਿਚ ਸੋਧ ਬਿੱਲ ਪੇਸ਼ ਕਰਨ ਦੀ ਤਿਆਰੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਕੇਂਦਰੀ ਜਲ ਸੋਮੇ ਤੇ ਨਦੀ ਵਿਕਾਸ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਲੋਕ ਸਭਾ 'ਚ ਪੇਸ਼ ਅੰਤਰ-ਰਾਜੀ ਨਦੀ ਜਲ ਵਿਵਾਦ ਸੋਧ ਬਿੱਲ 2017 'ਤੇ ਸੰਸਦੀ ਸਥਾਈ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਅਤੇ ਕਾਨੂੰਨ ਤੇ ਨਿਆਂ ਮੰਤਰਾਲੇ ਦੀ ਸਲਾਹ ਅਨੁਸਾਰ ਸੋਧਿਆ ਹੋਇਆ ਕੈਬਨਿਟ ਨੋਟ ਦਾ ਖਰੜਾ ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੰਤਰਾਲੇ ਨੇ ਨਦੀ ਬੋਰਡ ਐਕਟ 1956 'ਚ ਸੋਧ ਲਈ ਤੱਟ ਪ੍ਰਬੰਧਨ ਬਿੱਲ 2018 ਦਾ ਖਰੜਾ ਵੀ ਤਿਆਰ ਕੀਤਾ ਹੈ। ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚਾਲੇ ਵਧਦੇ ਜਲ ਵਿਵਾਦਾਂ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਅੰਤਰ-ਰਾਜੀ ਨਦੀ ਜਲ ਵਿਵਾਦ (ਸੋਧ) ਬਿੱਲ ਸੰਸਦ ਵਿਚ ਮੁੜ ਪੇਸ਼ ਕਰਨ ਦਾ ਇਰਾਦਾ ਕੀਤਾ ਹੈ ਤੇ ਸਥਾਈ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਅਧਿਕਾਰਤ ਸੋਧ ਸਬੰਧੀ ਕੈਬਨਿਟ ਨੋਟ ਤਿਆਰ ਕਰ ਲਿਆ ਹੈ। ਜ਼ਿਕਰਯੋਗ ਹੈ ਪੰਜਾਬ ਤੇ ਹਰਿਆਣਾ ਵਿਚਾਲੇ ਸਤਲੁਜ-ਯਮੁਨਾ ਲਿੰਕ ਨਹਿਰ (ਐੱਸਵਾਈਐੱਲ) ਵਿਵਾਦ ਦੀ ਤਰਾਂ ਦੇਸ਼ ਦੇ ਕਈ ਸੂਬਿਆਂ ਵਿਚਾਲੇ ਨਦੀਆਂ ਦੇ ਪਾਣੀਆਂ ਨੂੰ ਲੈ ਕੇ ਵਿਵਾਦ ਚੱਲ ਰਹੇ ਹਨ। ਮੰਤਰਾਲੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅੰਤਰ-ਰਾਜੀ



ਨਦੀ ਜਲ ਵਿਵਾਦਾਂ ਦੇ ਨਿਬੇੜੇ ਦੀ ਲੜੀ ਤਹਿਤ ਮੰਤਰਾਲੇ ਨੇ ਅੰਤਰ-ਰਾਜੀ ਨਦੀ ਜਲ ਵਿਵਾਦ ਐਕਟ 1956 ਨੂੰ ਸੋਧਦਿਆਂ ਪਿਛਲੇ ਸਾਲ ਮਾਰਚ 'ਚ ਲੋਕ ਸਭਾ ਅੰਦਰ ਅੰਤਰ-ਰਾਜੀ ਨਦੀ ਜਲ ਵਿਵਾਦ ਸੋਧ ਬਿੱਲ 2017 ਪੇਸ਼ ਕੀਤਾ ਸੀ। ਬਿੱਲ ਨੂੰ ਬਾਅਦ ਵਿੱਚ ਜਲ ਸੋਮੇ ਸਬੰਧੀ ਸਥਾਈ ਕਮੇਟੀ ਨੂੰ ਭੇਜਿਆ ਗਿਆ ਸੀ। ਸਥਾਈ ਕਮੇਟੀ ਨੇ ਅੰਤਰ-ਰਾਜੀ ਨਦੀ ਜਲ ਵਿਵਾਦ ਸੋਧ ਬਿੱਲ 2017 ਦੇ ਸਬੰਧ 'ਚ ਜਲ ਸੋਮਿਆਂ ਸਬੰਧੀ 19ਵੀਂ ਰਿਪੋਰਟ ਦੇ ਰੂਪ 'ਚ 11 ਅਗਸਤ 2017 ਨੂੰ ਆਪਣੀਆਂ ਸਿਫਾਰਸ਼ਾਂ ਪੇਸ਼ ਕੀਤੀਆਂ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਨਾਂ ਸਿਫਾਰਸ਼ਾਂ ਦੇ ਆਧਾਰ 'ਤੇ ਕਾਨੂੰਨ ਤੇ ਨਿਆਂ ਮੰਤਰਾਲੇ ਨਾਲ ਸਲਾਹ ਕਰਕੇ ਜਲ ਸੋਮੇ ਮੰਤਰਾਲੇ ਨੇ ਇਸ ਬਿੱਲ 'ਚ ਅਧਿਕਾਰਤ ਸੋਧ ਸਬੰਧੀ ਕੈਬਨਿਟ ਨੋਟ ਦਾ ਖਰੜਾ ਤਿਆਰ ਕੀਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਵਿਚਾਲੇ ਐੱਸਵਾਈਐੱਲ ਦੀ ਤਰਾਂ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਵਿਚਾਲੇ ਕ੍ਰਿਸ਼ਨਾ ਨਦੀ ਸਬੰਧੀ ਤੇ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼ ਤੇ ਉੜੀਸਾ ਵਿਚਾਲੇ ਗੋਦਾਵਰੀ ਨਦੀ ਅਤੇ ਕੁਝ ਸੂਬਿਆਂ ਵਿਚਾਲੇ ਨਰਮਦਾ ਨਦੀ ਨੂੰ ਲੈ ਸਮੱਸਿਆਵਾਂ ਹਨ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

# 34 ਸਾਲਾਂ ਬਾਅਦ ਵੀ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦੀ ਥਾਂ ਬੇਇਨਸਾਫੀ ਹੀ ਮਿਲੀ : ਏਜੀਪੀਸੀ

*ਸਫ਼ਾ ਇਕ ਦੀ ਬਾਕੀ*

ਬਣੇ ਮੁੱਖ ਦੋਸ਼ੀਆਂ 'ਚੋਂ ਸਿਰਫ਼ ਇਕ ਨੂੰ ਸਜ਼ਾ ਮਿਲਣਾ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣਾ ਹੈ। ਉਨਾਂ ਕਿਹਾ ਕਿ ਇੰਨਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਫ਼ਾਂਸੀ ਦੇ ਹੱਕਦਾਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਣਾ ਸਿੱਖ ਕਤਲੇਆਮ ਦੇ ਪੀੜਤਾਂ ਸਣੇ ਸਮੁੱਚੀ ਕੌਮ ਨਾਲ ਮਖੌਲ ਹੈ। ਏਜੀਪੀਸੀ ਦੇ ਪ੍ਰਧਾਨ ਸ:ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸਾਂਝੇ ਤੌਰ 'ਤੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਨ ਪਰ ਫ਼ਾਂਸੀ ਦੇ ਹੱਕਦਾਰ ਦੋਸ਼ੀਆਂ ਨੂੰ 34 ਸਾਲਾਂ ਦਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਨਾਮਾਤਰ ਸਜ਼ਾ ਦੇਣਾ ਪੀੜਤਾਂ ਨਾਲ ਮਜ਼ਾਕ ਕੀਤਾ ਗਿਆ ਹੈ। ਉਨਾਂ ਕਿਹਾ ਕਿ ਸਿੱਖ ਕਤਲੇਆਮ ਦੇ ਹੋਰਨਾਂ ਦੋਸ਼ੀਆਂ ਜਿਨਾਂ 'ਚ ਜਗਦੀਸ਼ ਟਾਈਟਲਰ ਵੀ ਸ਼ਾਮਿਲ ਹੈ, ਨੂੰ ਜਦੋਂ ਤੱਕ ਫ਼ਾਂਸੀ ਦੀ ਸਜ਼ਾ ਮੁਕੱਰਰ ਨਹੀਂ ਕੀਤੀ ਜਾਂਦੀ, ਤਦ ਤੱਕ ਸਿੱਖਾਂ ਦੇ ਹਿਰਦੇ ਸ਼ਾਂਤ ਨਹੀਂ ਹੋਣਗੇ।




ਏਜੀਪੀਸੀ ਆਗੂਆਂ ਨੇ ਕਿਹਾ ਕਿ ਭਾਰਤ 'ਚ ਲੰਬਾ ਸਮਾਂ ਕਾਂਗਰਸ ਸਰਕਾਰ ਸੱਤਾ 'ਚ ਰਹੀ ਹੈ, ਜਿਸਨੇ ਹਮੇਸ਼ਾਂ ਦੋਸ਼ੀਆਂ ਨਾਲ ਖਲੌਣ ਤੇ ਉਨਾਂ ਨੂੰ ਬਚਾਉਣ ਲਈ ਪੂਰੀ ਪੈਰਵਾਈ ਕੀਤੀ। ਉਨਾਂ ਕਿਹਾ ਕਿ ਕਈ ਵਾਰ ਸਰਕਾਰ ਬਣਾ ਚੁੱਕੀ ਕਾਂਗਰਸੀ ਸਰਕਾਰ ਨੇ ਕਦੇ ਵੀ ਸਿੱਖਾਂ ਨੂੰ ਇਨਸਾਫ਼ ਦਿਵਾਉਣ ਲਈ ਆਪਣੀ ਜਿੰਮੇਵਾਰੀ ਨੂੰ ਸਹੀ ਢੰਗ ਨਾਲ ਨਹੀਂ ਨਿਭਾਇਆ ਅਤੇ ਜਦ ਜਦ ਵੀ 1984 ਦੇ ਨਸਲਘਾਤ ਦੇ ਮੁਕੱਦਮਿਆਂ ਦੀ ਜਾਂਚ ਹੋਈ ਉਸ ਸਮੇਂ ਕਿਸੇ ਨਾ ਕਿਸੇ ਝੂਠੇ ਬਹਾਨੇ ਨਾਲ ਮੁਕੱਦਮਿਆਂ ਨੂੰ ਉਲਝਾਉਣ ਅਤੇ ਸਮਾਂ ਟਪਾਉਂਣ ਲਈ ਪੂਰੀ ਵਾਹ ਲਾਈ। ਉਨਾਂ ਕਿਹਾ ਕਿ ਕਾਂਗਰਸ ਸਰਕਾਰ ਕਾਂਗਰਸ ਦੇ ਵਡੇ ਆਗੂਆਂ ਨੇ 84 ਕਤਲੇਆਮ ਦੀ ਹੋ ਰਹੀ ਜਾਂਚ 'ਚ ਆਪਣੇ ਆਗੂਆਂ ਨੂੰ ਬਚਾਇਆ ਹੈ, ਜਿਸ ਕਰਕੇ ਸਿੱਖਾਂ ਨੂੰ ਨਿਆ ਨਹੀਂ ਮਿਲਿਆ। ਉਨਾਂ ਕਿਹਾ ਕਿ ਇਸ ਫ਼ੈਸਲੇ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਮਾਮੂਲੀ ਜਿਹੀ ਆਸ ਦੀ ਕਿਰਨ ਦਿੱਤੀ ਹੈ, ਕਿਉਂਕਿ ਇਹ ਮੁਕੱਦਮਾ ਦਿੱਲੀ ਛਾਉਣੀ ਦੇ ਇਕ ਪਰਿਵਾਰ ਦੇ 5 ਮੈਂਬਰਾਂ ਦੇ ਕਤਲ ਨਾਲ ਸਬੰਧਿਤ ਹੈ। ਉਨਾਂ ਨੇ ਇਸ ਗੱਲ 'ਤੇ ਆਸ ਪ੍ਰਗਟ ਕਰਦਿਆ ਕਿਹਾ ਕਿ ਸਿੱਖ ਕਤਲੇਆਮ 'ਚ ਸ਼ਾਮਿਲ ਹੋਰਨਾਂ ਵਿਅਕਤੀਆਂ ਨੂੰ ਜਲਦੀ ਹੀ ਉਨਾਂ ਦੇ ਭਿਆਨਕ ਅਤੇ ਘਿਨੌਣੇ ਕੰਮਾਂ ਲਈ ਅਦਾਲਤ ਫ਼ਾਂਸੀ ਦੀ ਸਜ਼ਾ ਮੁਕਰਰ ਕਰੇਗੀ, ਜਿਸ ਨਾਲ ਲੰਮੇਂ ਸਮੇਂ ਤੋਂ ਇਨਸਾਫ਼ ਲਈ ਜਦੋਂ-ਜਹਿਦ ਕਰ ਰਹੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਹਿਰਦੇ ਸ਼ਾਂਤ ਹੋਣਗੇ। ਏਜੀਪੀਸੀ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਜਿਹੜਾ ਇਹ ਬਿਆਨ ਆਇਆ ਹੈ ਕਿ ਨਵੰਬਰ 1984 ਵਿਚ ਸਿੱਖਾਂ ਦਾ ਜੋ ਨਸਲਘਾਤ ਹੋਇਆ ਸੀ, ਉਸ ਵਿਚ ਗਾਂਧੀ ਪਰਵਾਰ ਦਾ ਕੋਈ ਹੱਥ ਨਹੀਂ ਸੀ, ਉਹ ਬਿਲਕੁਲ ਝੂਠਾ ਬਿਆਨ ਹੈ ਤੇ ਗਾਂਧੀ ਪਰਵਾਰ ਦੀ ਝੂਠੀ ਚਾਪਲੂਸੀ ਨਾਲ ਭਰਪੂਰ ਹੈ, ਕਤਲੇਆਮ ਤਾਂ ਕਰਵਾਇਆ ਹੀ ਰਾਜੀਵ ਗਾਂਧੀ ਨੇ ਸੀ। ਰਾਜੀਵ ਗਾਂਧੀ ਨੇ ਇਹ ਕਿਹਾ ਸੀ ਕਿ ਜਦ ਵਡਾ ਦਰਖਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੈ। ਅਮਰਿੰਦਰ ਸਿੰਘ ਨੂੰ ਇਨੇ ਹੋਛੇਪਣ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੀਦਾ। ਬਹੁਤ ਨੀਵੇਂ ਪੱਧਰ ਉਤੇ ਜਾ ਕੇ ਸਿੱਖ ਨਸਲਕੁਸ਼ੀ ਦੀ ਹਮਾਇਤ ਕਰਨੀ ਮਨੁੱਖਤਾ ਪ੍ਰਤੀ ਵੱਡਾ ਅਪਰਾਧ ਹੈ।

# 'ਫੌਜੀ' ਅਮਰਿੰਦਰ ਦੀ ਨੀਂਦ ਉਡਾ ਰਹੇ ਨੇ 'ਪਾਕਿਸਤਾਨੀ ਸੁਪਨੇ'

## *ਕਹਿੰਦਾ : ਐੱਸਐੱਫਜੇ ਦੀ ਆਈਐੱਸਆਈ ਨਾਲ ਗੰਢਤੁੱਪ ਜ਼ਾਹਰ ਹੋਈ*

**ਚੰਡੀਗੜ੍ਹ/ਬਿਊਰੋ ਨਿਊਜ਼:**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਖਜ਼ ਫਾਰ ਜਸਟਿਸ (ਐੱਸਐੱਫਜੇ) ਵੱਲੋਂ ਪੰਜਾਬ ਨੂੰ ਭਾਰਤ ਤੋਂ 'ਆਜ਼ਾਦ' ਕਰਾਉਣ ਲਈ ਪਾਕਿਸਤਾਨ ਦੀ ਮਦਦ ਮੰਗਣ ਬਾਰੇ ਦਿੱਤੇ ਬਿਆਨ ਨਾਲ ਇਸ ਜਥੇਬੰਦੀ ਦੇ ਇਰਾਦਿਆਂ ਅਤੇ ਪਾਕਿਸਤਾਨੀ ਫ਼ੌਜ ਅਤੇ ਆਈਐੱਸਆਈ ਨਾਲ ਗੰਢਤੁੱਪ ਦਾ ਪਰਦਾਫਾਸ਼ ਹੋ ਗਿਆ ਹੈ। ਗੁਰਪਤਵੰਤ ਸਿੰਘ ਪੰਨੂ ਦੇ ਇੱਕ ਬਿਆਨ 'ਤੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਇਹ ਹੁਣ ਪ੍ਰਤੱਖ ਰੂਪ ਵਿੱਚ ਸਾਹਮਣੇ ਆਇਆ ਹੈ ਕਿ ਐੱਸਐੱਫਜੇ ਵੱਲੋਂ ਪਾਕਿਸਤਾਨੀ ਫ਼ੌਜ ਅਤੇ ਆਈਐੱਸਆਈ ਦੇ ਸਮਰਥਨ ਨਾਲ ਭਾਰਤੀ ਪੰਜਾਬ ਵਿੱਚ ਗੜਬੜ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਐੱਸਐੱਫਜੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਕਰਤਾਰਪੁਰ ਕਨਵੈਨਸ਼ਨ-2019' ਕਰਵਾਉਣ ਦੀ ਯੋਜਨਾ 'ਤੇ ਵੀ ਸਖ਼ਤ ਪ੍ਰਤੀਕਿਰਿਆ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫੈਸਲਾ ਐੱਸਐੱਫਜੇ ਸਮੇਤ ਭਾਰਤ ਵਿਰੋਧੀ ਤਾਕਤਾਂ ਦੀ ਮਦਦ ਕਰਨ ਬਾਰੇ ਆਈਐੱਸਆਈ ਦੀ ਸਾਜ਼ਿਸ਼ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਇੱਕ ਵਾਰ ਮੁੜ ਸਿੱਧ ਹੋ ਗਿਆ ਹੈ ਕਿ ਪਾਕਿਸਤਾਨ ਸਰਕਾਰ ਕਠਪੁਤਲੀ ਸ਼ਾਸਨ ਵਾਂਗ ਹਮੇਸ਼ਾ ਹੀ ਉੱਥੋਂ ਦੀ ਫ਼ੌਜ ਦੇ ਇਸ਼ਾਰੇ 'ਤੇ ਕੰਮ ਕਰਦੀ ਰਹੀ ਹੈ।

ਉਨ੍ਹਾਂ ਕਿਹਾ ਕਿ ਉਹ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਦੀ ਪੂਰਤੀ ਲਈ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਪੂਰੀ ਤਰ੍ਹਾਂ ਹੱਕ ਵਿੱਚ ਹਨ, ਪਰ ਉਹ ਇਸ ਉਪਰਾਲੇ ਦੀ ਦੁਰਵਰਤੋਂ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਸੱਚੇ ਦਿਲੋਂ ਇਸ ਲਾਂਘੇ ਰਾਹੀਂ ਭਾਰਤ ਨਾਲ ਸ਼ਾਂਤੀ ਦੇ ਦਰਵਾਜ਼ੇ ਖੋਲ੍ਹਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਨਾ ਸਿਰਫ਼ ਐੱਸਐੱਫਜੇ ਦੇ ਬਿਆਨ ਦੀ ਸਪੱਸ਼ਟ ਨਿੰਦਾ ਕਰਨੀ ਚਾਹੀਦੀ ਹੈ ਸਗੋਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਾਰਤ ਵਿਰੋਧੀ ਵੱਖਵਾਦੀ ਤਾਕਤ ਆਪਣੀ ਮੁਹਿੰਮ ਚਲਾਉਣ ਲਈ ਪਾਕਿਸਤਾਨ ਦੀ ਧਰਤੀ ਦੀ ਵਰਤੋਂ ਨਾ ਕਰੇ। ਉਨ੍ਹਾਂ ਪਾਕਿਸਤਾਨੀ ਨੇਤਾ ਨੂੰ 'ਕਰਤਾਰਪੁਰ ਸਾਹਿਬ ਕਨਵੈਨਸ਼ਨ-2019' ਕਰਵਾਉਣ ਤੋਂ ਵੀ ਰੋਕਣ ਲਈ ਆਖਿਆ।



### *'ਸਮੁੱਚਾ ਮਾਮਲਾ ਪਾਕਿਸਤਾਨੀ ਫ਼ੌਜ ਦੀ ਵੱਡੀ ਸਾਜ਼ਿਸ਼ ਦਾ ਹਿੱਸਾ'*

ਇਸ ਮਾਮਲੇ 'ਤੇ ਆਪਣੇ ਸਟੈਂਡ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਸਮੁੱਚਾ ਮਾਮਲਾ ਪਾਕਿਸਤਾਨੀ ਫ਼ੌਜ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਹੈ ਜੋ ਪੰਜਾਬ ਵਿੱਚ ਅਤਿਵਾਦ ਨੂੰ ਮੁੜ ਸੁਰਜੀਤ ਕਰਨ ਦੇ ਲਗਾਤਾਰ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਪਾਕਿਸਤਾਨ ਨੂੰ ਸੂਬੇ ਦੀ ਸ਼ਾਂਤੀ 'ਚ ਵਿਘਨ ਪਾਉਣ ਲਈ ਪੱਬਾਂ ਭਾਰ ਹੋਈਆਂ ਫਿਰਦੀਆਂ ਐੱਸਐੱਫਜੇ ਜਾਂ ਕਿਸੇ ਹੋਰ ਵੱਖਵਾਦੀ ਤਾਕਤਾਂ ਨੂੰ ਸਮਰਥਨ ਦੇਣ ਵਿਰੁੱਧ ਚਿਤਾਵਨੀ ਵੀ ਦਿੱਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਨੂੰ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ ਦੀ ਭਾਰਤ ਵਿਰੋਧੀ ਤਾਕਤਾਂ ਵੱਲੋਂ ਵਰਤੋਂ ਕਰਨ ਦੀ ਇਜਾਜ਼ਤ ਦਿੱਤੇ ਬਿਨਾਂ ਦੋਵਾਂ ਮੁਲਕਾਂ ਦਰਮਿਆਨ ਸੱਚੀ ਭਾਵਨਾ ਨਾਲ ਅਮਨ ਦਾ ਪੁਲ ਕਾਇਮ ਕੀਤਾ ਜਾਵੇ। ਉਨ੍ਹਾਂ ਇੱਕ ਵਾਰ ਫਿਰ ਕਰਤਾਰਪੁਰ ਲਾਂਘੇ ਨੂੰ ਦੋਵਾਂ ਮੁਲਕਾਂ ਦਰਮਿਆਨ ਵਖਰੇਵਿਆਂ ਨੂੰ ਮਿਟਾਉਣ ਲਈ ਇੱਕ ਮਹਾਨ ਮੌਕਾ ਦੱਸਦਿਆਂ ਇਸ ਦੀ ਸ਼ਲਾਘਾ ਕੀਤੀ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਗੈਰੀ ਸਿੰਘ ਬਣੇ ਯੂਨੀਅਨ ਸਿਟੀ ਦੇ ਡਿਪਟੀ ਮੇਅਰ

## *ਸਮੁੱਚੇ ਪੰਜਾਬੀ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ, ਵਧਾਈਆਂ ਦੇਣ ਵਾਲਿਆਂ ਦਾ ਲੱਗਾ ਤਾਂਤਾ*

**ਯੂਨੀਅਨ ਸਿਟੀ/ਬਿਊਰੋ ਨਿਊਜ਼ :** ਪੰਜਾਬੀ ਭਾਈਚਾਰੇ ਵਿਚ ਬੇਹੱਦ ਸਤਿਕਾਰ ਰੱਖਣ ਵਾਲੇ ਗੈਰੀ ਸਿੰਘ ਨੂੰ ਬੇਏਰੀਆ ਦੇ ਨਾਮੀ ਸ਼ਹਿਰ ਯੂਨੀਅਨ ਸਿਟੀ ਦਾ ਡਿਪਟੀ ਮੇਅਰ ਚੁਣ ਲਿਆ ਗਿਆ ਹੈ। ਸਿਟੀ ਮੇਅਰ ਕਾਰਲ ਲੂਤਰਾ ਵਰਨਾਕੀ ਨੇ ਗੈਰੀ ਸਿੰਘ ਦੀਆਂ ਸੇਵਾਵਾਂ ਦੀ ਪ੍ਰਸ਼ੰਸ਼ਾ ਕਰਦਿਆਂ ਉਨਾਂ ਨੂੰ ਇਹ ਮਾਣ ਬਖਸ਼ਿਆ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਸੰਨ 1993 ਤੋਂ ਕਮਿਊਨਿਟੀ ਸੇਵਾਵਾਂ ਨਿਭਾਉਂਦੇ ਆ ਰਹੇ ਗੈਰੀ ਸਿੰਘ ਨੇ ਇੱਥੇ ਆ ਕੇ ਆਪਣੇ



ਕਾਰੋਬਾਰ ਨੂੰ ਪ੍ਰਫੁੱਲਤ ਕੀਤਾ 'ਤੇ ਨਾਲ ਨਾਲ ਅਮਰੀਕਨ ਰਾਜਨੀਤੀ ਵਿਚ ਵੀ ਦਿਲਚਸਪੀ ਬਣਾਈ ਰੱਖੀ। ਇਹੀ ਕਾਰਨ ਸੀ ਕਿ ਉਨਾਂ ਨੂੰ ਸੰਨ 2006-2014 ਤੱਕ ਪਲੈਨਿੰਗ ਕਮਿਸ਼ਨਰ ਚੁਣ ਲਿਆ ਗਿਆ ਸੀ। ਉਹ ਗੁਰਦੁਆਰਾ ਸਾਹਿਬ ਫਰੀਮਾਂਟ ਲਈ ਵੀ ਸਰਗਰਮ ਸੇਵਾਵਾਂ ਨਿਭਾਉਂਦੇ ਰਹੇ। ਯੂਨੀਅਨ ਸਿਟੀ ਯੂਥ ਐਂਡ ਫੈਮਿਲੀ ਸਰਵਿਸਜ਼ ਲਈ ਵਲੰਟਰੀ ਸੇਵਾ ਨਿਭਾਉਂਦਿਆਂ ਗੈਰੀ ਸਿੰਘ ਦਾ ਪੰਜਾਬੀ ਭਾਈਚਾਰੇ 'ਚ ਹੀ ਨਹੀਂ ਸਗੋਂ ਸਮੁੱਚੇ ਅਮਰੀਕਨ ਲੋਕਾਂ 'ਚ ਬੇਹੱਦ ਸਤਿਕਾਰ ਬਣਦਾ ਗਿਆ। ਉਹ ਬੋਰਡ ਮੈਂਬਰ ਆਫ ਯੂਨੀਅਨ ਸਿਟੀ ਫਰੈਂਡਸ ਆਫ ਸਿਸਟਰਸ ਸਿਟੀਜ਼ ਵੱਜੋਂ 2010 ਤੋਂ ਹੁਣ ਤੱਕ ਸੇਵਾ ਨਿਭਾਅ ਰਹੇ ਹਨ। ਉਹ ਸੰਨ 2013 ਤੋਂ 2015 ਤੱਕ ਰੋਟਰੀ ਇੰਟਰਨੈਸ਼ਨਲ ਦੇ ਮੈਂਬਰ ਵੀ ਰਹੇ ਅਤੇ ਤਕਰੀਬਨ ਪੰਜਾਹ ਹਜ਼ਾਰ ਡਾਲਰ ਇੰਡੀਆ ਅਤੇ ਨੇਪਾਲ 'ਚ ਭੂਚਾਲ ਪੀੜਤਾਂ ਦੀ ਮਦਦ ਲਈ ਦੇ ਚੁੱਕੇ ਹਨ। ਸਿਟੀ ਕੌਂਸਲ ਮੈਂਬਰ ਵਜੋਂ ਉਨਾਂ ਦੀਆਂ ਸੇਵਾਵਾਂ ਨੂੰ ਹਮੇਸ਼ਾ ਸਲਾਹਿਆ ਜਾਂਦਾ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਗੈਰੀ ਸਿੰਘ ਨੂੰ ਡਿਪਟੀ ਮੇਅਰ ਦੇ ਅਹੁਦੇ ਤੱਕ ਪਹੁੰਚਣ ਦਾ ਮਾਣ ਪ੍ਰਾਪਤ ਹੋਇਆ ਹੈ। ਰਾਜਾ ਸਵੀਟਸ ਦੇ ਸ. ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ, ਉੱਘੇ ਕਾਰੋਬਾਰੀ ਸ. ਅਮੋਲਕ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਬੇਏਰੀਆ ਸਪੋਰਟਸ ਕਲੱਬ ਦੇ ਬਲਜੀਤ ਸਿੰਘ ਸੰਧੂ, ਸਹਾਇਤਾ ਸੰਸਥਾ ਦੇ ਸਰੂਪ ਸਿੰਘ ਝੱਜ, ਲੇਖਕ ਤੇ ਪੱਤਰਕਾਰ ਐੱਸ.ਅਸ਼ੋਕ ਭੌਰਾ ਅਤੇ ਹੋਰ ਪੰਜਾਬੀ ਭਾਈਚਾਰੇ ਦੀਆਂ ਨਾਮੀ ਗਰਾਮੀ ਹਸਤੀਆਂ ਨੇ ਗੈਰੀ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ ਹਨ ਅਤੇ ਆਸ ਪ੍ਰਗਟਾਈ ਹੈ ਕਿ ਗੈਰੀ ਸਿੰਘ ਡਿਪਟੀ ਮੇਅਰ ਵਜੋਂ ਵੀ ਆਪਣੀਆਂ ਸੇਵਾਵਾਂ ਨੂੰ ਯਾਦਗਾਰੀ ਤੇ ਇਤਿਹਾਸਕ ਬਣਾਉਣਗੇ।

# ਪੰਜਾਬੀ ਐਸੋਸੀਏਸ਼ਨ ਹਸਦਾ ਪੰਜਾਬ ਵਲੋਂ ਸਨਮਾਨ ਸਮਾਰੋਹ




ਡੈਲਸ/ਹਰਜੀਤ ਸਿੰਘ ਢੇਸੀ : ਲੰਘੇ ਸਨਿਚਰਵਾਰ ਦੀ ਸ਼ਾਮ ਨੂੰ ਪੰਜਾਬੀ ਐਸੋਸੀਏਸ਼ਨ 'ਹਸਦਾ ਪੰਜਾਬ' ਵਲੋਂ ਵੱਖਰੇ-ਵੱਖਰੇ ਤਰੀਕਿਆਂ ਨਾਲ ਸਮਾਜ ਦੀ ਬਿਹਤਰੀ ਵਿਚ ਮੀਡੀਆ ਰਾਹੀਂ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। 'ਹਸਦਾ ਪੰਜਾਬ' ਦੀ ਸਾਰੀ ਟੀਮ ਜਿਨਾਂ ਵਿਚ ਵਿਸ਼ੇਸ਼ ਤੌਰ 'ਤੇ ਮਨਜੀਤ ਸਹੋਤਾ, ਮਨਧੀਰ ਬੱਲ, ਸੀਤਲ ਸਿੰਘ, ਕਰਨੈਲ ਸਿੰਘ, ਨਿਰਭੈ ਬੈਨੀਪਾਲ, ਅਮਰੀਕ ਸਿੰਘ, ਪਰਪਾਲ ਮੱਲੀ, ਗੁਰਸ਼ਰਨ ਬਗਲੀ, ਕੁਲਜੀਤ ਚੀਮਾ, ਦਲਵਿੰਦਰ ਖਟੜਾ ਅਤੇ ਅਜਮੇਰ ਸਿੰਘ ਸ਼ਾਮਲ ਸਨ, ਦੇ ਨਾਲ ਹੀ ਡੈਲਸ ਫੋਰਟ ਵਰਥ ਦੀ ਸਪੋਰਟਸ ਕਲੱਬ ਨੂੰ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿਚ ਸੱਦਾ ਦਿੱਤਾ ਗਿਆ। ਇਨਾਂ ਵਿਚ ਸਪੋਰਟਸ ਕਲੱਬ ਦੇ ਮੈਂਬਰ ਸੋਨੂੰ ਢਿੱਲੋਂ, ਰਜਿੰਦਰ ਸਿੰਘ ਸਿੱਧੂ, ਗੁਰਮੇਲ ਸਿੰਘ ਢੇਸੀ, ਗੁਰਮੇਲ ਸਿੰਘ ਸੂਚ, ਮਹਿੰਦਰ ਮਸਿਆਣਾ, ਪੈਨੀ ਸਿੱਧੂ, ਸਰਬਜੀਤ ਸਿੰਘ ਗਿੱਲ, ਸਨਦੀਪ ਕੰਗ, ਜੁਗਰਾਜ ਸਿੰਘ, ਸੁਨੀਲ ਕੁਮਾਰ, ਰਾਜੂ ਹੀਰ, ਤਜਿੰਦਰ ਸਿੰਘ ਮਾਨ, ਗੁਰਿੰਦਰ ਸਿੰਘ, ਜੱਸੀ ਚਾਹਲ, ਜਗਤਾਰ ਸਿੰਘ, ਬੱਬੀ, ਜੋਗਾ ਸੰਧੂ ਅਤੇ ਨਵੇਂ ਮੈਂਬਰ ਹਰਭਜਨ ਸਿੰਘ ਨਿੱਜਰ, ਪਰਦੀਪ ਗਰਚਾ ਅਤੇ ਅਜੀਤਪਾਲ ਤੂਰ ਨੂੰ ਵੀ ਜੀ 'ਆਇਆਂ ਨੂੰ' ਕਿਹਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਤਕਰੀਬਨ 7 ਵਜੇ ਹੋਈ। ਸਭ ਤੋਂ ਪਹਿਲਾਂ ਮਨਜੀਤ ਸਹੋਤਾ ਨੇ ਸਾਰੇ ਆਏ ਹੋਏ ਮੈਂਬਰਾਂ ਅਤੇ ਡੈਲਸ ਫੋਰਟ ਵਰਥ ਦੀਆਂ ਮਹਾਨ ਸ਼ਖਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ 'ਹਸਦਾ ਪੰਜਾਬ' ਵਲੋਂ ਸਾਲ 2018 ਵਿਚ ਕਰਵਾਏ ਗਏ ਪ੍ਰੋਗਰਾਮਾਂ ਬਾਰੇ ਇਕ ਝਾਤ ਪੁਆਈ ਅਤੇ ਸਾਲ 2019 ਦੇ ਹੋਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਸ ਤੋਂ ਬਾਅਦ ਸਟੇਜ ਉਪਰ ਮਨਧੀਰ ਬੱਲ ਨੂੰ ਆਉਣ ਲਈ ਸੱਦਾ ਦਿੱਤਾ। ਉਨਾਂ ਮੀਡੀਆ ਵਿਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਸ਼ਖਸੀਅਤਾਂ ਬਾਰੇ ਜਾਣਕਾਰੀ ਦਿੱਤੀ। ਸਭ ਤੋਂ ਪਹਿਲਾਂ ਗੁਰਿੰਦਰ ਸਿੰਘ ਮੋਰੋ ਬਾਰੇ ਦੱਸਿਆ ਕਿ ਕੋਈ ਵੀ ਪ੍ਰੋਗਰਾਮ ਡੈਲਸ ਫੋਰਟਵਰਥ ਵਿਚ ਹੋਵੇ, ਉਸ ਨੂੰ ਲਾਈਵ ਟੈਲੀਕਾਸਟ ਕਰਦੇ ਹਨ। ਉਨਾਂ ਦੇ ਇਸ ਯੋਗਦਾਨ ਲਈ ਉਨਾਂ ਨੂੰ ਸਨਮਾਨਤ ਕੀਤਾ ਗਿਆ। ਉਸ ਤੋਂ ਬਾਅਦ ਜਸਵੀਰ ਸਿੰਘ, ਨਰਿੰਦਰ ਸਿੰਘ ਅਤੇ ਅਮਰਜੀਤ ਸਿੰਘ ਜੋ ਕਿ ਰੇਡੀਓ 'ਆਪਣਾ ਪੰਜਾਬ' ਰਾਹੀਂ ਆਪਣਾ ਯੋਗਦਾਨ ਪਾਉਂਦੇ ਹਨ, ਉਨਾਂ ਦੇ ਇਸ ਯੋਗਦਾਨ ਲਈ ਸਨਮਾਨਤ ਕੀਤਾ। ਸ. ਸੁਖਵਿੰਦਰ ਸਿੰਘ ਜੋ ਕਿ ਧਾਰਮਿਕ ਖੇਤਰ ਵਿਚ ਟੀ ਵੀ ਵੋਕ ਰਾਹੀਂ ਆਪਣਾ ਯੋਗਦਾਨ ਪਾਉਂਦੇ ਹਨ, ਦੀਆਂ ਇਨਾਂ ਸੇਵਾਵਾਂ ਲਈ ਉਨਾਂ ਨੂੰ ਸਨਮਾਨਤ ਕੀਤਾ। ਪਰਮਿੰਦਰ ਸੰਘੇੜਾ, ਜੋ ਕਿ ਟੀਵੀ ਦੇ ਵੱਖਰੇ ਵੱਖਰੇ ਚੈਨਲਾਂ ਨਾਲ ਕੰਮ ਕਰਦੇ ਹਨ, ਉਨਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਕਿਹਊਸਟਲ ਤੋਂ ਆਏ ਜਸਵੀਰ ਸਿੰਘ ਜੱਸੀ ਨੂੰ ਟੀਵੀ ਈਟੀਸੀ ਅਤੇ ਗਲੋਬਲ ਪੰਜਾਬ ਵਲੋਂ ਪਾਏ ਯੋਗਦਾਨ ਲਈ ਸਨਮਾਨਤ ਕੀਤਾ ਗਿਆ। 'ਹਸਦਾ ਪੰਜਾਬ' ਦੇ ਰੇਡੀਓ ਹੋਸਟ ਰਾਜਾ ਸਿੰਘ ਨਿੱਜਰ ਨੂੰ ਉਨਾਂ ਦੇ ਪਾਏ ਯੋਗਦਾਨ ਲਈ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ ਦਿੱਤਾ ਗਿਆ। ਡੈਲਸ ਵਿਚ ਹਰਜੀਤ ਸਿੰਘ ਢੇਸੀ ਪੰਜਾਬੀ ਦੇ ਵੱਖਰੇ ਵੱਖਰੇ ਨਿਊਜ਼ ਪੇਪਰਾਂ ਲਈ ਕੰਮ ਕਰਦੇ ਹਨ। ਉਨਾਂ ਨੂੰ ਕੀਤੀਆਂ ਸੇਵਾਵਾਂ ਲਈ ਸਨਮਾਨ ਦੇ ਕੇ ਧੰਨਵਾਦ ਕੀਤਾ ਗਿਆ। ਮੀਡੀਆ ਦੇ ਸਾਰੇ ਹੀ ਮੈਂਬਰਾਂ ਜਿਨਾਂ ਨੂੰ ਇਸ ਸਮਾਗਮ ਵਿਚ ਸਨਮਾਨਤ ਕੀਤਾ ਗਿਆ, ਉਨਾਂ ਨੇ ਹਸਦਾ ਪੰਜਾਬ ਐਸੋਸੀਏਸ਼ਨ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਉਨਾਂ ਨੇ ਕਿਹਾ ਕਿ ਇਸ ਸ਼ਲਾਘਾਯੋਗ ਕਦਮ ਲਈ ਮੀਡੀਆ ਉਨਾਂ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਇਸ ਤਰਾਂ ਹੀ ਕਮਿਊਨਿਟੀ ਦੀ ਸੇਵਾ ਕਰਦਾ ਰਹੇਗਾ। ਇਸ ਸਨਮਾਨ ਸਮਾਰੋਹ ਵਿਚ ਅੰਗਰੇਜ਼ ਸਿੰਘ, ਮਨਜੀਤ ਨਿੱਜਰ, ਲਾਲੀ ਸੰਧੂ, ਰਾਜਾ ਸੰਧੂ, ਦਲਜੀਤ ਸਿੱਧੂ, ਹਰਦੇਵ, ਹਰਜੀਤ ਬਗਲੀ, ਕਿੰਦਾ ਜੌਹਲ, ਟਹਿਲ ਸਿੰਘ ਦਿਓਲ, ਗੁਰਦਾਵਰ ਸਿੰਘ, ਸਤਪਾਲ ਸਰਾਏ, ਬੌਬੀ ਭੰਗੂ, ਹਰਜੀਤ ਰੰਧਾਵਾ ਵੀ ਹਾਜ਼ਰ ਹੋਏ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਨਵਾਂ ਅਕਾਲੀ ਦਲ ਕਾਂਗਰਸ ਦੀ 'ਬੀ' ਟੀਮ: ਚੀਮਾ

ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਵੱਲੋਂ ਨਵੀਂ ਬਣਾਈ ਪਾਰਟੀ ਨੂੰ ਕਾਂਗਰਸ ਦੀ 'ਬੀ' ਟੀਮ ਅਤੇ ਬੇਟਿਆਂ ਦੀ ਪਾਰਟੀ ਦਾ ਨਾਂ ਦਿੱਤਾ ਹੈ। ਡਾ. ਚੀਮਾ ਨੇ ਕਿਹਾ ਕਿ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਰਤਨ ਸਿੰਘ ਅਜਨਾਲਾ ਨੇ ਇਹ ਦਰਸਾ ਕੇ ਪਾਪ ਕੀਤਾ ਹੈ ਕਿ ਸੰਗਰਾਂਦ ਦੇ ਪਵਿੱਤਰ ਦਿਹਾੜੇ ਉੱਤੇ ਸ੍ਰੀ ਦਰਬਾਰ ਸਾਹਿਬ 'ਚ ਹਾਜ਼ਰੀ ਭਰਨ ਲਈ ਇਕੱਤਰ ਹੋਏ ਸ਼ਰਧਾਲੂ ਉਨ੍ਹਾਂ ਦੇ ਹਮਾਇਤੀ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮੌਕਿਆਂ ਉੱਤੇ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤ ਦੀ ਆਮਦ ਦੁੱਗਣੀ ਹੋ ਜਾਂਦੀ ਹੈ। ਇਨ੍ਹਾਂ ਤੱਥਾਂ ਦੀ ਰੌਸ਼ਨੀ ਵਿੱਚ ਸ਼ਰਧਾਲੂਆਂ ਨੂੰ ਸਮਰਥਕਾਂ ਵਜੋਂ ਵਿਖਾਉਣ ਵਾਲੀਆਂ ਤਸਵੀਰਾਂ ਜਾਰੀ ਕਰਨਾ ਸਾਬਤ ਕਰਦਾ ਹੈ ਕਿ ਇਸ ਜੁੰਡਲੀ ਲਈ ਕੁਝ ਵੀ ਪਵਿੱਤਰ ਨਹੀਂ ਹੈ।

# ਟਕਸਾਲੀ ਅਕਾਲੀ ਦਲ ਬਣਨ ਪਿੱਛੋਂ ਸੁਖਬੀਰ ਨੂੰ ਜਾਗਿਆ ਵਰਕਰਾਂ ਦਾ ਮੋਹ

ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਟਕਸਾਲੀ ਅਕਾਲੀਆਂ ਵੱਲੋਂ ਸਮਾਨਾਂਤਰ ਪਾਰਟੀ 'ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਬਣਾਉਣ ਦੇ ਇੱਕ ਦਿਨ ਬਾਅਦ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉੱਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜ਼ਮੀਨ 'ਤੇ ਉੱਤਰੇ ਅਤੇ ਧਰਤੀ ਨਾਲ ਜੁੜੇ ਵਿਖਾਈ ਦਿੱਤੇ। ਉਨ੍ਹਾਂ ਸੰਗਰੂਰ 'ਚ ਵੱਖ-ਵੱਖਰੇ ਹਲਕਿਆਂ ਦੇ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰਨੀਆਂ ਸ਼ੁਰੂ ਕੀਤੀਆਂ। ਉਹ ਆਮ ਪਾਰਟੀ ਵਰਕਰਾਂ ਨਾਲ ਵੀ ਬਿਲਕੁਲ ਦੋਸਤਾਂ ਵਾਂਗ ਹੀ ਮਿਲ ਰਹੇ ਸਨ। ਬਾਦਲ ਨੇ ਸੰਗਰੂਰ ਜ਼ਿਲ੍ਹੇ ਨਾਲ ਜੁੜੇ ਸੱਤ ਵਿਧਾਨ ਸਭਾ ਹਲਕਿਆਂ ਦੇ ਪਾਰਟੀ ਵਰਕਰਾਂ ਨਾਲ ਮੁਲਾਕਾਤਾਂ ਕੀਤੀਆਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ



ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਉਨ੍ਹਾਂ ਨੇ ਪਾਰਟੀ ਕਾਰਕੁੰਨਾਂ ਦੀਆਂ ਸਾਰੀਆਂ ਸ਼ਿਕਾਇਤਾਂ ਸੁਣੀਆਂ ਹਨ ਤੇ ਇਸ ਨਾਲ ਪਾਰਟੀ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਸਾਰੇ ਹਲਕਿਆਂ 'ਚ ਇੰਝ ਹੀ ਪਾਰਟੀ ਕਾਰਕੁੰਨਾਂ ਨਾਲ ਗੱਲਬਾਤ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਆਗੂਆਂ 'ਤੇ ਵਰ੍ਹਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ 'ਚ ਵਾਪਸ ਲੈਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।'ਬਹੁਤ ਸਾਰੇ ਲੋਕਾਂ ਨੇ ਪਹਿਲਾਂ ਵੀ ਕਿੰਨੇ ਹੀ ਅਕਾਲੀ ਦਲ ਬਣਾ ਲਏ ਹਨ ਪਰ ਇਤਿਹਾਸਕ ਪਾਰਟੀ ਇੱਕੋ ਸ਼੍ਰੋਮਣੀ ਅਕਾਲੀ ਦਲ ਹੀ ਹੈ ਤੇ ਲੋਕ ਸਾਡੇ ਅਕਾਲੀ ਦਲ ਨੂੰ ਹੀ ਹਮਾਇਤ ਦੇਣਗੇ। ਛੇਤੀ ਹੀ ਸ਼੍ਰੋਮਣੀ ਅਕਾਲੀ ਦਲ ਵੀ ਇੱਕ ਮਜ਼ਬੂਤ ਪਾਰਟੀ ਵਜੋਂ ਉੱਭਰੇਗੀ।'

## ਸਰਬੱਤ ਦੇ ਭਲੇ ਲਈ ਕੰਮ ਕਰਾਂਗੇ-ਜਥੇਦਾਰ ਬ੍ਰਹਮਪੁਰਾ

ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪਿਛਲੇ 60 ਵਰ੍ਹਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਹਨ ਤੇ ਪਾਰਟੀ ਵਲੋਂ ਲਗਾਏ ਮੋਰਚਿਆਂ 'ਚ ਜੇਲ੍ਹਾਂ ਵੀ ਕੱਟੀਆਂ ਹਨ ? ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਪਿਛਲੇ ਸਮੇਂ 'ਚ ਬਹੁਤ ਗਲਤੀਆਂ ਕੀਤੀਆਂ, ਜਿਸ ਦਾ ਉਹ ਵਿਰੋਧ ਕਰਦੇ ਰਹੇ ਪਰ ਜਦੋਂ ਪਾਣੀ ਸਿਰ ਤੋਂ ਲੰਘ ਗਿਆ ਤਾਂ ਫ਼ਿਰ ਸੰਗਤਾਂ ਕੋਲ ਪੁੱਜੇ ਹਾਂ ? ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਕਬਜ਼ਾ ਕੀਤਾ ਹੋਇਆ ਹੈ ? ਉਨ੍ਹਾਂ ਕਿਹਾ ਕਿ 1920 ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਾਂ ਨੂੰ ਲਾਗੂ ਕੀਤਾ ਜਾਵੇਗਾ ਤੇ ਨਵਾਂ ਅਕਾਲੀ ਦਲ ਇਕ ਧਰਮ ਨਿਰਪੱਖ ਸਿਆਸੀ ਪਾਰਟੀ ਹੋਵੇਗੀ ਤੇ ਗਰੀਬ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਦੇ ਹੱਕਾਂ ਦੀ ਗੱਲ ਕੀਤੀ ਜਾਵੇਗੀ ? ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਸ਼੍ਰੋਮਣੀ ਕਮੇਟੀ ਦੀਆਂ ਆ ਰਹੀਆਂ ਚੋਣਾਂ ਲਈ ਹੁਣ ਤੋਂ ਹੀ ਮੁਹਿੰਮ ਆਰੰਭ ਕੀਤੀ ਜਾ ਰਹੀ ਹੈ ਤੇ ਪਾਰਟੀ ਲਈ ਮੈਂਬਰਸ਼ਿਪ ਮੁਹਿੰਮ ਵੀ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਪਿੰਡ-ਪਿੰਡ ਜਾ ਕੇ ਅਕਾਲੀ ਵਰਕਰਾਂ ਤੇ ਸੰਗਤਾਂ ਨਾਲ ਸੰਪਰਕ ਕੀਤਾ ਜਾਵੇਗਾ ? ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਖੁਦ ਲੋਕ ਸਭਾ ਚੋਣ ਨਹੀਂ ਲੜਣਗੇ ਪਰ ਪਾਰਟੀ ਨੂੰ ਮਾਨਤਾ ਮਿਲਣ ਉਪਰੰਤ ਹਮਖਿਆਲੀ ਪਾਰਟੀਆਂ ਨਾਲ ਮਿਲ ਕੇ ਚੋਣਾਂ ਲੜੀਆਂ ਜਾਣਗੀਆਂ।

# ਬਾਦਲ ਦਲ ਤੇ ਬਾਦਲ ਪਰਵਾਰ ਲਈ ਖਤਰਨਾਕ ਸਿਆਸੀ ਸਥਿਤੀ

ਇਹ ਹਕੀਕਤ ਵਿੱਚ ਵੀ ਬਾਦਲ ਪਰਵਾਰ ਦਾ ਦਲ ਹੀ ਬਣ ਚੁੱਕਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰਸਾ ਡੇਰੇ ਦੇ ਮੁਖੀ ਨੂੰ ਕਦੇ ਛੇਕਣ, ਫਿਰ ਬਖ਼ਸ਼ਣ ਅਤੇ ਮੁੜ ਕੀਤਾ ਹੁਕਮਨਾਮਾ ਵਾਪਸ ਕਰਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਅਕਾਲੀ ਸਰਕਾਰ ਸਮੇਂ ਘਟਨਾਵਾਂ ਹੋਣ ਅਤੇ ਉਨ੍ਹਾਂ ਨਾਲ ਸਿੱਝਣ ਦੇ ਗ਼ੈਰਪੰਥਕ ਵਤੀਰੇ ਨੇ ਅਕਾਲੀ ਸਫ਼ਾਂ ਵਿਚ ਰੋਸ ਪੈਦਾ ਕੀਤਾ ਹੈ। ਹੈਰਾਨੀ ਦੀ ਗੱਲ ਇਹ ਸੀ ਕਿ ਪ੍ਰਕਾਸ਼ ਸਿੰਘ ਬਾਦਲ ਦੇ ਜੋਟੀਦਾਰਾਂ ਨੇ ਇਸ ਪਾਰਟੀ ਨੂੰ ਪਿਤਾ-ਪੁਰਖੀ ਪਾਰਟੀ ਦਾ ਨਵਾਂ ਰੰਗ ਚੜ੍ਹਦਾ ਵੇਖ ਕੇ ਵੀ ਕਿੰਤੂ ਕਰਨ ਦੀ ਥਾਂ ਹਮਾਇਤ ਜਾਰੀ ਰੱਖੀ ਸੀ। ਗੱਲ ਓਦੋਂ ਲੀਹੋਂ ਲੱਥੀ ਸੀ, ਜਦੋਂ ਪ੍ਰਕਾਸ਼ ਸਿੰਘ ਬਾਦਲ ਦਾ ਫਰਜ਼ੰਦ ਸੁਖਬੀਰ ਇਸ ਪਾਰਟੀ ਨੂੰ ਆਪਣੀ ਜਾਇਦਾਦ ਮੰਨ ਕੇ ਸਿੱਖੀ ਨੂੰ ਦਾਅ ਉੱਤੇ ਲਾਉਣ ਲੱਗ ਪਿਆ ਜਿਸ ਕਰਕੇ ਪਾਰਟੀ ਦੀ ਪੱਕੀ ਨੀਂਹ ਮੰਨੇ ਜਾਂਦੇ ਸਿੱਖ ਭਾਈਚਾਰੇ ਵਿੱਚੋਂ ਹੀ ਇਸ ਦੀ ਜੜ੍ਹ ਖਿਸਕਣੀ ਸ਼ੁਰੂ ਹੋ ਗਈ ਸੀ। ਨਤੀਜਾ ਇਹ ਹੋਇਆ ਕਿ ਇਹ ਪਾਰਟੀ ਪਿਛਲੇ ਸਾਲ ਆਪਣੀ ਹੋਂਦ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਰਾਜ ਕਰਨ ਤੋਂ ਹੀ ਵਾਂਝੀ ਨਹੀਂ ਸੀ ਰਹੀ, ਸਗੋਂ ਵਿਰੋਧ ਦੀ ਮੁੱਖ ਧਿਰ ਵੀ ਨਹੀਂ ਸੀ ਰਹਿ ਗਈ ਤੇ ਏਨੀਆਂ ਕੁ ਸੀਟਾਂ ਤੱਕ ਸਿਮਟ ਗਈ ਸੀ ਕਿ ਬਾਰਾਂ ਵਾਰੀਆਂ ਦਾ ਵਿਧਾਇਕ ਤੇ ਪੰਜ ਵਾਰੀਆਂ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹੋ ਜਿਹੀ ਵਿਧਾਨ ਸਭਾ ਵਿੱਚ ਜਾਣੋਂ ਹਟ ਗਿਆ ਸੀ। ਇਹ ਗੱਲ ਕਿਤੇ ਛੋਟੀ ਨਹੀਂ ਕਿ ਪਾਰਟੀ ਦੀ ਅਗਵਾਈ ਕਰਦੇ ਬਾਦਲਾਂ ਨੂੰ ਆਪਣੀ ਪਾਰਟੀ ਦੇ ਵਿਧਾਇਕ ਗਰੁੱਪ ਦੀ ਲੀਡਰੀ ਕਰਨ ਵਿੱਚ ਵੀ ਸ਼ਰਮ ਆਉਣ ਲੱਗ ਪਈ ਸੀ। ਏਦਾਂ ਦੇ ਹਾਲਾਤ ਵਿੱਚ ਜਦੋਂ ਪਾਰਟੀ ਵਿੱਚ ਸੱਠ-ਸੱਠ ਸਾਲ ਲਾ ਚੁੱਕੇ ਮਾਝੇ ਦੇ ਸੀਨੀਅਰ ਨੇਤਾਵਾਂ ਨੇ ਬਗਾਵਤ ਕਰ ਦਿਤੀ। ਇਸ ਸਥਿਤੀ ਕਾਰਨ ਹੀ ਨਵਾਂ ਅਕਾਲੀ ਦਲ ਪੈਦਾ ਹੋਇਆ ਹੈ, ਜਿਸ ਨੇ ਆਪਣਾ ਨਾਂਅ ਅਕਾਲੀ ਦਲ ਟਕਸਾਲੀ ਰੱਖ ਕੇ ਬਾਦਲ ਅਕਾਲੀ ਦਲ ਲਈ ਚੁਣੌਤੀ ਪੇਸ਼ ਕਰਨ ਦਾ ਯਤਨ ਕੀਤਾ ਹੈ।

# ਸੁਖਪਾਲ ਸਿੰਘ ਖਹਿਰਾ ਵਲੋਂ ਜਮਹੂਰੀ ਗੱਠਜੋੜ ਪਾਰਟੀ ਬਣਾਉਣ ਦਾ ਐਲਾਨ

ਪਟਿਆਲਾ/ਬਿਊਰੋ ਨਿਊਜ਼ :

ਸਾਬਕਾ ਵਿਰੋਧੀ ਧਿਰ ਆਗੂ ਸੁਖਪਾਲ ਸਿੰਘ ਖਹਿਰਾ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ਼ੁਰੂ ਕੀਤਾ ਇਨਸਾਫ਼ ਮਾਰਚ ਇੱਥੇ ਪਟਿਆਲਾ ਦੀ ਮਹਿਮਦਪੁਰ ਮੰਡੀ ਵਿਖੇ ਆ ਕੇ ਸਮਾਪਤ ਹੋ ਗਿਆ। ਇਸ ਮੌਕੇ ਖਹਿਰਾ ਨੇ ਹਮਿਖ਼ਆਲੀ ਆਗੂਆਂ ਨਾਲ ਮਿਲ ਕੇ ਨਵੀਂ ਪਾਰਟੀ 'ਜਮਹੂਰੀ ਗੱਠਜੋੜ' ਬਣਾਉਣ ਦਾ ਐਲਾਨ ਕੀਤਾ। ਇਸ ਮੌਕੇ ਮੰਚ 'ਤੇ ਯੂਨਾਈਟਿਡ ਅਕਾਲੀ ਦਲ ਦੇ ਆਗੂ ਭਾਈ ਮੋਹਕਮ ਸਿੰਘ, ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ, ਪੰਜਾਬ ਮੰਚ ਦੇ ਮੁਖੀ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਵੀ ਮੰਚ 'ਤੇ ਬਿਰਾਜਮਾਨ ਸਨ। ਇਸ ਮਾਰਚ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਵੀ ਆ ਕੇ ਇਸ ਗੱਠਜੋੜ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।

ਇਸ ਮੌਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮੁਆਫ਼ੀ ਨੂੰ ਡਰਾਮਾ ਕਰਾਰ ਦਿੱਤਾ ਗਿਆ। ਇਸ ਮੌਕੇ ਖਹਿਰਾ ਨੇ ਕਈ ਮਤਾ ਪਵਾਏ ਜਿਨ੍ਹਾਂ ਨੂੰ ਸੰਗਤ ਤੋਂ ਹੱਥ ਖੜ੍ਹੇ ਕਰਵਾਕੇ ਪ੍ਰਵਾਨ ਕਰਵਾਇਆ ਗਿਆ। ਸਭ ਤੋਂ ਅਹਿਮ ਮਤੇ 'ਚ ਪੰਜਾਬ ਸਰਕਾਰ ਨੂੰ ਬੇਅਦਬੀ ਤੇ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਮਾਘੀ ਤੱਕ ਦਾ ਸਮਾਂ ਦੇ ਦਿੱਤਾ ਗਿਆ ਜੇ ਮਸਲਾ ਹੱਲ ਨਾ ਹੋਇਆ ਤਾਂ ਅਗਲਾ ਸੰਘਰਸ਼ ਐਲਾਨਿਆ ਜਾਵੇਗਾ। ਇਸ ਮੌਕੇ ਇਕ ਹੋਰ ਮਤੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਅਪੀਲ ਕੀਤੀ ਗਈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਫ਼ਖ਼ਰ-ਏ-ਕੌਮ ਦਾ ਸਨਮਾਨ ਵਾਪਸ ਲੈਣ, ਕਿਉਂਕਿ ਉਨ੍ਹਾਂ ਨੇ ਆਪਣੀ ਸਰਕਾਰ ਵੇਲੇ ਹੋਏ ਗੁਨਾਹ ਖ਼ੁਦ ਹੀ ਕਬੂਲ ਲਏ ਹਨ। ਇਸ ਤਰ੍ਹਾਂ ਹੋਰ ਮਤੇ ਰਾਹੀਂ ਆਖਿਆ ਗਿਆ ਕਿ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬਾਦਲ ਪਰਿਵਾਰ ਦੇ ਕਬਜ਼ੇ ਤੋਂ ਮੁਕਤ ਕਰਾਇਆ ਜਾਵੇ। ਇਸ ਮੌਕੇ ਸੰਗਤ ਤੋਂ ਇਕ ਮਤਾ ਇਹ ਵੀ ਪ੍ਰਵਾਨ ਕਰਵਾਇਆ ਗਿਆ ਕਿ ਇਹ ਗੱਠਜੋੜ ਰਲ ਕੇ ਲੋਕ ਸਭਾ ਚੋਣਾਂ ਵੀ ਲੜੇਗਾ। ਇਸ ਮੌਕੇ ਆਪਣੇ ਸੰਖੇਪ ਭਾਸ਼ਣ 'ਚ ਖਹਿਰਾ ਨੇ ਆਖਿਆ ਕਿ



ਪੰਜਾਬ ਲੰਬੇ ਸਮੇਂ ਤੋਂ ਕੇਂਦਰ ਤੇ ਰਾਜ 'ਚ ਸੱਤਾ ਭੋਗਣ ਵਾਲੀਆਂ ਪਾਰਟੀਆਂ ਤੇ ਅਫ਼ਸਰਸ਼ਾਹੀ ਦੀਆਂ ਗਲਤ ਨੀਤੀਆਂ ਦਾ ਕਾਰਨ ਕਰਜ਼ਾਈ ਹੋਇਆ ਹੈ। ਉਨ੍ਹਾਂ ਆਖਿਆ ਕਿ ਜੇ ਪੰਜਾਬ ਦਾ ਵਿਕਾਸ ਕਰਵਾਉਣਾ ਹੈ ਤਾਂ ਸਾਨੂੰ ਪੰਜਾਬ ਨੂੰ ਕੈਪਟਨ ਤੇ ਬਾਦਲਾਂ ਦੇ ਪਰਿਵਾਰਾਂ ਤੋਂ ਮੁਕਤ ਕਰਾਉਣਾ ਹੋਵੇਗਾ। ਬਰਗਾੜੀ ਮੋਰਚੇ 'ਤੇ ਬੋਲਦਿਆਂ ਖਹਿਰਾ ਨੇ ਆਖਿਆ ਕਿ ਇਸ ਮੋਰਚੇ ਦੀ ਸਮਾਪਤੀ ਲੋਕਾਂ ਦੀਆਂ ਭਾਵਨਾਵਾਂ ਮੁਤਾਬਿਕ ਨਹੀਂ ਹੋਈ। ਇਸ ਮੌਕੇ ਸਿਮਰਜੀਤ ਸਿੰਘ ਬੈਂਸ ਨੇ ਸੰਗਤ ਨੂੰ ਭਰੋਸਾ ਦਿਵਾਇਆ ਕਿ ਉਹ ਰਾਜਨੀਤੀ 'ਚ ਸੇਵਾ ਦੇ ਮਕਸਦ ਲਈ ਆਏ ਹਨ ਤੇ ਲੋਕਾਂ ਦੀਆਂ ਭਾਵਨਾਵਾਂ 'ਤੇ ਆਖ਼ਰੀ ਸਾਹ ਤੱਕ ਖਰੇ ਉੱਤਰਨਗੇ। ਉਨ੍ਹਾਂ ਬਾਦਲ ਪਰਿਵਾਰ ਨੂੰ ਨਸ਼ੇ, ਰੇਤ, ਕੇਬਲ ਤੇ ਟਰਾਂਸਪੋਰਟ ਮਾਫ਼ੀਏ ਦਾ ਸਰਗਨਾ ਕਰਾਰ ਦਿੱਤਾ। ਇਸ ਮੌਕੇ ਡਾ. ਧਰਮਵੀਰ ਗਾਂਧੀ ਨੇ ਆਖਿਆ ਕਿ ਸਾਜ਼ਿਸ਼ਾਂ ਤਹਿਤ ਪੰਜਾਬ ਨੂੰ ਲੁੱਟਿਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਨੂੰ ਆਰ.ਐਸ.ਐਸ. ਦੀ ਦਖ਼ਲਅੰਦਾਜ਼ੀ ਨਾਲ ਸਮੇਂ ਦੇ ਕੇਂਦਰੀ ਤੇ ਸੂਬਾਈ ਆਗੂਆਂ ਨੇ ਬਰਬਾਦ ਕੀਤਾ ਹੈ, ਪੰਜਾਬ ਦੇ ਪਾਣੀਆਂ ਦੀ ਲੁੱਟ ਮੌਕੇ ਸਾਰੇ ਕੌਮਾਂਤਰੀ ਕਾਨੂੰਨ ਛਿੱਕੇ 'ਤੇ ਟੰਗੇ ਗਏ ? ਉਨ੍ਹਾਂ ਪੰਜਾਬ ਦੀ ਬਰਬਾਦੀ ਲਈ ਕਾਂਗਰਸ, ਅਕਾਲੀ ਤੇ ਭਾਜਪਾ ਨੂੰ ਸਿੱਧੇ ਰੂਪ 'ਚ ਜ਼ਿੰਮੇਵਾਰ ਦੱਸਿਆ ? ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੇ ਇਸ ਇਨਸਾਫ਼ ਮੋਰਚੇ ਤੇ ਜਮਹੂਰੀ ਗੱਠਜੋੜ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਾਂਗਰਸ, ਅਕਾਲੀ ਤੇ ਭਾਜਪਾ ਨੂੰ ਪੰਜਾਬ ਵਿਰੋਧੀ ਦੱਸਿਆ ?

ਖਹਿਰਾ ਨੇ ਆਖਿਆ ਕਿ ਜੋ ਵੀ ਧਿਰ ਭਾਰਤੀ ਸੰਵਿਧਾਨ 'ਚ ਵਿਸ਼ਵਾਸ ਰੱਖਦੀ ਹੋਵੇ ਉਸ ਨਾਲ ਗੱਠਜੋੜ ਲਈ ਉਨ੍ਹਾਂ ਦੇ ਦਰਵਾਜ਼ੇ ਸਦਾ ਖੁੱਲ੍ਹੇ ਰਹਿਣਗੇ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਵਿਧਾਇਕ ਹਾਲ ਹੀ 'ਚ ਵਧਾਈ ਤਨਖ਼ਾਹ ਤੇ ਭੱਤੇ ਨਹੀਂ ਲੈਣਗੇ। ਇਸ ਮੌਕੇ ਪੰਜਾਬ ਭਰ ਤੋਂ ਵੱਡੀ ਗਿਣਤੀ 'ਚ ਲੋਕ ਪਹੁੰਚੇ ਹੋਏ ਸਨ।

## ਪੇਸ਼ ਕੀਤੇ ਮਤੇ ਨੂੰ ਸੰਗਤਾਂ ਨੇ ਹੱਥ ਖੜ੍ਹੇ ਕਰ ਕੇ ਤੇ ਜੈਕਾਰੇ ਬੁਲਾ ਕੇ ਦਿੱਤੀ ਪ੍ਰਵਾਨਗੀ

ਇਸ ਮੌਕੇ ਮਨਮੋਹਨ ਸਿੰਘ ਸਠਿਆਲਾ ਵਲੋਂ ਇਕ ਮਤਾ ਪੇਸ਼ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਕਿ ਵਿਸ਼ਵ ਇਕੱਠ ਬਾਦਲ ਪਰਿਵਾਰ ਵਲੋਂ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਨੂੰ ਛਿੱਕੇ 'ਤੇ ਟੰਗਦੇ ਹੋਏ ਸਾਧ ਰਾਮ ਰਹੀਮ ਨੂੰ ਬਿਨਾਂ ਮੰਗੇ ਮੁਆਫ਼ੀ ਦੇਣ, ਸ਼੍ਰੋਮਣੀ ਕਮੇਟੀ ਦਾ ਰਾਜਸੀਕਰਨ ਕਰਨ, ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਅਤੇ ਪੁਰਅਮਨ ਢੰਗ ਨਾਲ ਬਰਗਾੜੀ ਅਤੇ ਬਹਿਬਲ ਕਲਾਂ ਵਿਚ ਵਾਹਿਗੁਰੂ ਦਾ ਜਾਪ ਕਰ ਰਹੇ ਸਿੰਘਾਂ 'ਤੇ ਲਾਠੀਆਂ ਅਤੇ ਗੋਲੀਆਂ ਚਲਾ ਕੇ ਦੋ ਨਿਰਦੋਸ਼ ਸਿੰਘਾਂ ਨੂੰ ਸ਼ਹੀਦ ਕਰਨ ਅਤੇ ਕਈਆਂ ਨੂੰ ਜ਼ਖ਼ਮੀ ਕਰਨ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ ? ਇਸ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਸ ਸਭ ਕੁਝ ਦੇ ਦੋਸ਼ੀ ਬਾਦਲ ਪਰਿਵਾਰ ਅਤੇ ਸਾਧ ਰਾਮ ਰਹੀਮ ਵਿਰੁੱਧ ਕਾਰਵਾਈ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦੇਵੇ।

## ਜਮਹੂਰੀ ਗੱਠਜੋੜ ਤੇ ਟਕਸਾਲੀ ਦਲ ਕਾਂਗਰਸ ਅਤੇ ਬਾਦਲ ਦਲ ਲਈ ਬਣੇਗਾ ਚੁਣੌਤੀ

***ਸਫ਼ਾ ਇਕ ਦੀ ਬਾਕੀ***

ਪੱਧਰਾਂ ਉੱਤੇ ਯਤਨ ਹੋ ਰਹੇ ਹਨ ।ਇਹ ਯਤਨ ਕਾਂਗਰਸ ਤੇ ਬਾਦਲ ਦਲ ਲਈ ਵਡੀ ਚੁਣੌਤੀ ਵਜੋਂ ਉਭਰ ਰਹੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਤੀਸਰੀ ਧਿਰ ਬਣਨ ਨਾਲ ਫਾਦਲ ਦਲ ਹੋਰ ਸਿਆਸੀ ਨਿਘਾਰ ਵਲ ਜਾਵੇਗਾ। ਬਰਗਾੜੀ ਮੋਰਚਾ ਫੇਲ ਹੋਣ ਕਾਰਣ ਇਸ ਨਾਲ ਜੁੜੀਆਂ ਧਿਰਾਂ ਦਾ ਸਫਲ ਸਿਆਸੀ ਮੰਚ ਬਣਨ ਦੀ ਸੰਭਾਵਨਾ ਘਟ ਹੈ। ਹੋ ਸਕਦਾ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਸਿਆਸੀ ਮੈਚ ਕਾਂਗਰਸ ਤੇ ਤੀਸਰੇ ਮੋਰਚੇ ਦਰਮਿਆਨ ਹੋਵੇ।

ਸ਼੍ਰੋਮਣੀ ਅਕਾਲੀ ਦਲ (ਬ) ਨਾਲ ਕਾਫ਼ੀ ਸਮੇਂ ਤੋਂ ਨਾਰਾਜ਼ ਆਗੂਆਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁਖ ਅਰਦਾਸ ਕਰਕੇ ਨਵੀਂ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੀ ਸਥਾਪਨਾ ਕੀਤੀ ਗਈ ਤੇ ਇਸ ਮੌਕੇ ਹਾਜ਼ਰ ਆਗੂਆਂ ਤੇ ਵਰਕਰਾਂ ਵਲੋਂ ਮਾਝੇ ਦੇ ਜਰਨੈਲ ਕਹੇ ਜਾਂਦੇ ਟਕਸਾਲੀ ਅਕਾਲੀ ਆਗੂ ਤੇ ਮੈਂਬਰ ਪਾਰਲੀਮੈਂਟ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਜੈਕਾਰਿਆਂ ਦੀ ਗੂੰਜ ਵਿਚ ਪਾਰਟੀ ਦਾ ਪ੍ਰਧਾਨ ਨਿਯੁਕਤ ਕੀਤਾ ? ਇਸ ਮੌਕੇ ਪਾਸ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਦੋਸ਼ੀ ਬਾਦਲ ਪਰਿਵਾਰ ਅਤੇ ਡੇਰਾ ਸਿਰਸਾ ਵਾਲੇ ਸਾਧ ਰਾਮ ਰਹੀਮ ਵਿਰੁੱਧ ਕਾਰਵਾਈ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦੇਵੇ ? ਇਸ ਮੌਕੇ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਸੈਂਕੜਿਆਂ ਦੀ ਗਿਣਤੀ 'ਚ ਅਕਾਲੀ ਵਰਕਰ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ ਹੋਏ ਸਨ।ਅਰਦਾਸ ਉਪਰੰਤ ਸਾਬਕਾ ਮੰਤਰੀ ਤੇ ਮੈਂਬਰ ਸ਼੍ਰੋਮਣੀ ਕਮੇਟੀ ਜਥੇ: ਸੇਵਾ ਸਿੰਘ ਸੇਖਵਾਂ ਨੇ ਜਦੋਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਨਾਂਅ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਵਜੋਂ ਪੇਸ਼ ਕੀਤਾ ਤੇ ਜਿਸ ਦੀ ਤਾਈਦ ਡਾ: ਰਤਨ ਸਿੰਘ ਅਜਨਾਲਾ ਅਤੇ ਸਾਬਕਾ ਵਿਧਾਇਕ ਉਜਾਗਰ ਸਿੰਘ ਬਡਾਲੀ ਵਲੋਂ ਕੀਤੀ ਗਈ ਤਾਂ ਹਾਜ਼ਰ ਵਰਕਰਾਂ ਤੇ ਸੰਗਤਾਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ। ਇਸ ਮੌਕੇ ਕਿਹਾ ਗਿਆ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ।

## ਟਕਸਾਲੀਆਂ ਦਾ ਸਮਰਥਨ ਨਹੀਂ ਲੈ ਸਕੇ ਮਾਝੇ ਦੇ ਜਰਨੈਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆਂ ਖ਼ਿਲਾਫ਼ ਝੰਡਾ ਚੁੱਕਣ ਵਾਲੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਜਿਨ੍ਹਾਂ ਵੱਲੋਂ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਗਠਨ ਕੀਤਾ ਗਿਆ ਹੈ ਨੂੰ ਆਪਣੇ ਸਿਆਸੀ ਖੇਤਰ ਵਿਚਲੇ ਟਕਸਾਲੀ ਪਰਿਵਾਰਾਂ ਦਾ ਸਮਰਥਨ ਨਹੀਂ ਮਿਲ ਸਕਿਆ। ਹਾਲਾਂਕਿ ਵੱਡਾ ਇਕੱਠ ਕਰਨ ਵਾਲੇ ਬ੍ਰਹਮਪੁਰਾ ਨੂੰ ਆਉਣ ਵਾਲੇ ਸਮੇਂ 'ਚ ਆਪਣੀ ਕਰਮ ਭੂਮੀ 'ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਥੇਦਾਰਾ ਰਣਜੀਤ ਸਿੰਘ ਬ੍ਰਹਮਪੁਰਾ ਦੀ ਗੱਲ ਕਰੀਏ ਤਾਂ ਉਹ ਸ਼੍ਰੋਮਣੀ ਅਕਾਲੀ ਦਲ 'ਚ ਚਾਰ ਵਾਰ ਵਿਧਾਇਕ ਬਣ ਚੁੱਕੇ ਹਨ। ਜਦੋਂ ਕਿ ਇਕ ਵਾਰ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਵੀ ਅਕਾਲੀ ਦਲ ਦੀ ਟਿਕਟ ਤੋਂ ਬਣੇ ਹਨ। ਹਾਲ ਹੀ ਵਿਚ ਬ੍ਰਹਮਪੁਰਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਸਮੇਤ ਝੰਡਾ ਬੁਲੰਦ ਕੀਤਾ ਸੀ। ਜਿਸ ਦੇ ਚਲਦਿਆਂ ਇਨ੍ਹਾਂ ਸਾਰਿਆਂ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਬਾਦਲ ਪਰਿਵਾਰ ਖ਼ਿਲਾਫ਼ ਲਗਾਤਾਰ ਬੋਲ ਰਹੇ ਬ੍ਰਹਮਪੁਰਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਰਦਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਐਲਾਨ ਤਾਂ ਕਰ ਦਿੱਤਾ ਗਿਆ, ਪਰ ਮਾਝੇ ਦਾ ਜਰਨੈਲ ਅਖਵਾਉਣ ਵਾਲੇ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਮਾਝੇ ਦੇ ਹੀ ਟਕਸਾਲੀ ਆਗੂਆਂ ਦਾ ਸਮਰਥਨ ਨਹੀਂ ਮਿਲ ਸਕਿਆਂ। ਇਨ੍ਹਾਂ ਹੀ ਨਹੀਂ ਬ੍ਰਹਮਪੁਰਾ ਦੇ ਨਾਲ ਰਹੇ ਜਥੇਦਾਰ ਗੁਰਬਚਨ ਸਿੰਘ ਕਰਮੂਵਾਲਾ ਅਤੇ ਹੋਰ ਕਈ ਆਗੂ ਬ੍ਰਹਮਪੁਰਾ ਦੀ ਨਵੀਂ ਪਾਰਟੀ ਵਿਚ ਸ਼ਾਮਿਲ ਨਹੀਂ ਹੋਏ। ਇਨ੍ਹਾਂ ਹੀ ਨਹੀਂ ਬ੍ਰਹਮਪੁਰਾ ਦੀ ਬਾਂਹ ਫੜ ਕੇ ਸਿਆਸੀ ਸਫ਼ਰ ਚਲਾਉਣ ਵਾਲੇ ਅਲਵਿੰਦਰਪਾਲ ਸਿੰਘ ਪੱਖੋਕੇ ਵੀ ਉਨ੍ਹਾਂ ਦੇ ਹਲਕੇ ਖਡੂਰ ਸਾਹਿਬ ਦੀ ਵਾਗਡੋਰ ਅਕਾਲੀ ਦਲ ਵੱਲੋਂ ਸਾਂਭ ਰਹੇ ਹਨ।

# ਰਾਹੁਲ ਗਾਂਧੀ ਦਾ ਮੋਦੀ ਨੂੰ ਲਲਕਾਰਾ : ਚੈਨ ਨਾਲ ਨਹੀਂ ਸੌਣ ਦੇਵਾਂਗੇ

- **ਸਾਰੇ ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰੀ ਜਾਵੇ : ਰਾਹੁਲ**
- **ਸੱਜਣ ਕੁਮਾਰ ਬਾਰੇ ਸਵਾਲਾਂ ਤੋਂ ਵੱਟਿਆ ਟਾਲਾ**

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੁਰਕੀਆਂ ਤੇ ਹੋਰ ਮੁਸੀਬਤਾਂ ਦੇ ਸਤਾਏ ਕਿਸਾਨਾਂ ਨੂੰ ਇਥੇ ਸੰਸਦ ਦੇ ਬਾਹਰੋਂ ਆਪਣੇ ਸਿੱਧੇ ਸੰਬੋਧਨ ਵਿੱਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਦੋਂ ਤਕ ਸੌਣ ਨਹੀਂ ਦੇਣਗੇ ਜਦੋਂ ਤਕ ਦੇਸ਼ ਭਰ ਦੇ ਕਿਸਾਨਾਂ ਦੇ ਕਰਜ਼ਿਆਂ 'ਤੇ ਲੀਕ ਨਹੀਂ ਵਜਦੀ। ਪੂੰਜੀਪਤੀਆਂ ਨਾਲ ਪ੍ਰਧਾਨ ਮੰਤਰੀ ਦੀ ਗੂੜ੍ਹੀ ਸਾਂਝ ਲਈ ਸ੍ਰੀ ਮੋਦੀ ਖ਼ਿਲਾਫ਼ ਹੱਲਾ ਬੋਲਦਿਆਂ ਰਾਹੁਲ ਨੇ ਕਿਹਾ ਕਿ ਇਕ ਪਾਸੇ ਸਰਕਾਰ ਨੇ ਰਿਲਾਇੰਸ ਦੇ ਅਨਿਲ ਅੰਬਾਨੀ ਸਮੇਤ 15 ਸਿਖਰਲੇ ਸਨਅਤਕਾਰਾਂ ਨੂੰ ਦਿੱਤੇ ਕਰਜ਼ਿਆਂ ਬਾਰੇ ਅੱਖਾਂ ਬੰਦ ਕੀਤੀਆਂ ਹੋਈਆਂ ਹਨ ਜਦੋਂਕਿ ਪਿਛਲੇ ਚਾਰ ਸਾਲਾਂ ਵਿੱਚ ਭਾਜਪਾ ਸਰਕਾਰ ਨੇ ਕਿਸਾਨਾਂ ਦੀਆਂ ਦੁੱਖ ਤਕਲੀਫਾਂ ਨੂੰ ਘਟਾਉਣ ਲਈ ਕੋਈ ਯਤਨ ਨਹੀਂ ਕੀਤਾ। ਇਸ ਦੌਰਾਨ ਸ੍ਰੀ ਰਾਹੁਲ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਵੱਲੋਂ ਯੂ.ਪੀ. ਤੇ ਬਿਹਾਰ ਦੇ ਕਾਮਿਆਂ ਬਾਰੇ ਕੀਤੀ ਟਿੱਪਣੀ ਤੋਂ ਅਗਿਆਨਤਾ ਜ਼ਾਹਿਰ ਕਰਦਿਆਂ ਇਸ ਬਾਰੇ ਜਵਾਬ ਦੇਣ ਤੋਂ ਨਾਂਹ ਕਰ ਦਿੱਤੀ। ਉਹ ਕਾਂਗਰਸੀ ਆਗੂ ਸੱਜਣ ਕੁਮਾਰ ਬਾਰੇ ਪੁੱਛੇ ਸਵਾਲਾਂ ਨੂੰ ਵੀ ਟਾਲ ਗਏ। ਇਥੇ ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ, 'ਅਸੀਂ ਦਸ ਦਿਨਾਂ ਵਿੱਚ ਕਿਸਾਨੀ ਕਰਜ਼ਿਆਂ ਨੂੰ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ। ਦੋ ਰਾਜਾਂ ਵਿੱਚ ਅਸੀਂ ਸਰਕਾਰ ਬਣਨ ਦੇ ਛੇ ਘੰਟਿਆਂ ਅੰਦਰ ਇਸ ਵਾਅਦੇ ਨੂੰ ਪੁਗਾਇਆ ਹੈ ਤੇ ਅਸੀਂ ਜਲਦੀ ਹੀ ਤੀਜੇ ਰਾਜ ਵਿੱਚ ਵੀ ਕਰਜ਼ੇ ਮੁਆਫ਼ ਕਰਾਂਗੇ।' ਸ੍ਰੀ ਗਾਂਧੀ ਨੇ ਕਿਹਾ ਕਿ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਮਿਲੀ ਹਾਲੀਆ ਜਿੱਤ ਗ਼ਰੀਬਾਂ, ਕਿਸਾਨਾਂ, ਨੌਜਵਾਨਾਂ, ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ ਦੀ ਜਿੱਤ ਹੈ। ਕਾਂਗਰਸ ਪ੍ਰਧਾਨ ਨੇ ਕਿਹਾ, 'ਮੋਦੀ ਜੀ ਪਿਛਲੇ ਸਾਢੇ ਚਾਰ ਸਾਲ ਤੋਂ ਪ੍ਰਧਾਨ ਮੰਤਰੀ ਹਨ, ਪਰ ਉਨ੍ਹਾਂ ਅੱਜ ਤਕ ਕਿਸਾਨੀ ਕਰਜ਼ਿਆਂ 'ਚੋਂ ਇਕ ਰੁਪਿਆ ਵੀ ਮੁਆਫ਼ ਨਹੀਂ ਕੀਤਾ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤਕ ਕਿਸਾਨੀ ਕਰਜ਼ਿਆਂ 'ਤੇ ਲੀਕ ਨਹੀਂ ਫੇਰੀ ਜਾਂਦੀ, ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਇਕਮੁੱਠ ਰਹਿਣਗੀਆਂ। ਅਸੀਂ ਉਨ੍ਹਾਂ ਖ਼ਿਲਾਫ਼ ਲੜਾਂਗੇ ਤੇ ਇਕ ਇੰਚ ਵੀ ਪਿੱਛੇ ਨਹੀਂ ਹਟਾਂਗੇ। ਜਦੋਂ ਤਕ ਕਿਸਾਨੀ ਕਰਜ਼ੇ ਮੁਆਫ਼ ਨਹੀਂ ਹੁੰਦੇ, ਅਸੀਂ ਉਨ੍ਹਾਂ (ਪ੍ਰਧਾਨ ਮੰਤਰੀ) ਨੂੰ ਚੈਨ ਨਾਲ ਸੌਣ ਨਹੀਂ ਦੇਵਾਂਗੇ।' ਪ੍ਰਧਾਨ ਮੰਤਰੀ ਨੂੰ ਚੁਣੌਤੀ ਦਿੰਦਿਆਂ ਗਾਂਧੀ ਨੇ ਕਿਹਾ, 'ਜੇਕਰ ਮੋਦੀ ਸਰਕਾਰ ਕਿਸਾਨੀ ਕਰਜ਼ੇ ਮੁਆਫ਼ ਨਹੀਂ ਕਰਦੀ, ਅਸੀਂ ਤੁਹਾਨੂੰ ਜ਼ਾਮਨੀ ਦਿੰਦੇ ਹਾਂ ਕਿ ਸਾਲ 2019 ਵਿੱਚ ਸੱਤਾ 'ਚ ਆਉਣ ਮਗਰੋਂ ਕਿਸਾਨੀ ਕਰਜ਼ਿਆਂ 'ਤੇ ਲੀਕ ਫੇਰੀ ਜਾਵੇਗੀ।' ਉਨ੍ਹਾਂ ਕਿਹਾ ਕਿ ਮੋਦੀ ਸਰਕਾਰ 'ਤੇ ਇੰਨਾ ਦਬਾਅ ਬਣਾਇਆ ਜਾਵੇਗਾ ਕਿ ਇਕ ਵੀ ਕਿਸਾਨ ਕਰਜ਼ਾ ਮੁਆਫ਼ੀ ਤੋਂ ਵਾਂਝਾ ਨਹੀਂ ਰਹੇਗਾ। ਨੋਟਬੰਦੀ ਨੂੰ 'ਵਿਸ਼ਵ ਦਾ ਸਭ ਤੋਂ ਵੱਡਾ ਘੁਟਾਲਾ' ਦਸਦਿਆਂ ਗਾਂਧੀ ਨੇ ਕਿਹਾ ਕਿ ਸਰਕਾਰ ਨੇ ਲੋਕਾਂ, ਦੁਕਾਨਦਾਰਾਂ ਤੇ ਕਿਸਾਨਾਂ ਦਾ ਪੈਸਾ ਚੋਰੀ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਨੇ ਅਨਿਲ ਅੰਬਾਨੀ ਸਮੇਤ ਮੋਦੀ ਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੇ ਦੋਸਤਾਂ ਦੇ ਕਰਜ਼ੇ ਮੁਆਫ਼ ਕੀਤੇ ਹਨ। ਉਨ੍ਹਾਂ ਰਾਫ਼ਾਲ ਮੁੱਦੇ ਦੀ ਜੇਪੀਸੀ ਤੋਂ ਜਾਂਚ ਕਰਾਏ ਜਾਣ ਦੀ ਮੰਗ ਨੂੰ ਦੁਹਰਾਉਂਦਿਆਂ ਕਿਹਾ ਕਿ ਕਾਂਗਰਸ ਸੰਸਦ ਵਿੱਚ ਇਸ ਮੁੱਦੇ 'ਤੇ ਹਰ ਬਹਿਸ ਲਈ ਤਿਆਰ ਹੈ।



## ਸੱਜਣ ਕੁਮਾਰ ਵਲੋਂ ਕਾਂਗਰਸ ਤੋਂ ਅਸਤੀਫ਼ਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਇਕ ਦਿਨ ਬਾਅਦ ਸੱਜਣ ਕੁਮਾਰ ਨੇ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੂਤਰਾਂ ਮੁਤਾਬਕ ਸੱਜਣ ਕੁਮਾਰ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਭੇਜੇ ਅਸਤੀਫ਼ੇ ਵਾਲੇ ਪੱਤਰ ਵਿੱਚ ਕਿਹਾ ਕਿ ਉਹ ਹਾਈ ਕੋਰਟ ਦੇ ਫ਼ੈਸਲੇ ਦੇ ਮੱਦੇਨਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਰਹੇ ਹਨ ਜਿਸ ਨੂੰ ਤੁਰੰਤ ਮਨਜ਼ੂਰ ਕਰ ਲਿਆ ਜਾਵੇ। ਦਿੱਲੀ ਹਾਈ ਕੋਰਟ ਨੇ ਸੋਮਵਾਰ ਸੱਜਣ ਕੁਮਾਰ ਨੂੰ ਦਿੱਲੀ ਦੇ ਰਾਜ ਨਗਰ ਇਲਾਕੇ ਵਿੱਚ 5 ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਜਿਸ ਵਿੱਚ ਉਸ ਨੂੰ 31 ਦਸੰਬਰ ਤਕ ਪੁਲਿਸ ਨੂੰ ਆਤਮ ਸਮਰਪਣ ਕਰਨ ਦੀ ਹਦਾਇਤ ਕੀਤੀ ਗਈ ਸੀ। 73 ਸਾਲਾਂ ਦਾ ਸੱਜਣ ਕੁਮਾਰ ਤਿੰਨ ਵਾਰ ਸੰਸਦ ਮੈਂਬਰ ਰਿਹਾ ਹੈ। ਸਿੱਖਾਂ ਵੱਲੋਂ ਲੰਬੇ ਸਮੇਂ ਤੋਂ ਸੱਜਣ ਕੁਮਾਰ ਨੂੰ ਕਾਂਗਰਸ ਵਿੱਚੋਂ ਕੱਢਣ ਦੀ ਮੰਗ ਕੀਤੀ ਜਾ ਰਹੀ ਸੀ। ਕੁਮਾਰ ਦੇ ਇਕ ਕਰੀਬੀ ਨੇ ਕਿਹਾ ਕਿ ਉਹ ਹੁਣ ਕਾਂਗਰਸ ਵਿੱਚ ਰਹਿ ਕੇ ਪਾਰਟੀ ਲਈ ਨਮੋਸ਼ੀ ਦਾ ਕਾਰਨ ਨਹੀਂ ਬਣਨਾ ਚਾਹੁੰਦੇ। ਉਨ੍ਹਾਂ ਇਹ ਵੀ ਕਿਹਾ ਕਿ ਸੱਜਣ ਕੁਮਾਰ ਦਾ ਕੋਈ ਟਵਿਟਰ ਅਕਾਊਂਟ ਨਹੀਂ ਹੈ ਤੇ ਟਵਿਟਰ 'ਤੇ ਕੀਤੀਆਂ ਕੁਝ ਟਿੱਪਣੀਆਂ ਦਾ ਉਸ ਨਾਲ ਕੋਈ ਵਾਹ-ਵਾਸਤਾ ਨਹੀਂ ਹੈ।

## ਰਾਹੁਲ ਦੀਆਂ ਟਿੱਪਣੀਆਂ ਜਨਤਕ ਬਹਿਸ ਦਾ ਨਵਾਂ ਨਿਘਾਰ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਕਿਸਾਨੀ ਕਰਜ਼ਿਆਂ ਦੀ ਮੁਆਫ਼ੀ ਨਾਲ ਸਬੰਧਤ ਮਾਮਲੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੈਨ ਨਾਲ ਸੌਣ ਨਾ ਦੇਣ ਬਾਰੇ ਕਾਂਗਰਸ ਪ੍ਰਧਾਨ ਦੀਆਂ ਟਿੱਪਣੀਆਂ ਨੂੰ ਜਨਤਕ ਬਹਿਸ ਦਾ ਨਵਾਂ ਨਿਘਾਰ ਦੱਸਿਆ ਹੈ। ਭਾਜਪਾ ਦੇ ਸੀਨੀਅਰ ਆਗੂ ਤੇ ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਰਾਹੁਲ ਗਾਂਧੀ ਤੋਂ ਇਸ ਤੋਂ ਬਿਹਤਰ ਹੋਰ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ। ਕਿਉਂਕਿ ਉਨ੍ਹਾਂ ਦੀ 60 ਸਾਲਾਂ ਦੇ ਰਾਜ ਭਾਗ ਦੌਰਾਨ ਪਾਰਟੀ (ਕਾਂਗਰਸ) ਨੇ ਇਹ ਯਕੀਨੀ ਬਣਾਇਆ ਕਿ ਵਿਆਪਕ ਭ੍ਰਿਸ਼ਟਾਚਾਰ ਦੇ ਚਲਦਿਆਂ ਲੋਕ ਚੈਨ ਦੀ ਨੀਂਦ ਨਾ ਸੌਂ ਸਕਣ। ਪ੍ਰਸਾਦ ਨੇ ਕਾਂਗਰਸ ਤੇ ਇਸ ਦੇ ਪ੍ਰਧਾਨ ਨੂੰ ਚੁਣੌਤੀ ਦਿੱਤੀ ਕਿ ਉਹ 'ਵਿਚਾਰ ਚਰਚਾ ਤੋਂ ਭੱਜਣ ਨਾ ਅਤੇ ਜੇਕਰ 'ਹਿੰਮਤ' ਹੈ ਤਾਂ ਸੰਸਦ ਵਿੱਚ 'ਅੱਖਾਂ 'ਚ ਅੱਖਾਂ ਪਾ ਕੇ' ਰਾਫ਼ੇਲ ਖਰੀਦ ਸੌਦੇ ਬਾਰੇ ਚਰਚਾ ਕਰਨ। ਕਾਨੂੰਨ ਮੰਤਰੀ ਨੇ ਕਾਂਗਰਸ ਵੱਲੋਂ ਕਿਸਾਨੀ ਕਰਜ਼ਿਆਂ 'ਤੇ ਲੀਕ ਦੀ ਮੰਗ ਨੂੰ 'ਮਹਿਜ਼ ਡਰਾਮਾ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, 'ਕਾਂਗਰਸ ਪਿਛਲੇ ਸੱਤਰ ਸਾਲਾਂ ਵਿਚੋਂ 60 ਸਾਲਾਂ ਤੱਕ ਦੇਸ਼ ਦੀ ਸੱਤਾ 'ਤੇ ਕਾਬਜ਼ ਰਹੀ, ਪਰ ਪਾਰਟੀ ਨੇ ਉਦੋਂ ਕਿਸਾਨਾਂ ਲਈ ਕੁਝ ਕਿਉਂ ਨਹੀਂ ਕੀਤਾ?'

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਪੰਜਾਬ ਸਰਕਾਰ ਦੇ ਫ਼ੈਸਲੇ ਤੋਂ ਮੇਘਾਲਿਆ ਸਰਕਾਰ 'ਨਾਖ਼ੁਸ਼'

### *ਸ਼ਿਲਾਂਗ ਦੇ ਸਿੱਖਾਂ ਨੂੰ ਮਾਲੀ ਮਦਦ ਦੇਣ ਉਤੇ ਇਤਰਾਜ਼*

**ਸ਼ਿਲਾਂਗ/ਬਿਊਰੋ ਨਿਊਜ਼ :** ਮੇਘਾਲਿਆ ਦੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਹੈਮਲੈੱਟਸੋਨ ਨੇ ਪੰਜਾਬ ਸਰਕਾਰ ਵੱਲੋਂ ਸ਼ਿਲਾਂਗ ਵਿਚ ਰਹਿੰਦੇ ਸਿੱਖ ਭਾਈਚਾਰੇ ਨੂੰ 60 ਲੱਖ ਰੁਪਏ ਮੁਆਵਜ਼ਾ ਦੇਣ ਦੇ ਫ਼ੈਸਲੇ 'ਤੇ ਆਪਣੀ ਸਰਕਾਰ ਦੀ 'ਨਾਖ਼ੁਸ਼ੀ' ਜ਼ਾਹਰ ਕੀਤੀ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਕੋਨਰਾਡ ਸੰਗਮਾ ਇਸ ਸਬੰਧੀ ਜਲਦੀ ਹੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਕਰਨਗੇ।

ਜ਼ਿਕਰਯੋਗ ਹੈ ਕਿ ਜੂਨ ਮਹੀਨੇ ਇੱਥੇ ਹੋਏ ਦੰਗਾ-ਫ਼ਸਾਦ ਦੌਰਾਨ ਭਾਈਚਾਰੇ ਦਾ ਮਾਲੀ ਨੁਕਸਾਨ ਹੋਇਆ ਸੀ। ਮੇਘਾਲਿਆ ਦੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਹੈਮਲੈੱਟਸੋਨ ਦੌਹਲਿੰਗ ਨੇ ਪੰਜਾਬ ਸਰਕਾਰ ਨੂੰ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ। ਉਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਦਾ ਫ਼ੈਸਲਾ ਮਸਲੇ ਨੂੰ ਹੋਰ ਵਿਗਾੜੇਗਾ ਜਦਕਿ ਮੇਘਾਲਿਆ ਸਰਕਾਰ ਸਹਿਮਤੀ ਨਾਲ ਹੱਲ ਦੇ ਯਤਨ ਕਰ ਰਹੀ ਹੈ। ਪੰਜਾਬ ਸਰਕਾਰ ਨੇ ਇਸੇ ਹਫ਼ਤੇ ਦੇ ਸ਼ੁਰੂ ਵਿਚ ਇਹ ਰਾਸ਼ੀ ਪ੍ਰਵਾਨ ਕੀਤੀ ਸੀ। ਪੰਜਾਬ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਮਾਲੀ ਮਦਦ ਵਿਚੋਂ 50 ਲੱਖ ਰੁਪਏ ਖਾਲਸਾ ਮਿਡਲ ਸਕੂਲ ਦੀ ਖ਼ਸਤਾ ਹਾਲ ਇਮਾਰਤ ਲਈ ਰੱਖੇ ਗਏ ਹਨ। ਬਾਕੀ ਰਾਸ਼ੀ ਉਨਾਂ ਸਿੱਖਾਂ ਲਈ ਰੱਖੀ ਗਈ ਹੈ, ਜਿਨਾਂ ਦੀਆਂ ਦੁਕਾਨਾਂ ਤੇ ਟਰੱਕ ਦੰਗਿਆਂ ਦੌਰਾਨ ਨੁਕਸਾਨੇ ਗਏ ਹਨ। ਦੌਹਲਿੰਗ ਨੇ ਕਿਹਾ ਕਿ ਡਿਪਟੀ ਮੁੱਖ ਮੰਤਰੀ ਦੀ ਅਗਵਾਈ ਵਿਚ ਇਕ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ ਜੋ ਮਸਲੇ ਦੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖ ਕੇ ਸਮੱਸਿਆ ਦੇ ਹੱਲ ਲਈ ਯਤਨ ਕਰ ਰਹੀ ਹੈ।

# ਰੰਗਲੇ ਸੱਜਣ ਦਾ ਸ਼ਾਨਦਾਰ ਜੀਵਨ ਸਫ਼ਰ



ਗੁਰਬਚਨ ਸਿੰਘ ਢਿੱਲੋਂ ਦੀ ਅਚਾਨਕ ਮੌਤ ਨੇ ਉਹਦੇ ਪਰਿਵਾਰ, ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਅਜਿਹੇ ਸਦਮੇ ਵਿੱਚ ਪਾ ਦਿੱਤਾ ਜਿਸਦਾ ਉਨ੍ਹਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ। ਸਨਿੱਚਰਵਾਰ ਨੂੰ ਹੱਸਦੇ ਖੇਡਦੇ ਕਮਿਊਨਿਟੀ ਦੇ ਦੋ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਤੇ ਅਗਲੀ ਸਵੇਰ ਕਸਰਤ ਕਰਦੇ ਇਹ ਭਾਣਾ ਵਰਤ ਗਿਆ। ਭਾਈ ਢਿੱਲੋਂ ਬੇਏਰੀਏ ਵਿੱਚ ਬਹੁਤ ਸਪੱਸ਼ਟ ਤੇ ਮੂੰਹ ਤੇ ਗੱਲ ਕਹਿਣ ਵਾਲਾ ਇਨਸਾਨ ਸੀ। ਕਦੇ ਕਿਸੇ ਨੂੰ ਫਿੱਕਾ ਨਹੀਂ ਬੋਲਿਆ ਪਰ ਦਿਲ ਵਿੱਚ ਆਈ ਗੱਲ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਪਿਛਲੇ 30-35 ਸਾਲ ਤੋਂ ਗੁਰਦੁਆਰਾ ਸਾਹਿਬ ਫਰੀਮੌਂਟ ਨਾਲ ਇਨ੍ਹਾਂ ਦਾ ਪਰਿਵਾਰ ਜੁੜਿਆ ਹੈ ਜਦੋਂ ਇਨ੍ਹਾਂ ਦੇ ਬਾਪੂ ਸੂਰਤ ਸਿੰਘ ਵੀ ਸੱਚੀ ਗੱਲ ਕਹਿਣੋ ਨਹੀਂ ਰਹਿੰਦੇ ਸਨ। ਭਾਈ ਗੁਰਬਚਨ ਸਿੰਘ ਕਮੇਟੀ ਤੋਂ ਬਿਨਾਂ ਸਿੱਖ ਪੰਚਾਇਤ ਦੇ ਵੀ ਸਰਗਰਮ ਮੈਂਬਰ ਸਨ।

ਸ.ਗੁਰਬਚਨ ਸਿੰਘ ਢਿੱਲੋਂ ਦਾ ਜਨਮ ਪਿੰਡ ਸੁਰਸਿੰਘ ਜ਼ਿਲ੍ਹਾ ਅੰਮ੍ਰਿਤਸਰ ਵਿਚ 15 ਸਤੰਬਰ, 1951 ਨੂੰ ਪਿਤਾ ਸ. ਸੂਰਤ ਸਿੰਘ ਢਿੱਲੋਂ ਅਤੇ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਹੋਇਆ। ਆਪ ਦੇ ਦਾਦਾ ਜੀ ਰਸਾਲਦਾਰ ਹਜ਼ਾਰਾ ਸਿੰਘ ਮਹਾਰਾਜਾ ਪਟਿਆਲਾ ਦੀ ਫੌਜ ਵਿਚ ਇਕ ਬਹੁਤ ਹੀ ਨੇਕ ਇਨਸਾਨ ਸਨ। ਪੰਜ ਭੈਣ ਭਰਾਵਾਂ ਵਿਚੋਂ ਉਹ ਦੂਜੇ ਨੰਬਰ ਤੇ ਸੀ।

ਮੁੱਢਲੀ ਸਿੱਖਿਆ ਪਿੰਡ ਦੇ ਹੀ ਸਰਕਾਰੀ ਸਕੂਲ ਵਿਚੋਂ ਕਰਨ ਤੋਂ ਬਾਅਦ ਦਸਵੀਂ ਤੱਕ ਦੀ ਪੜ੍ਹਾਈ ਵੀ ਪਿੰਡ ਦੇ ਹੀ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਇਕ ਸਾਧਾਰਨ ਪਰਿਵਾਰ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਆਪ ਦੀ ਰੁਚੀ ਪੜ੍ਹਨ ਵਿਚ ਬਹੁਤ ਜ਼ਿਆਦਾ ਸੀ। ਆਪ ਨੇ ਮੇਹਰ ਚੰਦ ਪੌਲੀਟੈਕਨਿਕ ਕਾਲਜ ਜਲੰਧਰ ਤੋਂ ਮਕੈਨੀਕਲ ਇੰਜੀਨੀਅਰ ਦੀ ਪੜ੍ਹਾਈ ਪੂਰੀ ਕੀਤੀ। ਬਹੁਤ ਹੀ ਸਾਦਾ ਰਹਿਣ ਸਹਿਣ ਤੇ ਉਚੇ ਵਿਚਾਰ ਰੱਖਣ ਵਾਲੇ ਆਪਣੇ ਛੋਟੇ ਦੋ ਭਰਾਵਾਂ ਤੇ ਇਕ ਭੈਣ ਲਈ ਪ੍ਰੇਰਨਾ ਸਰੋਤ ਸਨ। ਪਿੰਡ ਵਿਚ ਬਹੁਤ ਹੀ ਸ਼ਰੀਫ਼ ਜਾਣਿਆ ਜਾਂਦਾ ਇਨਸਾਨ ਹਰ ਛੋਟੇ ਵੱਡੇ ਨੂੰ ਪਿਆਰ ਕਰਦਾ ਸੀ।

ਤਿੰਨ ਸਾਲ ਬੇਰੁਜ਼ਗਾਰ ਰਹਿਣ ਉਪਰੰਤ ਆਪ ਦੀ ਨੌਕਰੀ ਦੀ ਪਹਿਲੀ ਨਿਯੁਕਤੀ ਓਵਰਸੀਰ ਦੇ ਤੌਰ 'ਤੇ ਬਿਆਸ ਸਤਲੁਜ ਲਿੰਕ (ਬੀਐਸਐਲ) ਪ੍ਰੋਜੈਕਟ ਸੁੰਦਰ ਨਗਰ, ਹਿਮਾਚਲ ਪ੍ਰਦੇਸ਼ ਵਿਚ ਹੋਈ। ਤਿੰਨ ਸਾਲ ਇਸ ਪ੍ਰੋਜੈਕਟ ਤੇ ਕੰਮ ਕਰਨ ਤੋਂ ਬਾਅਦ ਮੁਕੇਰੀਆਂ ਹਾਈਡਲ ਪ੍ਰੋਜੈਕਟ ਤੇ ਇੰਜੀਨੀਅਰ ਦੀ ਸੇਵਾ ਕਰਨ ਤੋਂ ਬਾਅਦ ਸਿੰਚਾਈ ਵਿਭਾਗ ਅੰਮ੍ਰਿਤਸਰ ਵਿਚ ਨਿਯੁਕਤ ਹੋਏ। ਆਪਣਾ ਕੰਮ ਪੂਰੀ ਲਗਨ ਅਤੇ ਮਿਹਨਤ ਨਾਲ ਕਰਨ ਕਰਕੇ ਹਰ ਇਕ ਦਾ ਦਿਲ ਜਿੱਤ ਲੈਂਦੇ ਸਨ।

ਜੂਨ 1978 ਵਿਚ ਆਪ ਜੀ ਦੀ ਸ਼ਾਦੀ ਫਰਿਜਨੋ ਨਿਵਾਸੀ ਸ. ਗੁਰਦੀਪ ਸਿੰਘ ਸੰਧੂ ਅਤੇ ਸਰਦਾਰਨੀ ਗੁਰਬਚਨ ਕੌਰ ਦੀ ਸੂਝਵਾਨ ਸਪੁੱਤਰੀ ਬੀਬੀ ਬਲਬੀਰ ਕੌਰ ਨਾਲ ਹੋਈ। ਬੀਬੀ ਬਲਬੀਰ ਕੌਰ ਬਹੁਤ ਹੀ ਨਿੱਘੇ ਅਤੇ ਮਿਲਾਪੜੇ ਸੁਭਾਅ ਵਾਲੇ ਸਨ। ਡਾ. ਨਿੰਦੀ ਸੰਧੂ ਦੀ ਭੈਣ ਆਪਣੇ ਪਤੀ ਦਾ ਹਰ ਦੁੱਖ ਸੁੱਖ ਵਿਚ ਸਾਥ ਦੇ ਰਹੇ ਸਨ। ਦੋ ਬੱਚੇ ਜਸਪਾਲ ਸਿੰਘ ਢਿੱਲੋਂ ਅਤੇ ਮਨਦੀਪ ਕੌਰ ਢਿੱਲੋਂ ਪੈਦਾ ਹੋਏ। ਜਸਪਾਲ ਸਿੰਘ ਆਪਣਾ ਅਮਰੀਕਾ ਹੋਣ ਦਾ ਫਰਜ਼ ਨਿਭਾਉਂਦਿਆਂ ਪੰਜ ਸਾਲ ਇਰਾਕ ਵਿਚ ਮਰੀਨ ਵਿਚ ਸੇਵਾ ਕੀਤੀ। ਬੇਟੀ ਮਨਦੀਪ ਕੌਰ ਅੱਖਾਂ ਦੀ ਡਾਕਟਰੀ ਪਾਸ ਕਰਕੇ ਆਪਣੇ ਪੇਸ਼ੇ ਵਿਚ ਸਫ਼ਲ ਹੈ। ਸ. ਅਮਰ ਸਿੰਘ ਦੁਸਾਂਝ (ਸੰਪਾਦਕ ਅਕਾਲੀ ਪੱਤ੍ਰਿਕਾ) ਦੇ ਪੋਤਰੇ ਸ਼ਿਵਰਾਜ ਸਿੰਘ ਨਾਲ ਵਿਆਹ ਕਰਕੇ ਆਪਣੇ ਸਹੁਰੇ ਪਰਿਵਾਰ ਵਿਚ ਖੁਸ਼ ਵਸ ਰਹੀ ਹੈ।

ਅਮਰੀਕਾ ਵਿਚ ਰਹਿੰਦਿਆਂ ਆਪਣੀ ਗ੍ਰਹਿਸਥੀ ਦੀ ਗੱਡੀ ਨੂੰ ਸਹੀ ਤੋਰੀ ਰੱਖਣ ਲਈ ਦੋਵੇਂ ਪਤੀ-ਪਤਨੀ ਨੌਕਰੀ ਕਰਦੇ ਸਨ। ਆਪਣੀ ਨੌਕਰੀ ਦੇ ਨਾਲ ਨਾਲ ਪੜ੍ਹਾਈ ਜਾਰੀ ਰੱਖ ਕੇ ਇੰਡੀਆ ਰਹਿੰਦੇ ਪਰਿਵਾਰ ਦੀ ਜਿੰਮੇਵਾਰੀ ਸੰਭਾਲਦਿਆਂ ਹੋਇਆਂ 1986 ਵਿਚ ਯੂਨੀਵਰਸਿਟੀ ਆਫ਼ ਸਾਨਫਰਾਂਸਿਸਕੋ ਤੋਂ ਇੰਜੀਨੀਅਰ ਦੀ ਡਿਗਰੀ ਪ੍ਰਾਪਤ ਕਰਕੇ ਸਿਲੀਕਾਨ ਵੈਲੀ ਵਿਚ ਬਤੌਰ ਇੰਜੀਨੀਅਰ ਨੌਕਰੀ ਸ਼ੁਰੂ ਕੀਤੀ। ਸਿਲੀਕਾਨ ਵੈਲੀ ਦੀ ਮਸ਼ਹੂਰ ਕੰਪਨੀ ਛਕਪਵਕ ਵਿਚ ਕਈ ਸਾਲ ਨੌਕਰੀ ਕੀਤੀ।

ਆਪਣੀ ਪਰਿਵਾਰਕ ਜਿੰਦਗੀ ਨੂੰ ਪੂਰੀ ਜਿੰਮੇਵਾਰੀ ਨਾਲ ਸੰਭਾਲਦੇ ਹੋਏ ਪਿੱਛੇ ਭਾਰਤ ਰਹਿੰਦੇ ਭੈਣਾਂ-ਭਰਾਵਾਂ ਨੂੰ ਅਮਰੀਕਾ ਬੁਲਾ ਕੇ ਪੂਰੇ ਪਰਿਵਾਰਾਂ ਦੀ ਹਰ ਮਾਇਕ ਸਹਾਇਤਾ ਦੇ ਨਾਲ ਨਾਲ ਇਕ ਚੰਗਾ ਨਿਰਦੇਸ਼ਕ ਸਾਬਤ ਹੋਇਆ। ਅੱਜ ਸਾਰੇ ਭੈਣ-ਭਰਾਵਾਂ ਦੇ ਪਰਿਵਾਰ ਤੇ ਬੱਚੇ ਆਪੋ ਆਪਣੇ ਕੰਮਾਂ ਵਿਚ ਸੈਟ ਹੋ ਕੇ ਚੰਗੀ ਜਿੰਦਗੀ ਬਿਤਾਅ ਰਹੇ ਹਨ।

ਇੰਨਾ ਕੁਝ ਹੋਣ ਦੇ ਬਾਵਜੂਦ ਪਰਿਵਾਰ ਵਿਚ ਛੋਟੇ ਭਰਾ ਕਰਮਿੰਦਰ ਸਿੰਘ ਢਿੱਲੋਂ ਦੀ ਬੇਵਕਤੀ ਮੌਤ ਦਾ ਸਦਮਾ ਬੜੇ ਵੱਡੇ ਜਿਗਰੇ ਨਾਲ ਸਹਾਰਿਆ।

ਹਰ ਇਕ ਦੇ ਦੁੱਖ ਸੁੱਖ ਵਿਚ ਮੋਢਾ ਡਾਹ ਕੇ ਖੜ੍ਹੇ ਹੋਣ ਵਾਲੇ ਗੁਰਬਚਨ ਸਿੰਘ ਢਿੱਲੋਂ ਦੀ 15 ਦਸੰਬਰ 2018 ਦੀ ਅਚਾਨਕ ਹੋਈ ਮੌਤ ਪਿਆ ਘਾਟਾ ਕਦੇ ਵੀ ਪੂਰਿਆ ਨਹੀਂ ਜਾ ਸਕੇਗਾ।

## ਸ. ਢਿਲੋਂ ਦੇ ਅਚਾਨਕ ਤੁਰ ਜਾਣ 'ਤੇ ਸ਼ੋਕ ਦੀ ਪ੍ਰਗਟਾਇਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸੁਰਸਿੰਘ ਨਿਵਾਸੀ ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ ਵਿਸ਼ਵ ਚੈਪੀਅਨ, ਕਹਾਣੀਕਾਰ ਵਰਿਆਮ ਸਿੰਘ ਸੰਧੂ, ਕੁਲਦੀਪ ਸਿੰਘ, ਜਗਦੀਸ਼ ਸਿੰਘ ਢਿੱਲੋਂ ਬੇਕਰਸਫ਼ੀਲਡਜ਼, ਹਾਂਗਕਾਂਗ ਤੋਂ ਸੂਰਜਾ ਸਿੰਘ ਢਿੱਲੋਂ, ਬਚਿੱਤਰ ਸਿੰਘ, ਬਿੱਲਾ ਸੰਘੇੜਾ, ਸਿਆਟਲ ਤੋਂ ਹਰਦੀਪ ਸਿੰਘ ਗਿੱਲ, ਪਿੰਟੂ ਬਾਠ ਅਤੇ ਗੁਰਦੀਪ ਸਿੰਘ ਨੇ ਗੁਰਬਚਨ ਸਿੰਘ ਢਿੱਲੋਂ ਦੀ ਅਚਾਨਕ ਮੌਤ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਹਰਭਜਨ ਸਿੰਘ ਨੇ ਦੱਸਿਆ ਕਿ ਸੁਰਸਿੰਘ ਪਿੰਡ ਦੇ ਹਰਮਨਪਿਆਰੇ ਅਤੇ ਪੜ੍ਹੇ ਲਿਖੇ ਹੋਣ ਕਰਕੇ ਪਿੰਡ ਵਿਚ ਸੋਗ ਛਾਇਆ ਹੋਇਆ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਬਰਗਾੜੀ ਮੋਰਚਾ : ਪੰਥਕ ਰਾਜਨੀਤੀ ਨਾ ਉਭਰੀ, ਸੰਗਤ ਨਿਰਾਸ਼

## ਕੈਪਟਨ ਸਰਕਾਰ ਨੇ ਕੀਤਾ ਧੋਖਾ ; ਮੋਰਚੇ ਤੇ ਪਾਬੰਦੀ ; ਪੁਲਿਸ ਮੁਖੀ ਸੈਣੀ ਨੂੰ ਬਚਾਉਣ ਦੇ ਯਤਨ ਜਾਰੀ

**ਬਰਗਾੜੀ/ਬਿਊਰੋ ਨਿਊਜ਼ :** 1 ਜੂਨ 2018 ਤੋਂ ਸ਼ੁਰੂ ਹੋ ਕੇ 9 ਦਸੰਬਰ 2018 ਤੱਕ 6 ਮਹੀਨੇ ਤੋਂ ਵੱਧ ਸਮਾਂ ਸ਼ਾਂਤਮਈ ਢੰਗ ਨਾਲ ਚੱਲੇ ਬਰਗਾੜੀ ਮੋਰਚੇ ਦਾ ਅੰਤ ਸਿੱਖ ਪੰਥ ਲਈ ਨਿਰਾਸ਼ਾ ਦਾ ਕਾਰਨ ਬਣ ਰਿਹਾ ਹੈ। ਹਾਲਾਂ ਕਿ ਇਕ ਸਮਾਂ ਸੀ ਕਿ ਬਰਗਾੜੀ ਮੋਰਚੇ ਦੀ ਚੜ੍ਹਤ ਵਿਚੋਂ ਪੰਜਾਬੀਆਂ, ਖ਼ਾਸ ਕਰ ਸਿੱਖਾਂ ਦੀਆਂ ਆਸ਼ਾਵਾਂ ਪੂਰੀਆਂ ਕਰਨ ਵਾਲੀ ਕੋਈ ਪਾਰਟੀ ਨਿਕਲਦੀ ਨਜ਼ਰ ਆ ਰਹੀ ਸੀ। ਭਾਈ ਧਿਆਨ ਸਿੰਘ ਮੰਡ ਨੇ ਤਾਂ ਇਥੋਂ ਤੱਕ ਬਿਆਨ ਦੇ ਦਿੱਤਾ ਸੀ ਕਿ ਬਰਗਾੜੀ ਮੋਰਚਾ ਭਾਵੇਂ ਬਿਨਾ ਕੋਈ ਜਥੇਬੰਦੀ ਬਣਾਏ ਸੰਨ 2019 ਦੀਆਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦੇਵੇ ਤਾਂ ਲੋਕ ਉਨ੍ਹਾਂ ਨੂੰ ਆਪੇ ਹੀ ਜਿਤਾ ਦੇਣਗੇ। ਪਰ ਹੁਣ ਬਰਗਾੜੀ ਮੋਰਚੇ ਨੇ ਆਪਣੀ ਚੜ੍ਹਤ ਗੁਆ ਲਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਰਗਾੜੀ ਮੋਰਚੇ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਕਰੀਬ 27 ਵਿਅਕਤੀ ਜੇਲ੍ਹਾਂ ਵਿਚ ਪੁੱਜੇ ਹਨ। ਅਜੇ ਇਕ ਭਗੌੜਾ ਹੈ ਤੇ ਕੁਝ ਮਹੱਤਵਪੂਰਨ ਵਿਅਕਤੀਆਂ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਬੇਅਦਬੀ ਦਾ ਵਿਰੋਧ ਕਰਦੇ ਮਾਰੇ ਗਏ ਅਤੇ ਜ਼ਖ਼ਮੀਆਂ ਨੂੰ ਠੀਕ ਮੁਆਵਜ਼ਾ ਮਿਲਿਆ ਹੈ। ਬਾਦਲ ਦੇ ਰਾਜ ਦੀ ਅਣ-ਪਛਾਤੀ ਪੁਲਿਸ ਉੱਤੇ ਬਾਇ-ਨੇਮ ਕੇਸ ਦਰਜ ਹੋਏ ਹਨ; 295-ਏ ਤਹਿਤ ਜਿਹੜੇ ਕੇਸ ਬਣੇ ਸਨ, ਉਹ ਰੱਦ ਹੋਏ ਹਨ। ਮ੍ਰਿਤਕਾਂ ਤੇ ਜਖ਼ਮੀਆਂ ਦੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ ਤੇ ਜੋ ਰਹਿ ਗਏ ਹਨ ਉਨ੍ਹਾਂ ਨੂੰ ਦਿੱਤਾ ਜਾ ਰਿਹਾ ਹੈ।ਦਿਲਬਾਗ ਸਿੰਘ ਬਾਘਾ ਦੀ 26 ਸਾਲ ਬਾਅਦ ਰਿਹਾਈ ਹੋ ਰਹੀ ਹੈ। ਬਾਹਰਲੀਆਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਪੰਜਾਬ ਲਿਆਉਣ ਲਈ ਪੱਤਰ ਲਿਖੇ ਗਏ ਹਨ।ਪੈਰੋਲ ਦਾ ਸਮਾਂ ਵਧਾ ਕੇ 16 ਹਫ਼ਤੇ ਕਰਨ ਲਈ ਕੈਬਨਿਟ ਨੇ ਫੈਸਲਾ ਲਿਆ ਹੈ। ਇਸ ਸਬੰਧ ਵਿਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਅਕਸ਼ੈ ਕੁਮਾਰ ਅਤੇ ਕੁਝ ਹੋਰ ਨਾਮਵਰ ਵਿਅਕਤੀਆਂ ਨੂੰ ਜਾਂਚ ਦੇ ਘੇਰੇ ਵਿਚ ਲਿਆ ਗਿਆ ਹੈ। ਪਰ ਇਹ ਬਰਗਾੜੀ ਮੋਰਚੇ ਦੀ ਮੁਕੰਮਲ ਜਿੱਤ ਨਹੀਂ। ਮੋਰਚੇ ਨੂੰ ਖ਼ਤਮ ਕਰਨ ਸਮੇਂ ਕਾਹਲੀ ਕੀਤੀ ਗਈ ਤੇ ਬਹੁਤ ਸਾਰੀਆਂ ਧਿਰਾਂ ਨੂੰ ਵਿਸ਼ਵਾਸ ਵਿਚ ਵੀ ਨਹੀਂ ਲਿਆ ਗਿਆ। ਮੋਰਚੇ ਦੀ ਤੀਸਰੀ ਮੰਗ ਜੋ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਸਬੰਧੀ ਸੀ, ਉਹ ਵੀ ਅਜੇ ਅੱਧਵਾਟੇ ਹੀ ਹੈ। ਇਸ ਤਰ੍ਹਾਂ ਦੀ ਸਥਿਤੀ ਨੇ ਮੋਰਚਾ ਚਲਾਉਣ ਵਾਲੀਆਂ ਧਿਰਾਂ ਨੂੰ ਹੀ ਪੰਥ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਭਾਈ ਮੰਡ ਦੀ ਸੰਤ ਦਾਦੂਵਾਲ ਨਾਲ ਅਣਬਣ ਮੋਰਚਾ ਚਲਾਉਣ ਵਾਲੀਆਂ ਧਿਰਾਂ ਦੇ ਅਕਸ ਨੂੰ ਖ਼ਰਾਬ ਕਰ ਚੁੱਕੀ ਹੈ।

ਸੂਤਰਾਂ ਅਨੁਸਾਰ ਭਾਵੇਂ ਸਰਕਾਰ ਦੇ ਮੰਤਰੀ ਮੋਰਚਾ ਖ਼ਤਮ ਕਰਵਾਉਣ ਲਈ ਬਰਗਾੜੀ ਆਏ ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਨੂੰ ਆਉਣ ਲਈ ਮਨਾਉਣ ਵਾਸਤੇ ਵੀ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ ਵਲੋਂ ਪਹੁੰਚ ਕੀਤੀ ਗਈ ਸੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਮੋਰਚਾ ਖ਼ਤਮ ਕਰ ਦਿੱਤਾ ਗਿਆ। ਪਰ ਇਸ ਤੋਂ ਬਾਅਦ ਜਿਸ ਤਰ੍ਹਾਂ ਦੀਆਂ ਸਥਿਤੀਆਂ ਬਣਦੀਆਂ ਦਿਖਾਈ ਦੇ ਰਹੀਆਂ ਹਨ, ਉਹ ਇਹੀ ਪ੍ਰਭਾਵ ਦੇ ਰਹੀਆਂ ਹਨ ਕਿ ਬਰਗਾੜੀ ਮੋਰਚੇ ਵਿਚੋਂ ਸਿੱਖਾਂ ਦੀ ਕਿਸੇ ਸਰਬ ਪ੍ਰਵਾਨਿਤ ਜਥੇਬੰਦੀ ਦੇ ਉਭਰਨ ਦੀ ਬਹੁਤੀ ਆਸ ਨਹੀਂ ਹੈ।ਪਰ ਇਹ ਸੱਚ ਹੈ ਤੇ ਇਸ ਨਾਲ ਜੁੜੇ ਵਿਵਾਦ ਵੱਖ-ਵੱਖ ਬਿਆਨਾਂ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ। ਜਿੱਥੇ ਇੱਕ ਪਾਸੇ ਇਸ ਮੋਰਚੇ ਦੀ ਸਮਾਪਤੀ ਤੋਂ ਬਾਅਦ ਭਾਈ ਧਿਆਨ ਸਿੰਘ ਮੰਡ ਅਤੇ ਉਨ੍ਹਾਂ ਦੇ ਸਾਥੀਆਂ ਨੇ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ੁਕਰਾਨੇ ਦੀ ਅਰਦਾਸ ਕਰਨ ਮੌਕੇ ਇਸ ਮੋਰਚੇ ਦੇ ਦੂਜੇ ਪੜਾਅ ਦੀ ਰੂਪ-ਰੇਖਾ ਉਲੀਕਣ ਲਈ 20 ਦਸੰਬਰ ਨੂੰ ਫਤਿਹਗੜ੍ਹ ਸਾਹਿਬ ਵਿਖੇ ਮੀਟਿੰਗ ਸੱਦ ਲਏ ਜਾਣ ਦਾ ਐਲਾਨ ਕੀਤਾ, ਉੱਥੇ ਦੂਜੇ ਪਾਸੇ ਇਸ ਮੋਰਚੇ ਵਿੱਚ ਭਾਈ ਮੰਡ ਦੇ ਭਾਈਵਾਲ ਰਹੇ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਬਰਗਾੜੀ ਮੋਰਚੇ ਦੀ ਸਮਾਪਤੀ ਦੇ ਫੈਸਲੇ ਨੂੰ ਭਾਈ ਮੰਡ ਵਲੋਂ ਆਪੇ ਲਿਆ ਗਿਆ ਨਾਦਰਸ਼ਾਹੀ ਫੈਸਲਾ ਗਰਦਾਨ ਦਿੱਤਾ ਹੈ ਤੇ ਐਲਾਨ ਕੀਤਾ ਹੈ ਕਿ ਹੁਣ ਉਹ ਭਾਈ ਮੰਡ ਨਾਲ ਮਿਲ ਕੇ ਇਸ ਸੰਘਰਸ਼ ਵਿਚ ਅੱਗੇ ਸ਼ਾਮਿਲ ਨਹੀਂ ਹੋਣਗੇ। ਭਾਈ ਦਾਦੂਵਾਲ ਨੇ ਕਿਹਾ ਕਿ ਬਰਗਾੜੀ ਮੋਰਚੇ ਦੀ ਸਮਾਪਤੀ ਦਾ ਫੈਸਲਾ ਆਪਸੀ ਸਹਿਮਤੀ ਨਾਲ ਲਿਆ ਜਾਣਾ ਚਾਹੀਦਾ ਸੀ ਜੋ ਕਿ ਨਹੀਂ ਲਿਆ ਗਿਆ ਤੇ ਇਹ ਫੈਸਲਾ ਕਾਹਲੀ ਵਿਚ ਲੈ ਲਿਆ ਗਿਆ। ਉਨ੍ਹਾਂ ਕਿਹਾ ਕਿ ਇਹ ਮੋਰਚਾ ਉਦੋਂ ਤੱਕ ਸਮਾਪਤ ਨਹੀਂ ਕਰਨਾ ਚਾਹੀਦਾ ਸੀ ਜਦੋਂ ਤੱਕ ਬੇਅਦਬੀ ਕਾਂਡ ਅਤੇ ਉਸ ਤੋਂ ਬਾਅਦ ਵਾਪਰੇ ਗੋਲੀਕਾਂਡ ਦੇ ਮੁਲਜ਼ਮਾਂ ਦੀਆਂ ਗ੍ਰਿਫਤਾਰੀਆਂ ਨਹੀਂ ਹੋ ਜਾਂਦੀਆਂ। ਉਨ੍ਹਾਂ ਕਿਹਾ ਕਿ ਆਉਣ ਵਾਲੀ 20 ਦਸੰਬਰ ਨੂੰ ਭਾਈ ਮੰਡ ਵਲੋਂ ਬਰਗਾੜੀ ਮੋਰਚੇ ਦੇ ਦੂਜੇ ਪੜਾਅ ਦੀ ਰੂਪ ਰੇਖਾ ਉਲੀਕਣ ਲਈ ਫਤਿਹਗੜ੍ਹ ਸਾਹਿਬ ਵਿਖੇ ਸੱਦੀ ਗਈ ਮੀਟਿੰਗ ਵਿੱਚ ਸ਼ਾਮਿਲ ਹੋਣ ਸਬੰਧੀ ਉਹ ਮੁੜ ਵਿਚਾਰ ਕਰਨਗੇ। ਇੱਧਰ ਦੂਜੇ ਪਾਸੇ ਭਾਈ ਮੰਡ ਇਹ ਮੰਨਣ ਲਈ ਬਿਲਕੁਲ ਵੀ ਤਿਆਰ ਨਹੀਂ ਹਨ ਕਿ ਭਾਈ ਦਾਦੂਵਾਲ ਅਤੇ ਅਮਰੀਕ ਸਿੰਘ ਅਜਨਾਲਾ ਤੋਂ ਇਲਾਵਾ ਭਾਈ ਜਗਤਾਰ ਸਿੰਘ ਹਵਾਰਾ ਨਾਲ ਇਸ ਮੋਰਚੇ ਦੀ ਸਮਾਪਤੀ ਨੂੰ ਲੈ ਕੇ ਉਨ੍ਹਾਂ ਦੇ ਕਿਸੇ ਤਰ੍ਹਾਂ ਦੇ ਵੀ ਕੋਈ ਮਤਭੇਦ ਹੋਏ ਹਨ। ਉਨ੍ਹਾਂ ਬਰਗਾੜੀ ਮੋਰਚੇ ਨੂੰ ਪੂਰੀ ਤਰ੍ਹਾਂ ਸਫਲ ਕਰਾਰ ਦਿੰਦਿਆਂ ਦਾਅਵਾ ਕੀਤਾ ਹੈ ਕਿ ਇਸ ਮੋਰਚੇ ਦਾ ਹੀ ਦਬਾਅ ਸੀ ਕਿ ਸਰਕਾਰ ਬਾਦਲਾਂ ਅਤੇ ਅਕਸ਼ੈ ਕੁਮਾਰ ਵਰਗੇ ਲੋਕਾਂ ਤੋਂ ਪੁਛਗਿੱਛ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮੋਰਚਾ ਜਾਰੀ ਰਹੇਗਾ। ਇਸ ਤੋਂ ਇਲਾਵਾ ਇਸ ਮੋਰਚੇ ਵਿਚ ਭਾਈਵਾਲ ਤੀਜੇ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਵੀ ਭਾਈ ਦਾਦੂਵਾਲ ਵਾਂਗ ਹੀ ਭਾਈ ਮੰਡ ਵਲੋਂ ਬਰਗਾੜੀ ਮੋਰਚੇ ਦੀ ਸਮਾਪਤੀ ਸਬੰਧੀ ਲਏ ਗਏ ਫੈਸਲੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਇਸ ਮੋਰਚੇ ਤੋਂ ਵੱਖ ਹੋ ਚੁੱਕੇ ਹਨ ਕਿਉਂਕਿ ਜਦੋਂ ਮੋਰਚਾ ਸ਼ੁਰੂ ਕੀਤਾ ਗਿਆ ਸੀ ਤਾਂ ਕੁਝ ਦਿਨ ਬਾਅਦ ਹੀ ਪੰਜਾਬ ਸਰਕਾਰ ਦੇ ਮੰਤਰੀ ਉੱਥੇ ਗੱਲਬਾਤ ਕਰਨ ਲਈ ਆਏ ਸਨ ਪਰ ਭਾਈ ਮੰਡ ਨੇ ਇਹ ਮਾਮਲਾ ਜਾਣਬੁਝ ਕੇ ਲਟਕਾਈ ਰੱਖਿਆ।



### ਭਾਈ ਬਲਜੀਤ ਸਿੰਘ ਦਾਦੂਵਾਲ ਨੂੰ ਮਨਾਉਣ ਲਈ ਯਤਨ ਸ਼ੁਰੂ

ਮੁਤਵਾਜ਼ੀ ਜਥੇਦਾਰਾਂ ਵਿਚਾਲੇ ਪੈਦਾ ਹੋਏ ਮਤਭੇਦਾਂ ਦਾ ਪਰਛਾਵਾਂ ਬਰਗਾੜੀ ਇਨਸਾਫ਼ ਮੋਰਚੇ ਦੇ ਦੂਜੇ ਪੜਾਅ 'ਤੇ ਪੈ ਸਕਦਾ ਹੈ। ਇਸ ਦੌਰਾਨ ਮੋਰਚੇ ਦੇ ਪ੍ਰਬੰਧਕਾਂ ਵਲੋਂ ਨਾਰਾਜ਼ ਹੋਏ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੂੰ ਮਨਾਉਣ ਲਈ ਯਤਨ ਸ਼ੁਰੂ ਕੀਤੇ ਜਾ ਰਹੇ ਹਨ। ਮੋਰਚੇ ਦੇ ਪਹਿਲੇ ਪੜਾਅ ਦੀ ਸਮਾਪਤੀ ਦੇ ਫ਼ੈਸਲੇ ਨੂੰ ਲੈ ਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ ਵਿਚਾਲੇ ਮਤਭੇਦ ਉਭਰੇ ਹਨ। ਇਸ ਕਾਰਨ ਬੀਤੇ ਦਿਨੀਂ ਦੋਵੇਂ ਧਾਰਮਿਕ ਆਗੂ ਇਥੇ ਸ੍ਰੀ ਹਰਿਮੰਦਰ ਸਾਹਿਬ ਵਿਚ ਇਕੱਠੇ ਮੱਥਾ ਟੇਕਣ ਨਹੀਂ ਪੁੱਜੇ। ਭਾਈ ਧਿਆਨ ਸਿੰਘ ਮੰਡ ਨੇ ਆਖਿਆ ਕਿ ਬਾਕੀ ਜਥੇਦਾਰਾਂ ਨਾਲ ਉਨ੍ਹਾਂ ਦੇ ਕੋਈ ਮਤਭੇਦ ਨਹੀਂ ਹਨ। ਬਲਜੀਤ ਸਿੰਘ ਦਾਦੂਵਾਲ ਬਾਰੇ ਬੋਲਦਿਆਂ ਧਿਆਨ ਸਿੰਘ ਮੰਡ ਨੇ ਕਿਹਾ, "ਉਹ ਤੇ ਮੈਂ ਅਤੇ ਦੂਜੇ ਪੰਥਕ ਆਗੂਆਂ ਤੇ ਸੰਗਠਨਾਂ ਨੇ ਸਿਰ ਜੋੜ ਕੇ ਸਾਢੇ ਛੇ ਮਹੀਨੇ ਲੜਾਈ ਲੜੀ ਹੈ। ਦਾਦੂਵਾਲ ਹੁਰਾਂ ਨੇ ਇਸ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਮੈਂ ਕੌਮ ਦਾ ਜਥੇਦਾਰ ਹਾਂ, ਮੈਂ ਪੂਰੀ ਕੌਮ ਅਤੇ ਪੰਜਾਬ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕੰਮ ਕਰਨਾ ਹੈ, ਮੈਂ ਪੂਰੀ ਕੌਮ ਨੂੰ ਜਵਾਬਦੇਹ ਹਾਂ, ਇਸ ਲਈ ਮੈਂ ਕੌਮ ਵੀ ਬਚਾਉਣੀ ਹੈ ਤੇ ਪੰਜਾਬ ਵੀ।" ਜਲਦਬਾਜ਼ੀ ਵਿਚ ਮੋਰਚਾ ਖਤਮ ਕੀਤੇ ਜਾਣ ਬਾਰੇ ਮੰਡ ਨੇ ਬਲਜੀਤ ਸਿੰਘ ਦਾਦੂਵਾਲ ਦੇ ਇਲਜ਼ਾਮਾਂ ਉੱਤੇ ਸਫ਼ਾਈ ਦਿੰਦਿਆਂ ਕਿਹਾ, "ਇਹ ਸਾਡਾ ਅੰਦਰੂਨੀ ਮਸਲਾ ਹੈ, ਇਸ ਨੂੰ ਅਸੀਂ ਆਪੇ ਹੱਲ ਕਰ ਲਵਾਂਗੇ।"



ਇਸ ਦੌਰਾਨ ਯੂਨਾਈਟਿਡ ਅਕਾਲੀ ਦਲ ਦੇ ਮੁਖੀ ਭਾਈ ਮੋਹਕਮ ਸਿੰਘ ਨੇ ਆਖਿਆ ਕਿ ਉਹ ਨਾਰਾਜ਼ ਹੋਏ ਮੁਤਵਾਜ਼ੀ ਜਥੇਦਾਰਾਂ ਨੂੰ ਜਲਦੀ ਹੀ ਮਨਾ ਲੈਣਗੇ। ਉਨ੍ਹਾਂ ਆਖਿਆ ਕਿ ਮੋਰਚੇ ਦਾ ਪਹਿਲਾ ਪੜਾਅ ਸਫ਼ਲ ਰਿਹਾ ਹੈ। ਇਸ ਦੌਰਾਨ ਮੋਰਚੇ ਦੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਮੋਰਚੇ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਸਰਕਾਰ ਵਲੋਂ ਜਲਦੀ ਹੀ ਅਮਲ ਵਿਚ ਲਿਆਂਦਾ ਜਾਵੇਗਾ। ਇਸ ਤਹਿਤ ਜਲਦੀ ਹੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪੱਕੀ ਰਿਹਾਈ ਹੋਣ ਦੀ ਸੰਭਾਵਨਾ ਹੈ।

### ਬਾਦਲ ਦਲ ਦਾ ਬਦਲ ਨਾ ਲੱਭ ਸਕਿਆ ਮੋਰਚਾ

ਸੁਆਲ ਅਜੇ ਖੜ੍ਹਾ ਹੈ ਕਿ ਕੀ ਅਸੀਂ ਬਾਦਲ ਦਲ ਦਾ ਬਦਲ ਲੱਭ ਸਕੇ ? ਜਦੋਂ ਲੱਭ ਲਵਾਂਗੇ ਤਾਂ ਸਾਡੇ ਗਲ ਹਾਰਾਂ ਨਹੀਂ ਪੈਣਗੀਆਂ। ਮੋਰਚੇ ਦੀਆਂ ਪ੍ਰਾਪਤੀਆਂ ਤੇ ਗਲਤੀਆਂ ਦੋਹਾਂ ਦਾ ਅਧਿਐਨ ਕਰਨ ਦੀ ਲੋੜ ਹੈ। ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਗਰੰਥ ਸਾਹਿਬ ਉਤੇ ਹਮਲਾ ਆਮ ਨਹੀਂ ਯੋਜਨਾਬੱਧ ਹੈ ਸਾਜਿਸ਼ ਹੈ। ਸਰਕਾਰਾਂ ਹਮੇਸ਼ਾ ਰਾਜਨੀਤੀ ਖੇਡਦੀਆਂ ਹਨ। ਕੀ ਉਹ ਇਸ ਮਾਮਲੇ ਵਿਚ ਇਨਸਾਫ ਕਰਨਗੀਆਂ। ਭਾਈ ਰਣਜੀਤ ਸਿੰਘ ਢੱਡਰੀਆਂਵਾਲਿਆਂ ਨੇ ਕਿਹਾ ਕਿ ਪਿਛਲੇ ਦਿਨੀਂ ਸਮਾਪਤ ਹੋਏ ਬਰਗਾੜੀ ਮੋਰਚੇ ਨੂੰ ਲਗਾਉਣ ਵਾਲੇ ਜਥੇਦਾਰਾਂ ਸਮੇਤ ਹੋਰ ਆਗੂਆਂ ਉੱਪਰ ਕਿਸੇ ਵੀ ਤਰ੍ਹਾਂ ਦਾ ਕੋਈ ਭਰੋਸਾ ਨਹੀਂ ਸੀ, ਜਿਸ ਕਾਰਨ ਮੈਂ ਇਸ ਮੋਰਚੇ ਵਿਚ ਸ਼ਮੂਲੀਅਤ ਨਹੀਂ ਕੀਤੀ। ਸਮੇਂ-ਸਮੇਂ ਦੀਆਂ ਸਰਕਾਰਾਂ ਵਲੋਂ ਇਨਸਾਫ਼ ਨਾ ਦੇ ਸਮੁੱਚੀ ਸਿੱਖ ਕੌਮ ਨੂੰ ਥਕਾਇਆ ਜਾ ਰਿਹਾ ਹੈ ਅਤੇ ਘੱਟ ਗਿਣਤੀ ਨਾਲ ਲੋਕਤੰਤਰ ਹੋਣ ਦੇ ਬਾਵਜੂਦ ਧੱਕਾ ਲਗਾਤਾਰ ਜਾਰੀ ਹੈ।

### ਮੋਰਚੇ ਉਤੇ ਪਾਬੰਦੀ

ਬਰਗਾੜੀ ਮੋਰਚੇ ਦੇ ਅਗਲੇ ਪੜਾਅ ਦੇ ਡਰੋਂ ਫ਼ਰੀਦਕੋਟ ਪ੍ਰਸ਼ਾਸਨ ਨੇ ਕਸਬਾ ਬਰਗਾੜੀ ਦੀ ਅਨਾਜ ਮੰਡੀ ਵਿਚ ਕਿਸੇ ਤਰ੍ਹਾਂ ਦੇ ਧਰਨੇ-ਮੁਜ਼ਾਹਰੇ ਉੱਤੇ ਮੁਕੰਮਲ ਪਾਬੰਦੀ ਲਾ ਦਿੱਤੀ ਹੈ। ਫ਼ਰੀਦਕੋਟ ਦੇ ਡਿਪਟੀ ਕਮਿਸ਼ਨਰ ਰਾਜੀਵ ਪਰਾਸ਼ਰ ਨੇ ਪਾਬੰਦੀ ਦੇ ਆਦੇਸ਼ ਉਪ ਮੰਡਲ ਮੈਜਿਸਟ੍ਰੇਟ ਜੈਤੋ ਤੇ ਐਸਐਚਓ ਬਾਜਾਖਾਨਾ ਨੂੰ ਭੇਜ ਕੇ ਸਖ਼ਤੀ ਨਾਲ ਅਮਲ ਕਰਨ ਲਈ ਕਿਹਾ ਹੈ। ਇਹ ਹੁਕਮ ਅਗਲੇ ਸਾਲ ਫਰਵਰੀ ਤਕ ਜਾਰੀ ਰਹਿਣਗੇ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਪ੍ਰਸ਼ਾਸਨ ਨੂੰ ਭੈਅ ਸਤਾ ਰਿਹਾ ਹੈ ਕਿ ਪੰਥਕ ਮੋਰਚੇ ਦੇ ਆਗੂ ਮੁੜ ਬਰਗਾੜੀ ਦੀ ਅਨਾਜ ਮੰਡੀ ਵਿਚ ਡੇਰੇ ਨਾ ਲਾ ਲੈਣ, ਇਸ ਕਰ ਕੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ।

### ਬਚਾਇਆ ਜਾ ਰਿਹਾ ਏ ਸਾਬਕਾ ਪੁਲਿਸ ਮੁਖੀ ਸੈਣੀ ਨੂੰ

ਪੰਜਾਬ ਸਰਕਾਰ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਦਾ ਵਿਰੋਧ ਕਰ ਰਹੇ ਸਿੱਖਾਂ 'ਤੇ ਪੁਲਿਸ ਤਸ਼ੱਦਦ ਕਰਨ ਤੇ ਗੋਲੀ ਚਲਾਉਣ ਦੇ ਮਾਮਲੇ ਦੀ ਜੋ ਜਾਂਚ ਐਡੀਸ਼ਨਲ ਡੀਜੀਪੀ. ਪ੍ਰਬੋਧ ਕੁਮਾਰ ਦੀ ਅਗਵਾਈ ਵਿਚ ਬਣਾਈ 5 ਮੈਂਬਰੀ ਵਿਸ਼ੇਸ਼ ਜਾਂਚ ਟੀਮ ਨੂੰ ਦਿੱਤੀ ਸੀ, ਉਸ ਦਾ ਕੰਮ ਇਕ ਤਰ੍ਹਾਂ ਨਾਲ ਠੱਪ ਹੋ ਗਿਆ ਹੈ। ਸਾਬਕਾ ਪੁਲਿਸ ਮੁਖੀ ਸ੍ਰੀ ਸੁਮੇਧ ਸੈਣੀ ਨੂੰ ਪੁੱਛਗਿੱਛ ਲਈ ਬੁਲਾਏ ਜਾਣ ਦੇ ਮੁੱਦੇ 'ਤੇ ਮੁੱਖ ਮੰਤਰੀ ਸਕੱਤਰੇਤ ਪੱਧਰ 'ਤੇ ਚੁੱਪੀ ਚੱਲ ਰਹੀ ਹੈ, ਜਿਸ ਕਾਰਨ ਜਾਂਚ ਟੀਮ ਦਾ ਕੰਮ ਇਕ ਤਰ੍ਹਾਂ ਨਾਲ ਠੱਪ ਹੋ ਗਿਆ ਹੈ। ਪੁਲਿਸ ਹਲਕਿਆਂ ਦਾ ਮੰਨਣਾ ਹੈ ਕਿ ਸੈਣੀ ਇਸ ਜਾਂਚ ਲਈ ਸਭ ਤੋਂ ਮਹੱਤਵਪੂਰਨ ਗਵਾਹ ਹਨ ਕਿਉਂਕਿ ਉਹ ਉਸ ਮੌਕੇ ਸੂਬੇ ਦੇ ਪੁਲਿਸ ਮੁਖੀ ਸਨ ਅਤੇ ਉਹ ਹੀ ਦੱਸ ਸਕਦੇ ਹਨ ਕਿ ਪੁਲਿਸ ਕਾਰਵਾਈ ਕਿਸ ਦੇ ਆਦੇਸ਼ 'ਤੇ ਹੋਈ ਅਤੇ ਗੋਲੀ ਆਦਿ ਚਲਾਉਣ ਦੇ ਆਦੇਸ਼ ਕਿਸ ਪੱਧਰ 'ਤੇ ਹੋਏ। ਹੁਣ ਕੈਪਟਨ ਸਰਕਾਰ ਕਿਸ ਦਬਾਅ ਹੇਠ ਇਸ ਜਾਂਚ ਨੂੰ ਅੱਗੇ ਤੋਰਨ ਤੋਂ ਰੁਕ ਗਈ ਹੈ ਜਦੋਂ ਕਿ ਮੁੱਖ ਮੰਤਰੀ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਤੋਂ ਬਾਅਦ ਲਗਾਤਾਰ ਬਿਨਾ ਦੇਰੀ ਜਾਂਚ ਕਰਾਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਦਾਅਵੇ ਕਰਦੇ ਰਹੇ ਹਨ। ਸਿਆਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਸੁਮੇਧ ਸੈਣੀ ਵਲੋਂ ਲੁਧਿਆਣਾ ਸਿਟੀ ਸੈਂਟਰ ਕੇਸ ਵਿਚ ਪਾਰਟੀ ਬਣਨ ਅਤੇ ਕੁਝ ਮਹੱਤਵਪੂਰਨ ਤੱਥ ਸਾਹਮਣੇ ਲਿਆਉਣ ਸਬੰਧੀ ਦਾਇਰ ਕੀਤੀ ਅਦਾਲਤ ਵਿਚ ਅਰਜ਼ੀ ਨੇ ਵੀ ਮੁੱਖ ਮੰਤਰੀ ਸਕੱਤਰੇਤ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।

### ਸੋਸ਼ਲ ਮੀਡੀਆ ਉਤੇ ਸਖਤ ਵਿਰੋਧ

**ਗੁਰਦਿਆਲ ਸਿੰਘ ਮਿਆਨੀ** ਲਿਖਦੇ ਹਨ ਕਿ ਜਿਨ੍ਹਾਂ ਸੰਗਤਾਂ ਨੇ ਮੋਰਚੇ ਨੂੰ ਸਫਲ ਬਣਾਇਆ, ਮੋਰਚੇ ਦੀ ਸਮਾਪਤੀ ਤੋਂ ਪਹਿਲਾਂ ਉਸ ਸੰਗਤ ਦੀ ਰਾਏ ਕਿਉਂ ਨਹੀਂ ਜਾਣੀ ਗਈ।

**ਚਮਕੌਰ ਸਿੰਘ ਸੰਧੂ** ਆਖਦੇ ਹਨ ਕਿ ਹਰ ਵਾਰ ਸਰਕਾਰ ਨੇ ਸਿੱਖਾਂ ਨੂੰ ਧੋਖਾ ਦਿਤਾ ਹੈ ਅਤੇ ਇਸ ਵਾਰ ਵੀ ਇਹੋ ਹੋਵੇਗਾ।

**ਮਨਜਿੰਦਰ ਸਿੰਘ ਭੱਠਲ** ਆਖਦੇ ਹਨ ਕਿ ਪੰਥ ਨੂੰ ਗੁਰੂ ਸਾਹਿਬ ਜੀ ਨੇ ਧਰਮ ਨਾਲ ਰਾਜਨੀਤੀ ਵੀ ਬਖ਼ਸ਼ੀ ਹੈ। ਜੇਕਰ ਪੰਥ ਨੇ ਆਗੂਆਂ ਦਾ ਸਾਥ ਦਿੱਤਾ ਹੈ ਤੇ ਆਗੂਆਂ ਨੂੰ ਵੀ ਪੰਥ ਦੀਆ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ।

**ਕਰਮਜੀਤ ਸਿੰਘ ਪੱਤਰਕਾਰ** ਚੰਡੀਗੜ੍ਹ ਤੋਂ ਆਖਦੇ ਹਨ ਕਿ ਮੰਡ ਸਾਹਿਬ ਦ੍ਰਿੜ ਸਨ ਅਤੇ ਇਸ ਕਰਕੇ ਮੋਰਚਾ ਹੈਰਾਨ-ਜਨਕ ਹੱਦ ਤਕ ਚੜ੍ਹਦੀ ਕਲਾ ਵਿਚ ਜਾ ਰਿਹਾ ਸੀ। ਸਹਿਯੋਗੀ ਪਾਰਟੀਆਂ ਦਾ ਵਜੂਦ ਇਕ ਤਰ੍ਹਾਂ ਨਾਲ ਬੇਅਸਰ ਹੋ ਗਿਆ ਸੀ ਪਰ ਫਿਰ ਵੀ ਉਹ ਮੰਡ ਸਾਹਿਬ ਦੀ ਦ੍ਰਿੜ੍ਹਤਾ ਕਾਰਨ ਨਾਲ ਚੱਲਣ ਲਈ ਮਜਬੂਰ ਵੀ ਸਨ ਅਤੇ ਜਕੋ-ਤਕੀ ਵਿਚ ਵੀ ਸਨ। ਇਹ ਹਾਲਤ ਲਗਾਤਾਰ ਬਣੀ ਹੋਈ ਸੀ। ਪਰ ਅਖੀਰਲੇ ਦਿਨਾਂ ਵਿਚ ਕੀ ਭਾਣਾ ਵਾਪਰਿਆ ਕਿ ਮੰਡ ਸਾਹਿਬ ਨੇ ਹਥਿਆਰ ਸੁੱਟ ਦਿੱਤੇ। ਕੋਈ ਲਿਖਤੀ ਭਰੋਸਾ ਵੀ ਨਾ ਲਿਆ। ਸਿੱਟ ਦੀ ਰਿਪੋਰਟ ਵੀ ਨਾ ਉਡੀਕੀ।ਇਹ ਕਾਹਲ ਕਿਉਂ ਹੋਈ ? ਜੇ ਮੰਡ ਸਾਹਿਬ ਇਕ ਵਾਰ ਮੁੜ ਦ੍ਰਿੜ੍ਹਤਾ ਵਿਖਾਉਂਦੇ ਤਾਂ ਭਾਵੇਂ ਸਾਰੇ ਸਾਥ ਛੱਡ ਜਾਂਦੇ ਪਰ ਕੌਮ ਨੇ ਨਾਲ ਖਲੋਣਾ ਸੀ ਅਤੇ ਜਥੇਬੰਦੀਆਂ ਵੀ ਭੱਜ ਨਹੀਂ ਸੀ ਸਕਦੀਆਂ। ਇਕ ਵੱਡਾ ਇਤਿਹਾਸ ਬਣਨਾ ਸੀ। ਅਸੀਂ ਫਿਰ ਜਿੱਤ ਕੇ ਹਾਰ ਗਏ।ਮੰਡ ਸਾਹਿਬ ਅਖੀਰ ਉਤੇ ਥਿੜ੍ਹਕੇ ਜ਼ਰੂਰ ਹਨ।

**ਸੁਖਦੇਵ ਲੇਹਿਲ** ਲਿਖਦੇ ਹਨ ਕਿ ਬਰਗਾੜੀ ਵਿੱਚੋਂ ਨਿਕਲਿਆ ਕੀ ਸਿਵਾਏ ਲੱਖਾਂ ਰੁਪਏ ਦੇ ਖਰਚੇ ਦੇ ਅਤੇ ਸੰਗਤ ਖੱਜਲ-ਖੁਆਰ ਹੋਈ ਵਾਧੂ ਦੀ। ਹੁਣ ਆਉਣ ਵਾਲਾ ਕਾਫੀ ਸਮਾਂ ਉਲ਼ਾਮ੍ਹਿਆਂ ਵਿਚ ਤੇ ਗਾਲ਼ਾਂ ਕੱਢਣ ਵਿਚ ਲੰਘ ਜਾਣਾ। ਹੁਣ ਸੰਗਤ ਕਿਧਰ ਜਾਏ, ਕਿਸ ਦੀ ਬਾਂਹ ਫੜੇ। ਲੋਕ ਕਹਿੰਦੇ ਸਨ ਕਿ ਸ. ਅਮਰਿੰਦਰ ਸਿੰਘ, ਸ. ਸਿਮਰਨਜੀਤ ਸਿੰਘ ਮਾਨ ਅਤੇ ਸ. ਪਰਕਾਸ਼ ਸਿੰਘ ਬਾਦਲ ਇਹ ਤਿੰਨੇ ਅੰਦਰੋਂ ਇੱਕ ਹਨ ਅਤੇ ਇਹ ਮੋਰਚਾ ਉਹਨਾ ਦੇ ਹੱਥ ਵੱਸ ਹੈ। ਇਧਰੋਂ ਮੋਰਚਾ ਮੁੱਕ ਗਿਆ ਉੱਧਰ ਬਾਦਲ ਸਾਹਿਬ ਨਾਲ ਆਪਣਾ ਲਾਣਾ ਲੈਕੇ ਮੁਆਫੀ ਮੰਗ ਆਏ। ਇਹ ਦੋਵੇਂ ਗੱਲਾਂ ਕੱਠੀਆਂ ਕਿਵੇਂ ਹੋ ਗਈਆਂ। ਇਹ ਹੈ ਰਣਨੀਤੀ ਹੰਢੇ ਹੋਏ ਲੋਕਾਂ ਦੀ ਅਤੇ ਸਾਡੇ ਜਥੇਦਾਰ ਸੰਗਤ ਨੂੰ ਭੰਬਲ਼ਭੂਸੇ ਵਿਚ ਪਾਉਣ ਲਈ ਮੋਹਰੇ ਰੱਖ ਲਏ। ਇਹ ਪੰਜਾਬ ਦੀ ਤਰਾਸਦੀ ਹੈ।

**ਜੀਐਸ ਖੇਮਕਰਨ** ਲਿਖਦੇ ਹਨ ਕਿ ਮੁੱਕਦੀ ਗੱਲ ਇਹ ਆ ਕਿ ਹੁਣ ਇਲੈਕਸ਼ਨ ਆਉਂਦੀ ਦਿਸਦੀ ਆ ਤੇ ਏਹੋ ਬੰਦੇ ਸਰਕਾਰਾਂ ਨੇ ਵਰਤਣੇ ਨੇ, ਛੇਤੀ ਛੇਤੀ ਵਿਹਲੇ ਕਰ ਲਏ। ਇਹਨਾਂ ਤਾਂ ਇਕੱਠ ਵੇਖ ਕੇ ਹਵਾਰਾ ਸਾਹਬ ਨੂੰ ਵੀ ਭੁਲਾ ਦਿੱਤਾ ਸੀ। ਕਸੂਰ ਇਹਨਾਂ ਦਾ ਨਹੀਂ ਸਾਡੀ ਕੌਮ ਵਿਚ ਘਾਟ ਆ, ਉਹ ਹਰ ਵਾਰ ਚੱਲ ਚੁੱਕੇ ਪਟਾਕਿਆਂ ਵਿਚ ਮਸਾਲਾ ਭਰਨ ਦੀ ਕੋਸ਼ਿਸ਼ ਕਰਦੇ ਹਨ।

**ਤੇਜਿੰਦਰ ਸਿੰਘ** ਲਿਖਦੇ ਹਨ ਕਿ ਸਿੱਖਾਂ ਨੂੰ ਸਰਬੱਤ ਖਾਲਸੇ ਤੋਂ ਬਾਅਦ ਸਮਝ ਆ ਜਾਣੀ ਚਾਹਦੀ ਸੀ।

**ਸੰਤ ਸਿੰਘ ਸਿੱਧੂ** ਆਖਦੇ ਹਨ ਕਿ ਇਹ ਬੇਅਦਬੀ ਮੋਰਚਾ ਭਾਈ ਪੰਥਪ੍ਰੀਤ ਸਿੰਘ ਅਤੇ ਰਣਜੀਤ ਸਿੰਘ ਅਤੇ ਹੋਰ ਸਿੰਘਾਂ ਨੇ ਗੈਰ ਸਿਆਸੀ ਨਿਰੋਲ ਧਾਰਮਿਕ ਸ਼ੁਰੂ ਕੀਤਾ ਸੀ ਪਰ ਪਰ ਦਾਦੂਵਾਲ ਅਤੇ ਮਾਨ ਦਲ ਨੇ ਅਗਵਾ ਕਰ ਲਿਆ ਸੀ ......ਇਹ ਦੋਵੇਂ ਬਿਆਸ ਵਾਲੇ ਨਾਲ ਗੁਪਤ ਮੀਟਿੰਗਾਂ ਕਰਦੇ ਰਹੇ ਹਨ। ਵੈਸੇ ਦਾਦੂਵਾਲ ਦਾ ਤਾਂ ਬਿਆਸ ਵਾਲਾ ਦੂਸਰੇ ਵਿਆਹ ਦਾ ਵਿਚੋਲਾ ਵੀ ਹੈ ......ਕੌਮ ਇਹਨਾਂ ਕੋਲੋਂ ਕੀ ਭਾਲਦੀ ਹੈ ...ਭਾਈ ਮੰਡ ਵਿਚ ਕੁਝ ਦਮ ਦਿਸਦਾ ਸੀ ਪਰ ਰਾਹੂ ਤੇ ਕੇਤੂ ਨੇ ਪੇਸ਼ ਨਹੀਂ ਜਾਣ ਦਿੱਤੀ, ਮਾਨ ਵੀ ਕੀ ਕਰੇ। ਓਧਰੋਂ ਸਾਲੀ ਫੋਨ ਤੇ ਫੋਨ ਕਰ ਰਹੀ ਸੀ ਕੇ ਮੋਰਚਾ ਚੁਕਵਾਓ।

# ਪੰਜਾਬ ਵਿਧਾਨ ਸਭਾ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਦਾ ਸਰਬਸੰਮਤੀ ਨਾਲ ਮਤਾ ਪਾਸ

### *ਬੁਲਾਰਿਆਂ ਵਲੋਂ ਲਾਂਘੇ ਲਈ ਨਵਜੋਤ ਸਿੰਘ ਸਿੱਧੂ ਦੀ ਭੂਮਿਕਾ ਦੀ ਸਰਾਹਨਾ*



## ਕੈਪਟਨ ਲਾਂਘੇ ਬਾਰੇ ਬੇਤੁਕੀ ਬਿਆਨਬਾਜ਼ੀ ਕਰ ਕੇ ਭੁਗਤ ਰਹੇ ਨੇ ਭਗਵੀਂ ਸਿਆਸਤ ਦੇ ਹੱਕ ਵਿਚ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਵਲੋਂ ਕਰਤਾਰਪੁਰ ਸਾਹਿਬ ਲਾਂਘੇ ਦਾ ਸਵਾਗਤ ਕਰਦਿਆਂ ਕੇਂਦਰ ਸਰਕਾਰ ਨੂੰ ਇਸ ਲਾਂਘੇ ਦੀ ਪ੍ਰਕਿਰਿਆ ਤੇਜ਼ ਕਰਨ ਤੇ ਗੁਰੂ ਨਾਨਕ ਦੇਵ ਜੀ ਦੀ 550ਵੀਂ ਪ੍ਰਕਾਸ਼ ਸ਼ਤਾਬਦੀ ਦੌਰਾਨ ਲਾਂਘੇ ਨੂੰ ਚਾਲੂ ਕੀਤੇ ਜਾਣ ਲਈ ਇਕ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿਨ੍ਹਾਂ ਵਲੋਂ ਇਹ ਮਤਾ ਪੇਸ਼ ਕੀਤਾ ਗਿਆ, ਨੇ ਆਈਐਸਆਈ. ਦੇ ਨਾਪਾਕ ਇਰਾਦਿਆਂ ਤੋਂ ਸੁਚੇਤ ਰਹਿਣ ਤੇ ਉਨ੍ਹਾਂ ਨੂੰ ਨਾਕਾਮ ਕਰਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਮੈਨੂੰ ਲਾਂਘਾ ਖੁੱਲ੍ਹਣ ਦੀ ਖੁਸ਼ੀ ਹੈ ਤੇ ਮੈਂ ਪਹਿਲੇ ਜਥੇ ਨਾਲ ਮੱਥਾ ਟੇਕਣ ਵੀ ਜਾਣਾ ਚਾਹਵਾਂਗਾ ਪਰ ਕਸ਼ਮੀਰ ਸਬੰਧੀ ਪਾਕਿਸਤਾਨ ਦਾ ਜੋ ਰਵੱਈਆ ਹੈ ਤੇ ਉਥੇ ਅੱਤਵਾਦੀਆਂ ਨੂੰ ਪਾਕਿ ਵਲੋਂ ਜੋ ਮਦਦ ਦਿੱਤੀ ਜਾ ਰਹੀ ਹੈ ਤੇ ਪੰਜਾਬ ‘ਚ ਵੀ ਆਈਐਸਆਈ. ਵਲੋਂ ਸਮਾਜ ਵਿਰੋਧੀ ਤੱਤਾਂ ਨੂੰ ਮਦਦ ਦੇਣੀ ਬੰਦ ਨਾ ਕੀਤੀ ਗਈ ਤਾਂ ਮੈਂ ਉਦੋਂ ਤੱਕ ਪਾਕਿਸਤਾਨ ਨਹੀਂ ਜਾਵਾਂਗਾ ਜਦੋਂ ਤੱਕ ਪਾਕਿਸਤਾਨ ਆਪਣੀਆਂ ਅਜਿਹੀਆਂ ਨਾਪਾਕ ਹਰਕਤਾਂ ਬੰਦ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਉਹ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਉਨ੍ਹਾਂ ਦੀ ਪਹਿਲਕਦਮੀ ਲਈ ਵਧਾਈ ਦਿੰਦੇ ਹਨ ਪਰ ਇਮਰਾਨ ਆਪਣੀ ਫੌਜ ਨੂੰ ਵੀ ਕਾਬੂ ਕਰਨ ਨਹੀਂ ਤਾਂ ਦੋਸਤੀ ਲਈ ਵਧਾਏ ਹੱਥ ਦਾ ਕੋਈ ਫਾਇਦਾ ਨਹੀਂ ਹੋਣਾ । ਕੈਪਟਨ ਅਮਰਿੰਦਰ ਸਿੰਘ ਨੇ ਸਦਨ ‘ਚ ਅੰਗਰੇਜ਼ੀ ਅਖ਼ਬਾਰ ਦਾ ਇਕ ਲੇਖ ਪੜ੍ਹ ਕੇ ਸੁਣਾਉਂਦਿਆਂ ਆਪਣੇ ਉਕਤ ਦੋਸ਼ਾਂ ਨੂੰ ਠੀਕ ਦੱਸਣ ਦੀ ਕੋਸ਼ਿਸ਼ ਕੀਤੀ ਕਿ ਲਾਂਘੇ ਖੋਲ੍ਹਣ ਦਾ ਪ੍ਰੋਜੈਕਟ ਪਾਕਿਸਤਾਨ ਦੀ ਫੌਜ ਵਲੋਂ ਇਮਰਾਨ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਹੀ ਬਣਾ ਲਿਆ ਗਿਆ ਸੀ ਤੇ ਇਸੇ ਲਈ ਪਾਕਿ ਫੌਜ ਮੁਖੀ ਨੇ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਗਮ ਮੌਕੇ ਹੀ ਇਸ ਦਾ ਐਲਾਨ ਕਰ ਦਿੱਤਾ ਸੀ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਮਤੇ ‘ਤੇ ਬੋਲਦਿਆਂ ਕਿਹਾ ਕਿ ਇਹ ਇਕ ਇਤਿਹਾਸਕ ਮਤਾ ਹੈ ਤੇ ਸਮਾਂ ਹੈ ਕਿ ਅਜਿਹੇ ਮਹਾਨ ਕਾਰਜ ਵਿਚ ਨਾਕਾਰਾਤਮਕ ਵਿਚਾਰ ਨਾ ਪ੍ਰਗਟਾਏ ਜਾਣ। ਉਨ੍ਹਾਂ ਕਿਹਾ ਕਿ ਮੁੱਦਾ ਕੇਵਲ ਸਿੱਖਾਂ ਦੇ ਇਕ ਅਤਿ ਪਵਿੱਤਰ ਸਥਾਨ ਦੇ ਦਰਸ਼ਨਾਂ ਦਾ ਹੈ ਤੇ ਜੇ ਸਰਕਾਰੀ ਪੱਧਰ ‘ਤੇ ਕੋਈ ਖ਼ਦਸ਼ੇ ਹਨ ਤਾਂ ਉਨ੍ਹਾਂ ਤੋਂ ਬਚਣ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਦੇ ਹਨ । ਉਨ੍ਹਾਂ ਸ੍ਰੀ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਨੂੰ ਭਾਰਤ ‘ਚ ਸ਼ਾਮਿਲ ਕਰਾਉਣ ਲਈ ਜ਼ਮੀਨ ਦੇ ਤਬਾਦਲੇ ਦਾ ਮੁੱਦਾ ਵੀ ਉਠਾਇਆ, ਜਿਸ ਨੂੰ ਬਾਅਦ ‘ਚ ਮਤੇ ‘ਚ ਸ਼ਾਮਿਲ ਕਰ ਲਿਆ ਗਿਆ। ‘ਆਪ’ ਦੇ ਬਾਗੀ ਵਿਧਾਇਕ ਕੰਵਰ ਸੰਧੂ ਨੇ ਮਤੇ ‘ਤੇ ਬੋਲਦਿਆਂ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਜਿਸ ਮੰਤਵ ਲਈ ਮਤਾ ਪਾਸ ਕੀਤਾ ਜਾ ਰਿਹਾ ਹੈ, ਉਸ ‘ਤੇ ਹੀ ਕੈਪਟਨ ਵਲੋਂ ਕਿੰਤੂ ਪ੍ਰੰਤੂ ਕੀਤੇ ਜਾ ਰਹੇ ਹਨ। ਅਕਾਲੀ ਦਲ ਦੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਮਤੇ ‘ਤੇ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਜਥੇ ਲਗਾਤਾਰ ਪਾਕਿਸਤਾਨ ਜਾਂਦੇ ਰਹਿੰਦੇ ਹਨ ਪਰ ਕਦੇ ਕੋਈ ਅਜਿਹੀ ਘਟਨਾ ਨਹੀਂ ਹੋਈ। ‘ਆਪ’ ਦੇ ਕੁਲਤਾਰ ਸਿੰਘ ਸੰਧਵਾਂ ਨੇ ਮਤੇ ‘ਤੇ ਬੋਲਦਿਆਂ ਕਿਹਾ ਕਿ ਸਾਡੇ ਮੁੱਖ ਮੰਤਰੀ ਨੂੰ ਸਿਰਫ ਪਿਆਰ ਦਾ ਸੰਦੇਸ਼ ਦੇਣਾ ਚਾਹੀਦਾ ਹੈ। ਦਿਲਚਸਪ ਗੱਲ ਇਹ ਸੀ ਕਿ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੇ ਮਤੇ ‘ਤੇ ਬੋਲਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵਲੋਂ ਜੋ ਖ਼ਦਸ਼ੇ ਜ਼ਾਹਰ ਕੀਤੇ ਗਏ ਹਨ, ਉਹ ਵੀ ਠੀਕ ਹੋ ਸਕਦੇ ਹਨ ਤੇ 70 ਸਾਲ ਦਾ ਤਜਰਬਾ ਵੀ ਸਾਡੇ ਸਾਹਮਣੇ ਹੈ। ਦਿਲਚਸਪ ਗੱਲ ਇਹ ਸੀ ਕਿ ਇਕੱਲੇ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਹੀ ਸਦਨ ‘ਚ ਮੁੱਖ ਮੰਤਰੀ ਦੇ ਨਾਕਾਰਾਤਮਕ ਵਿਚਾਰਾਂ ਦੇ ਹਾਮੀ ਬਣ ਕੇ ਸਾਹਮਣੇ ਆਏ ਜਦਕਿ ਦੂਜੇ ਸਾਰੇ ਬੁਲਾਰਿਆਂ ਵਲੋਂ ਉਨ੍ਹਾਂ ਦੇ ਵਿਚਾਰਾਂ ਦਾ ਵਿਰੋਧ ਕੀਤਾ ਗਿਆ। ਸੋਮ ਪ੍ਰਕਾਸ਼ ਨੇ ਪਾਕਿਸਤਾਨ ਵਿਖੇ ਨੀਂਹ ਪੱਥਰ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰਨਾਂ ਦੀਆਂ ਖਾੜਕੂਆਂ ਨਾਲ ਖਿਚਵਾਈਆਂ ਗਈਆਂ ਫੋਟੋਆਂ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਜਦੋਂ ਵੀ ਪਾਕਿਸਤਾਨ ਨਾਲ ਸ਼ਾਂਤੀ ਦੀ ਕਾਰਵਾਈ ਲਈ ਕਦਮ ਉਠਾਏ ਗਏ, ਉਸ ਤੋਂ ਬਾਅਦ ਕੋਈ ਨਾ ਕੋਈ ਵੱਡੀ ਕਾਰਵਾਈ ਹੋਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਖ਼ਦਸ਼ੇ ਠੀਕ ਹਨ ਤੇ ਉਨ੍ਹਾਂ ਨੂੰ ਧਿਆਨ ‘ਚ ਰੱਖਿਆ ਜਾਣਾ ਚਾਹੀਦਾ ਹੈ।

ਮਤੇ ‘ਤੇ ਬੋਲਦਿਆਂ ਕਾਂਗਰਸ ਦੇ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੇ ਪਾਕਿਸਤਾਨ ਜਾਣ ਨਾਲ ਲਾਂਘੇ ਸਬੰਧੀ ਨਵੀਂ ਸ਼ੁਰੂਆਤ ਹੋਈ ਹੈ ਜਦਕਿ ਸੰਸਦ ਦੀ ਸਬ-ਕਮੇਟੀ ਵਲੋਂ ਸੰਨ 2017 ‘ਚ ਲਾਂਘੇ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ ਸੀ। ਦਿਲਚਸਪ ਗੱਲ ਇਹ ਸੀ ਕਿ ਲਾਂਘੇ ਸਬੰਧੀ ਧੰਨਵਾਦ ਤੇ ਸ਼ਲਾਘਾ ਦੇ ਮਤੇ ‘ਤੇ ਸਿਰਫ ਮੁੱਖ ਮੰਤਰੀ ਨੂੰ ਛੱਡ ਤਕਰੀਬਨ ਸਾਰੇ ਬੁਲਾਰਿਆਂ ਵਲੋਂ ਨਵਜੋਤ ਸਿੰਘ ਸਿੱਧੂ ਦੀ ਲਾਂਘੇ ‘ਚ ਭੂਮਿਕਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਨਾਂਅ ਸ਼ਾਮਿਲ ਕੀਤੇ ਜਾਣ ਦਾ ਮੁੱਦਾ ਉਠਾਇਆ ਗਿਆ।

## ਸਿੱਧੂ ਦਾ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਭਾਵ ਵਧਿਆ

ਕਰਤਾਰਪੁਰ ਸਾਹਿਬ ਲਾਂਘਾ ਮਿਲਣ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਦੀ ਅੰਤਰਰਾਸ਼ਟਰੀ ਪੱਧਰ ‘ਤੇ ਇਕ ਵੱਖਰੀ ਪੁਜ਼ੀਸ਼ਨ ਬਣੀ ਹੈ। ਖ਼ਾਸ ਤੌਰ ‘ਤੇ ਉਹ ਪੰਜਾਬੀਆਂ ਤੇ ਸਿੱਖਾਂ ਸਮੇਤ ਪਾਕਿਸਤਾਨੀ ਮੁਸਲਮਾਨਾਂ ਵਿਚ ਵੀ ਵਿਸ਼ੇਸ਼ ਸਤਿਕਾਰ ਦਾ ਹੱਕਦਾਰ ਬਣ ਗਿਆ ਹੈ।ਇਸ ਤੋਂ ਬਾਅਦ ਭਾਰਤ ਦੇ ਹਿੰਦੂਵਾਦੀ ਮੀਡੀਆ ਵਿਚ ਉਸ ਖਿਲਾਫ਼ ਚੱਲੇ ਭੰਡੀ ਪ੍ਰਚਾਰ ਅਤੇ ਭਾਜਪਾ ਨੇਤਾਵਾਂ ਵਲੋਂ ਗਦਾਰ ਤਕ ਕਹਿ ਦਿੱਤੇ ਜਾਣ ਤੋਂ ਪਿੱਛੋਂ ਵੀ ਜਿਸ ਤਰ੍ਹਾਂ ਕਾਂਗਰਸ ਨੇ ਉਸ ਨੂੰ ਸਟਾਰ ਪ੍ਰਚਾਰਕ ਬਣਾਇਆ ਤੇ ਉਸ ਨੇ 70 ਦੇ ਕਰੀਬ ਰੈਲੀਆਂ ਨੂੰ ਸੰਬੋਧਨ ਕੀਤਾ, ਉਸ ਨਾਲ ਉਸ ਦਾ ਕੱਦ ਕਾਂਗਰਸ ਦੇ ਇਕ ਕੌਮੀ ਨੇਤਾ ਵਜੋਂ ਵੀ ਉਭਰਨਾ ਸ਼ੁਰੂ ਹੋ ਗਿਆ ਹੈ। ਤਿੰਨ ਵਿਧਾਨ ਸਭਾਵਾਂ ਦੀ ਜਿੱਤ ਤੋਂ ਬਾਅਦ ਰਾਹੁਲ ਗਾਂਧੀ ਵਲੋਂ ਪ੍ਰੈੱਸ ਕਾਨਫ਼ਰੰਸ ਕਰਨ ਵੇਲੇ ਜਿਸ ਤਰ੍ਹਾਂ ਸਿੱਧੂ ਨੂੰ ਸਟੇਜ ‘ਤੇ ਬੈਠਣ ਲਈ ਬੁਲਾਇਆ ਗਿਆ, ਉਹ ਵੀ ਇਹ ਸੰਕੇਤ ਦਿੰਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਿੱਧੂ ਦਾ ਕਾਂਗਰਸ ਦੀ ਕੌਮੀ



ਰਾਜਨੀਤੀ ਵਿਚ ਵਿਸ਼ੇਸ਼ ਸਥਾਨ ਹੋਵੇਗਾ ਅਤੇ ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਹ ਰਾਹੁਲ ਟੀਮ ਦਾ ਇਕ ਪ੍ਰਮੁੱਖ ਮੈਂਬਰ ਵੀ ਹੋਵੇਗਾ। ਇਹ ਸਥਿਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੂਤ ਨਹੀਂ ਬੈਠ ਰਹੀ। ਭਾਵੇਂ ਉਹ ਸਿੱਧੂ ਦੇ ਖਿਲਾਫ਼ ਸਿੱਧੇ ਰੂਪ ਵਿਚ ਕੁਝ ਵੀ ਨਹੀਂ ਬੋਲੇ ਪਰ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਲਾਂਘੇ ਦੇ ਸਬੰਧ ਵਿਚ ਜਿਸ ਤਰ੍ਹਾਂ ਦਾ ਰਵੱਈਆ ਅਪਣਾਇਆ ਹੈ, ਉਹ ਅਸਿੱਧੇ ਰੂਪ ਵਿਚ ਸਿੱਧੂ ਦੀ ਪ੍ਰਾਪਤੀ ਨੂੰ ਛੁਟਿਆਉਣ ਦੇ ਨਾਲ-ਨਾਲ ਇਹ ਪ੍ਰਭਾਵ ਵੀ ਦਿੰਦਾ ਹੈ ਕਿ ਜਿਵੇਂ ਕੈਪਟਨ ਕਾਂਗਰਸ ਦੀ ਨੀਤੀ ਦੇ ਉਲਟ ਕੇਂਦਰ ਸਰਕਾਰ ਅਤੇ ਭਾਜਪਾ ਦੀ ਨੀਤੀ ਅਨੁਸਾਰ ਬੋਲ ਰਹੇ ਹੋਣ। ਇਸ ਤੋਂ ਪਹਿਲਾਂ ਵੀ ਉਹ ਪਾਰਟੀ ਨੀਤੀ ਦੇ ਉਲਟ ਬੋਲ ਚੁੱਕੇ ਹਨ ਪਰ ਉਨ੍ਹਾਂ ਵਲੋਂ ਕਰਤਾਰਪੁਰ ਦੇ ਲਾਂਘੇ ਅਤੇ ਸਿੱਧੂ ਦੀ ਵਿੰਗੇ-ਟੇਢੇ ਢੰਗ ਨਾਲ ਕੀਤੀ ਜਾ ਰਹੀ ਵਿਰੋਧਤਾ ਨਾਲ ਉਨ੍ਹਾਂ ਨੂੰ ਪੰਜਾਬ ਵਿਚ ਸਿਆਸੀ ਤੌਰ ‘ਤੇ ਨੁਕਸਾਨ ਤਾਂ ਹੋ ਹੀ ਰਿਹਾ ਹੈ, ਦੂਜੇ ਪਾਸੇ ਹਾਈ ਕਮਾਨ ਵੀ ਪ੍ਰੇਸ਼ਾਨੀ ਮਹਿਸੂਸ ਕਰ ਰਹੀ ਹੈ।

## ਲਾਂਘੇ ਬਾਰੇ ਹਾਲਾਂ ਨਹੀਂ ਹੋਇਆ ਦੁਵੱਲਾ ਲਿਖਤੀ ਸਮਝੌਤਾ

ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਦੇ ਵਿਹਾਰਕ ਹੱਲ ਲਈ ਦੋਵੇਂ ਪਾਸੇ ਦੀਆਂ ਸਰਕਾਰਾਂ ਵਲੋਂ ਅਜੇ ਤੱਕ ਆਪਸ ‘ਚ ‘ਮੈਮੋਰੰਡਮ ਆਫ਼ ਅੰਡਰਸਟੈਂਡਿੰਗ’ ਭਾਵ ਇਸ ਸਾਂਝੇ ਲਾਂਘੇ ਨੂੰ ਲੈ ਕੇ ਆਪਸੀ ਲਿਖਤੀ ਸਮਝੌਤਾ ਨਹੀਂ ਕੀਤਾ ਗਿਆ ਹੈ। ਇਸ ਦੇ ਇਲਾਵਾ ਭਾਰਤ-ਪਾਕਿਸਤਾਨ ਦੇ ਵਿਦੇਸ਼ ਮੰਤਰਾਲਿਆਂ ਵਲੋਂ ਇਸ ਬਾਰੇ ਕਿਸੇ ਪ੍ਰਕਾਰ ਦੀਆਂ ਨਿਯਮ ਅਤੇ ਸ਼ਰਤਾਂ ਵੀ ਤਹਿ ਨਹੀਂ ਕੀਤੀਆਂ ਗਈਆਂ ਹਨ, ਜਿਸ ਕਰਕੇ ਸੰਗਤ ‘ਚ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ ਕਿ ਲਾਂਘਾ ਸ਼ੁਰੂ ਹੋਣ ‘ਤੇ ਉਹ ਪਾਸਪੋਰਟ ‘ਤੇ ਵੀਜ਼ਾ ਲਗਵਾ ਕੇ ਸਰਹੱਦ ਪਾਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਨੂੰ ਜਾ ਸਕਣਗੇ ਜਾਂ ਪਾਕਿਸਤਾਨ ਸਰਕਾਰ ਵਲੋਂ ਕੀਤੇ ਐਲਾਨ ਮੁਤਾਬਿਕ ਇਹ ਯਾਤਰਾ ਬਿਨਾ ਪਾਸਪੋਰਟ ਵੀਜ਼ਾ ਸਿਰਫ਼ ਪਰਮਿਟ ਰਾਹੀਂ ਹੀ ਕੀਤੀ ਜਾ ਸਕੇਗੀ। ਉਕਤ ਸਭ ਦੇ ਬਾਵਜੂਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਰਧਾਲੂਆਂ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਵਾਸਤੇ




ਲਾਂਘਾ ਮੁਹੱਈਆ ਕਰਾਉਣ ਲਈ ਪਾਕਿਸਤਾਨ ਵਲੋਂ ਉਸਾਰੀ ਸ਼ੁਰੂ ਕੀਤੇ ਜਾਣ ਦੇ ਬਾਅਦ ਹੁਣ ਭਾਰਤ ਸਰਕਾਰ ਵਲੋਂ ਵੀ ਇਸ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਭਾਰਤ ਵਲੋਂ ਪਰਮਿਟ ਰਾਹੀਂ ਕੌਮਾਂਤਰੀ ਸਰਹੱਦ ਪਾਰ ਕਰਨ ਵਾਲੇ ਯਾਤਰੂਆਂ ਨੂੰ ਪਾਕਿਸਤਾਨ ਟਰਾਂਸਪੋਰਟ ਦੀਆਂ ਵਿਸ਼ੇਸ਼ ਬੱਸਾਂ ਰਾਹੀਂ ਸਰਹੱਦ ਪਾਰ ਬਾਰਡਰ ਟਰਮੀਨਲ ਤਕ ਲਿਜਾਇਆ ਜਾਵੇਗਾ, ਜਿੱਥੋਂ ਬਾਇਓਮਿਟ੍ਰਿਕ ਮਸ਼ੀਨਾਂ ਦੀ ਪ੍ਰਕਿਰਿਆ ਪੂਰੀ ਕਰਨ ਉਪਰੰਤ ਯਾਤਰੂ ਗੁਰਦੁਆਰਾ ਸਾਹਿਬ ‘ਚ ਪ੍ਰਵੇਸ਼ ਕਰਨਗੇ ਅਤੇ ਦਿੱਤੇ ਗਏ ਸਮੇਂ ਦੌਰਾਨ ਉਹ ਗੁਰਦੁਆਰਾ ਸਾਹਿਬ ‘ਚ ਬਿਨਾ ਕਿਸੇ ਰੁਕਾਵਟ ਦੇ ਦਰਸ਼ਨ ਕਰ ਸਕਣਗੇ । ਵਾਪਸੀ ਵੇਲੇ ਉਨ੍ਹਾਂ ਨੂੰ ਆਪਣਾ ਪਰਮਿਟ ਪਾਕਿ ਇਮੀਗ੍ਰੇਸ਼ਨ ਅਧਿਕਾਰੀ ਨੂੰ ਵਾਪਸ ਕਰਨਾ ਹੋਵੇਗਾ। ਪਾਕਿ ਅਧਿਕਾਰੀਆਂ ਅਨੁਸਾਰ ਪਰਮਿਟ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਣ ਵਾਲੇ ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਣ ਦੀ ਮਨਜ਼ੂਰੀ ਨਹੀਂ ਹੋਵੇਗੀ।

## *ਲਾਂਘੇ ਲਈ ਬਣੇਗਾ ਡੇਰਾ ਬਾਬਾ ਨਾਨਕ ਤੋਂ ਚਾਰ ਕਿਲੋਮੀਟਰ ਲੰਬਾ ਮਾਰਗ*

ਭਾਰਤ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਨਾਲ ਸਬੰਧਤ ਕਰਤਾਰਪੁਰ ਸਾਹਿਬ (ਪਾਕਿਸਤਾਨ) ਲਾਂਘੇ ਲਈ ਚਾਰ ਕਿਲੋਮੀਟਰ ਲੰਬੇ ਮਾਰਗ ਨੂੰ ਵਿਕਸਤ ਕੀਤਾ ਜਾਵੇਗਾ। ਲੋਕ ਸਭਾ ’ਚ ਲਿਖਤੀ ਜਵਾਬ ਦੌਰਾਨ ਰਾਜਮਾਰਗਾਂ ਬਾਰੇ ਰਾਜ ਮੰਤਰੀ ਮਨਸੁਖ ਐਲ ਮਾਂਡਵੀਆ ਨੇ ਇਹ ਜਾਣਕਾਰੀ ਦਿੱਤੀ। ਇਹ ਲਾਂਘਾ ਗੁਰੂ ਨਾਨਕ ਦੇਵ ਦੇ ਜੋਤੀ ਜੋਤਿ ਸਮਾਉਣ ਵਾਲੇ ਅਸਥਾਨ ਕਰਤਾਰਪੁਰ ਦੇ ਦਰਬਾਰ ਸਾਹਿਬ ਨਾਲ ਸਿੱਧਾ ਜੁੜੇਗਾ। ਜ਼ਿਕਰਯੋਗ ਹੈ ਕਿ ਲੰਬੇ ਸਮੇਂ ਤੋਂ ਸਿੱਖਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸਰਕਾਰ ਵਲੋਂ ਪਿਛਲੇ ਦਿਨੀਂ ਕਰਤਾਰਪੁਰ ਲਾਂਘੇ ਦਾ ਉਦਘਾਟਨ ਕੀਤਾ ਗਿਆ ਸੀ।



ਅੰਮ੍ਰਿਤਸਰ ਟਾਈਮਜ਼ AMRITSAR TIMES

19 ਦਸੰਬਰ 2018 ਤੋਂ 25 ਦਸੰਬਰ 2018

# ਉਮਰਾਂ ਲੰਮੀ ਉਡੀਕ ਬਾਅਦ ਇਨਸਾਫ਼

## ਸਿੱਖ ਕਤਲੇਆਮ ਦੇ ਵੱਡੇ ਦੋਸ਼ੀ ਨੂੰ ਸਜ਼ਾ ਤੋਂ ਸਿੱਖਾਂ ਦਾ ਦਰਦ ਕੁਝ ਘਟਿਆ

ਭਾਰਤ ਦੀ ਰਾਜਧਾਨੀ ਵਾਲੇ ਸ਼ਹਿਰ ਨਵੀਂ ਦਿੱਲੀ ਵਿੱਚ ਸੰਨ 1984 ਦੀ ਸਿੱਖ ਨਸਲਕੁਸ਼ੀ ਦੇ ਇੱਕ ਮਾਮਲੇ ਵਿੱਚ ਦਿੱਲੀ ਹਾਈਕੋਰਟ ਵਲੋਂ ਕਾਂਗਰਸ ਦੇ ਸੀਨੀਅਰ ਆਗੂ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਨਾਲ ਵਰ੍ਹਿਆਂ ਤੋਂ ਇਨਸਾਫ਼ ਲਈ ਜੂਝ ਰਹੇ ਪੀੜਤਾਂ ਨੂੰ ਕੁਝ ਰਾਹਤ ਮਿਲੀ ਹੈ। ਧਰਮ ਨਿਰਪੱਖ ਤੇ ਲੋਕਰਾਜੀ ਦੇਸ਼ ਅਖ਼ਵਾਉਂਦੇ ਭਾਰਤ ਦੇ ਇਤਿਹਾਸ ਵਿੱਚ 84 ਦੀ ਸਿੱਖ ਨਸਲਕੁਸ਼ੀ ਇੱਕ ਅਜਿਹਾ ਦਰਦਮਈ ਕਾਂਡ ਹੈ ਜਿਹੜਾ ਸਿਰਫ਼ ਤਤਕਾਲੀ ਕਾਂਗਰਸੀ ਹਾਕਮਾਂ ਦੇ ਨਹੀਂ ਬਲਕਿ ਉਸਤੋਂ ਬਾਅਦ ਦੇ ਸਾਰੇ ਹੀ ਹਾਕਮਾਂ ਦੇ ਮੱਥੇ ਉੱਤੇ ਅਮਿੱਟ ਕਾਲੇ ਧੱਬੇ ਵਜੋਂ ਪੱਕੀ ਤਰ੍ਹਾਂ ਉਕਰਿਆ ਆ ਰਿਹਾ ਹੈ। ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਤਿਆ ਬਾਅਦ ਸਿਰਫ਼ ਦਿੱਲੀ ਹੀ ਨਹੀਂ ਬਲਕਿ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਰਕਾਰੀ ਸ਼ਹਿ ਉੱਤੇ ਕੀਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਬਜਾਏ ਵੇਲੇ ਦੇ ਹਾਕਮਾਂ, ਅਫ਼ਸਰਸ਼ਾਹੀ ਤੇ ਪੁਲੀਸ ਨੇ ਉਲਟਾ ਕਾਤਲਾਂ ਨੂੰ ਬਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਇੱਥੋਂ ਤੱਕ ਕਿ ਪਿਛਲੇ 34 ਸਾਲਾਂ ਦੌਰਾਨ ਸਿੱਖਾਂ ਤੇ ਹੋਰਨਾਂ ਇਨਸਾਫ਼ਪਸੰਦ ਧਿਰਾਂ ਵਲੋਂ ਪਾਏ ਦਬਾਅ ਹੇਠ ਸਰਕਾਰਾਂ ਵਲੋਂ ਬਣਾਏ ਜਾਂਚ ਕਮਿਸ਼ਨ ਅਤੇ ਵਿਸ਼ੇਸ਼ ਜਾਂਚ ਕਮੇਟੀਆਂ/ਟੀਮਾਂ ਨੇ ਵੀ ਮਸਲੇ ਨੂੰ ਕਿਸੇ ਤਨ ਪੱਤਣ ਲਾਉਣ ਦੀ ਥਾਂ ਗੱਲ ਗੋਲ-ਮੋਲ ਕਰਨ ਵਾਲਾ ਰਵੱਈਆ ਹੀ ਅਪਨਾਇਆ। ਜੇ ਕਿਸੇ ਜਾਂਚ ਰਿਪੋਰਟ ਵਿੱਚ ਅਪਰਾਧੀਆਂ ਵਲ ਉਂਗਲ ਉਠਾਈ ਵੀ ਗਈ ਤਾਂ ਹਾਕਮਾਂ ਨੇ ਬਣਦੀ ਕਾਰਵਾਈ ਕਰਨ ਦੀ ਥਾਂ ਮਾਮਲਾ ਠੰਡੇ ਬਸਤੇ 'ਚ ਪਾਉਣ ਵਾਲਾ ਢੰਗ-ਤਰੀਕਾ ਵਰਤਿਆ। ਬੇਸ਼ੱਕ ਇੱਕਾ-ਦੁੱਕਾ ਮਾਮਲਿਆਂ ਵਿੱਚ ਛੋਟੇ ਮੋਟੇ ਅਪਰਾਧੀਆਂ ਨੂੰ ਸਜ਼ਾਵਾਂ ਵੀ ਹੋਈਆਂ ਪਰ ਉਪਰਲੀਆਂ ਅਦਾਲਤਾਂ ਨੂੰ ਸਿੱਖਾਂ ਦੇ ਕਾਤਲਾਂ ਨਾਲੋਂ ਅਪਣੇ ਬੰਦਿਆਂ... ਕਿਸ਼ੋਰੀ ਲਾਲਾਂ, ਭੋਲੇ ਕਸਾਈ ਤੇ ਮੁਰਾਰੀਆਂ-ਛਰਾਰੀਆਂ ਦਾ ਵੱਧ ਦਰਦ ਆਇਆ ਅਤੇ ਸਜ਼ਾਵਾਂ ਘਟਾ ਕੇ ਉਨ੍ਹਾਂ ਦੀ ਰਿਹਾਈ ਦਾ ਰਾਹ-ਪੱਧਰਾ ਕੀਤਾ। ਭਾਰਤ ਦੀਆਂ ਦੋ ਮੁੱਖ ਕੌਮੀ ਰਾਜਸੀ ਪਾਰਟੀਆਂ ਵਿਚੋਂ ਕਾਂਗਰਸ ਤੋਂ ਤਾਂ ਇਸ ਕਤਲੇਆਮ ਨੂੰ ਅੰਜਾਮ ਦੇਣ ਦੀ ਦੋਸ਼ੀ ਹੋਣ ਕਾਰਨ ਇਨਸਾਫ਼ ਦੀ ਆਸ ਕਰਨਾ ਹੀ ਬੇਮਾਅਨਾ ਸੀ, ਦੂਜੀ ਧਿਰ ਭਾਰਤੀ ਜਨਤਾ ਪਾਰਟੀ ਲਈ ਵੀ ਸਿੱਖਾਂ ਦੇ ਮੁਕਾਬਲੇ ਅਪਣੀ ਹਿੰਦੂ ਵੋਟ ਵੱਧ ਪਿਆਰੀ ਸੀ। ਵੈਸੇ ਜੇ ਕਾਂਗਰਸ ਨੇ ਸਿੱਖ ਕਤਲੇਆਮ ਦਾ ਘਿਣਾਉਣਾ ਕਾਰਾ ਕੀਤਾ ਤਾਂ ਭਾਜਪਾ ਵੀ ਸੰਨ 1993 ਦੇ ਮੁੰਬਈ ਦੰਗਿਆਂ, ਸੰਨ 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਤੋਂ ਇਲਾਵਾ ਉੜੀਸਾ ਵਿੱਚ ਈਸਾਈ ਮਿਸ਼ਨਰੀਆਂ ਨੂੰ ਜਿਉਂਦਾ ਜਲਾਉਣ ਤੇ ਮੁਜ਼ੱਫਰਨਗਰ ਵਿੱਚ ਮੁਲਸਮਾਨਾਂ ਵਿਰੁਧ ਦੰਗਿਆਂ ਦੀ ਘਿਣਾਉਣੀ ਖੇਡ ਰਾਹੀਂ ਅਪਣਾ ਕਰੂਪ ਚਿਹਰਾ ਵਿਖਾ ਚੁੱਕੀ ਸੀ। ਹਾਈਕੋਰਟ ਨੇ ਅਪਣੇ ਫੈਸਲੇ ਵਿੱਚ ਇਨ੍ਹਾਂ ਘਟਨਾਵਾਂ ਦਾ ਜ਼ਿਕਰ ਕਰਕੇ ਭਾਜਪਾ ਹਿੰਦੂਤਵੀ ਖੇਡ ਨੂੰ ਲੁਕੀ ਨਹੀਂ ਰਹਿਣ ਦਿੱਤਾ। ਲੱਖਾਂ ਮੁਸ਼ਕਲਾਂ ਦੇ ਬਾਵਜੂਦ ਸਿੱਖ ਕਤਲੇਆਮ ਦੇ ਪੀੜਤਾਂ, ਉਨ੍ਹਾਂ ਦੇ ਹਮਾਇਤੀਆਂ, ਸੀਨੀਅਰ ਐਡਵੋਕੇਟ ਐਚ ਐੱਸ ਫੂਲਕਾ ਤੇ ਹੋਰਨਾਂ ਨੇ ਹੌਂਸਲਾ ਨਹੀਂ ਹਾਰਿਆ। ਦਿੱਲੀ ਹਾਈਕੋਰਟ ਦੇ ਦੋ ਜੱਜਾਂ ਜਸਟਿਸ ਐਸ. ਮੁਰਲੀਧਰਨ ਅਤੇ ਵਿਨੋਦ ਗੋਇਲ ਉੱਤੇ ਅਧਾਰਿਤ ਬੈਂਚ ਵਲੋਂ ਲੰਘੇ ਸੋਮਵਾਰ ਕਾਂਗਰਸ ਦੇ ਸੀਨੀਅਰ ਆਗੂ ਸੱਜਣ ਕੁਮਾਰ ਨੂੰ ਸੰਨ 1984 ਸਿੱਖ ਨਸਲਕੁਸ਼ੀ ਮਾਮਲੇ ਵਿੱਚ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਉਣਾ ਬੜਾ ਇਤਿਹਾਸਕ ਫੈਸਲਾ ਹੈ । ਇਹ ਫੈਸਲਾ ਸੱਜਣ ਕੁਮਾਰ ਸਮੇਤ ਉਸਦੇ ਸਹਿ ਦੋਸ਼ੀ ਬਲਵਾਨ ਖੋਖਰ, ਕੈਪਟਨ ਭਾਗਮਲ, ਗਿਰਧਾਰੀ ਲਾਲ, ਮਹਿੰਦਰ ਯਾਦਵ ਤੇ ਕਿਸ਼ਨ ਖੋਖਰ ਨੂੰ ਉਨ੍ਹਾਂ ਦੇ ਘੋਰ ਜ਼ਾਲਮਾਨਾ ਅਪਰਾਧ ਬਦਲੇ ਸਜ਼ਾ ਸੁਣਾਉਣ ਤੱਕ ਸੀਮਤ ਨਹੀਂ ਬਲਕਿ ਕਈ ਪੱਖਾਂ ਤੋਂ ਭਾਰਤੀ ਸ਼ਾਸ਼ਨਤੰਤਰ ਦੇ ਕਰੂਪ ਚਿਹਰੇ ਨੂੰ ਸ਼ਰੇਆਮ ਨੰਗਿਆਂ ਕਰਦਾ ਹੈ। ਵਰਨਣਯੋਗ ਹੈ ਕਿ ਇਸ ਮਾਮਲੇ ਵਿੱਚ ਹੇਠਲੀ ਅਦਾਲਤ ਨੇ ਬਲਵਾਨ ਖੋਖਰ, ਕੈਪਟਨ ਭਾਗਮਲ, ਗਿਰਧਾਰੀ ਲਾਲ, ਮਹਿੰਦਰ ਯਾਦਵ ਤੇ ਕਿਸ਼ਨ ਖੋਖਰ ਨੂੰ 10 ਸਾਲ ਕੈਦ-ਏ-ਬਾਮੁਸ਼ੱਕਤ ਦੀ ਸਜ਼ਾ ਸੁਣਾਈ ਹੈ ਪਰ ਸੱਜਣ ਕੁਮਾਰ ਨੂੰ ਇਸ ਕੇਸ ਵਿੱਚੋਂ ਬਰੀ ਕਰ ਦਿੱਤਾ ਸੀ । ਹਾਈਕੋਰਟ ਨੇ ਹੇਠਲੀ ਅਦਾਲਤ ਦੇ ਉਸ ਫੈਸਲੇ ਨੂੰ ਪਲਟਦਿਆਂ ਸਮੁੱਚੇ ਘਟਨਾਕਰਮ ਸਬੰਧੀ ਬੜੀ ਅਹਿਮ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਬੇਹੱਦ ਜਰੂਰੀ ਹੈ ਕਿ ਪੀੜਤ ਨੂੰ ਭਰੋਸਾ ਦਿੱਤਾ ਜਾਵੇ ਕਿ ਚੁਣੌਤੀਆਂ ਦੇ ਬਾਵਜੂਦ ਸੱਚ ਨੇ ਬਾਹਰ ਆਉਣਾ ਹੀ ਹੁੰਦਾ ਹੈ। ਅਦਾਲਤ ਨੇ ਮੁਲਜ਼ਮਾਂ ਨੂੰ ਵੇਲੇ ਦੇ ਹਾਕਮਾਂ ਵਲੋਂ ਦਿੱਤੀ ਜਾਂਦੀ ਸਿਆਸੀ ਸਰਪ੍ਰਸਤੀ ਨੂੰ ਕਰੜੇ ਹੱਥੀਂ ਲੈਂਦਿਆਂ ਗਵਾਹ ਜਗਦੀਸ਼ ਕੌਰ ਦੇ ਹੌਂਸਲੇ ਦੀ ਸਰਾਹਨਾ ਕੀਤੀ ਕਿ ਅਣਗਿਣਤ ਔਕੜਾਂ ਅਤੇ ਅਪਰਾਧੀਆਂ ਦੇ ਹਮਾਇਤੀਆਂ ਦੀਆਂ ਧਮਕੀਆਂ ਦੇ ਬਾਵਜੂਦ ਉਸਨੇ ਨਿਡਰ ਹੋ ਕੇ ਇਸ ਕੇਸ ਦੀ ਪੈਰਵਾਈ ਕੀਤੀ। ਅਦਾਲਤ ਦੀ ਇਸ ਟਿਪਣੀ ਨਾਲ ਬਾਕੀ ਰਹਿੰਦੇ ਮਾਮਲਿਆਂ 'ਚ ਪੀੜਤ ਸਿੱਖ ਬੀਬੀਆਂ ਬਿਨ੍ਹਾਂ ਕਿਸੇ ਭੈਅ ਦੇ ਅਦਾਲਤਾਂ 'ਚ ਗਵਾਹੀ ਦੇਣ ਦਾ ਹੌਂਸਲਾ ਮਿਲੇਗਾ।

ਇਨਸਾਫ਼ ਲਈ ਲੰਮੇ ਸੰਘਰਸ਼ 'ਚ ਵੱਖ ਵੱਖ ਧਿਰਾਂ, ਸ਼ਖ਼ਸ਼ੀਅਤਾਂ ਤੇ ਜਥੇਬੰਦੀਆਂ ਨੇ ਜਿਹੜਾ ਵੱਡਾ ਉੱਦਮ ਜਾਰੀ ਰੱਖਿਆ ਉਸ ਨੂੰ ਅੰਜਾਮ ਤੱਕ ਲਿਜਾਣ ਵਿੱਚ ਚੰਡੀਗੜ੍ਹ ਦੇ ਸੀਨੀਅਰ ਐਡਵੋਕੇਟ ਰਜਿੰਦਰ ਸਿੰਘ ਚੀਮਾ ਤੇ ਉਨ੍ਹਾਂ ਵਕੀਲ ਧੀ ਤਰੰਨੁਮ ਚੀਮਾ ਨੇ ਬੜੀ ਅਹਿਮ ਭੂਮਿਕਾ ਨਿਭਾਈ ਹੈ। ਸੀਬੀਆਈ ਵਲੋਂ ਵਕੀਲ ਚੀਮਾ ਅਤੇ ਪੀੜਤਾਂ ਵਲੋ ਵਕੀਲ ਨਤਰੰਨੁਮ ਨੇ ਹਾਈਕੋਰਟ ਵਿੱਚ ਸੁਣਵਾਈ ਸ਼ੁਰੂ ਹੋਣ ਬਾਅਦ ਸੰਨ 2009 ਤੋਂ ਹੀ ਚੰਡੀਗੜ੍ਹ ਦੀ ਥਾਂ ਦਿੱਲੀ ਡੇਰਾ ਲਾਈ ਰੱਖਿਆ। ਫੈਸਲਾ ਸੁਣਾਉਂਣ ਵੇਲੇ ਭਾਵੁਕ ਹੋਏ ਜੱਜਾਂ ਦਾ ਗਲਾ ਭਰ ਆਉਣਾ ਤਾਂ ਸਮਝ ਆਉਂਦਾ ਹੈ ਪਰ ਦੋਸ਼ੀਆਂ ਦੇ ਵਕੀਲ ਦਾ ਵੀ ਰੋ ਪੈਣਾ ਬੇਇਨਸਾਫ਼ੀ ਵਿਰੁਧ ਵਿਰੋਧੀਆਂ ਦੀ ਰੂਹ ਦੀ ਕੁਰਲਾਹਟ ਵਿਲੱਖਣ ਗੱਲ ਹੈ। ਦੋਵਾਂ ਜੱਜਾਂ ਨੇ ਕਈ ਦਹਾਕਿਆਂ ਤੋਂ ਇਨਸਾਫ ਦਾ ਇੰਤਜ਼ਾਰ ਕਰ ਰਹੇ ਲੋਕਾਂ ਦੇ ਦਰਦ ਨਾਲ ਹਮਦਰਦੀ ਪ੍ਰਗਾਉਂਦਿਆਂ ਇਸ ਸਭ ਕੁਝ ਲਈ ਜਾਂਚ ਏਜੰਸੀਆਂ ਦੀ ਨਾਕਾਮੀ ਨੂੰ ਜ਼ੁੰਮੇਵਾਰ ਠਹਿਰਾ ਕੇ ਭਾਰਤ ਵਿੱਚ ਨਿਆਂ ਦੇ ਰਾਹ ਵਿਚਲੇ ਅੜਿਕਿਆਂ ਨੂੰ ਉਭਾਰਿਆ ਹੈ। ਮਾਣਯੋਗ ਜੱਜ ਗੋਇਲ ਦੀ ਇਹ ਟਿਪਣੀ ਬੇਹੱਦ ਟੁੰਭਣ ਵਾਲੀ ਤੇ ਇੱਕ ਹੋਰ ਵੱਡੇ ਦੁਖਾਂਤ ਵਿੱਚ ਸਿੱਖ ਭਾਈਚਾਰੇ ਨੂੰ ਝਲਣੇ ਪਏ ਦਰਦਾਂ ਦਾ ਜ਼ਿਕਰ ਕਰਦਿਆਂ ਹਾਕਮ ਧਿਰਾਂ ਨੂੰ ਝਾੜ ਪਾਉਂਦੀ ਹੈ , *"ਸੰਨ1947 ਵਿੱਚ ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਕਈ ਲੋਕਾਂ ਦਾ ਕਤਲੇਆਮ ਹੋਇਆ ਸੀ। 37 ਸਾਲਾਂ ਬਾਅਦ ਦਿੱਲੀ ਵਿਖੇ ਫਿਰ ਤੋਂ ਉਹੀ ਕਤਲੇਆਮ ਹੋਇਆ।"*

'ਅਰਬਦ ਨਰਬਦ ਧੁੰਧੂਕਾਰਾ' ਵਾਲੇ ਇਨ੍ਹਾਂ ਭਿਆਨਕ ਸਮਿਆਂ ਵਿੱਚ ਦਿੱਲੀ ਹਾਈਕੋਰਟ ਦਾ ਫੈਸਲਾ ਸਮੁੱਚੇ ਸਿੱਖ ਭਾਈਚਾਰੇ ਲਈ ਕੁਝ ਰਾਹਤ ਤਾਂ ਹੈ ਹੀ ਇਸਦੇ ਨਾਲ ਹੀ ਸਭਨਾਂ ਸਿੱਖਾਂ ਨੂੰ ਨਿੱਕੀਆਂ ਨਿੱਕੀਆਂ ਗੱਲਾਂ ਪਿੱਛੇ ਆਪਸ ਵਿੱਚ ਲੜਣ-ਝਗੜਣ ਦੀ ਬਜਾਏ ਕੌਮ ਨਾਲ ਹੁੰਦੀਆਂ ਆ ਰਹੀਆਂ ਵਧੀਕੀਆਂ ਤੇ ਬੇਇਨਸਾਫ਼ੀਆਂ ਵਿਰੁਧ ਜੂਝਣ ਲਈ ਇੱਕਮੁਠ ਹੋਣ ਦਾ ਸੁਨੇਹਾ ਵੀ ਹੈ।

# ਸ੍ਰੀ ਆਨੰਦਪੁਰ ਸਾਹਿਬ ਤੋਂ ਮੁਕਤਸਰ ਸਾਹਿਬ ਤੱਕ ਸ਼ਹੀਦੀਆਂ ਦਾ ਸਫ਼ਰ

**ਖਾਲਸਾ ਪੰਥ ਦੇ ਸਿਰਜਕ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਸਰਬੰਸਦਾਨੀ ਵੀ ਆਖਿਆ ਜਾਂਦਾ ਹੈ ਕਿਉਂਕਿ ਉਨਾਂ ਨੇ ਧਰਮ ਦੀ ਖਾਤਰ ਆਪਣੇ ਸਿੰਘਾਂ ਨੂੰ ਹੀ ਸਿਰ ਤਲੀ 'ਤੇ ਰੱਖਣ ਲਈ ਨਹੀਂ ਆਖਿਆ ਸਗੋਂ ਸਾਰੇ ਪਰਿਵਾਰ ਦੀ ਆਪ ਵੀ ਕੁਰਬਾਨੀ ਦਿੱਤੀ। ਸਿੱਖੀ ਵਿਚ ਸਭ ਤੋਂ ਪਹਿਲੀ ਸ਼ਹਾਦਤ ਦਸਮੇਸ਼ ਪਿਤਾ ਦੇ ਪੜਦਾਦਾ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਹੈ। ਉਨਾਂ ਪਿੱਛੋਂ ਗੁਰੂ ਗੋਬਿੰਦ ਸਾਹਿਬ ਦੇ ਪਿਤਾ ਨੌਂਵੇਂ ਗੁਰੂ ਤੇਗ ਬਹਾਦਰ ਦੀ ਹੈ। ਗੁਰੂ ਸਾਹਿਬ ਨੇ ਜਦੋਂ ਖ਼ਾਲਸੇ ਦੀ ਸਿਰਜਣਾ ਕੀਤੀ, ਤਾਂ ਇਹੋ ਆਖਿਆ ਸੀ ਕਿ ਜਿਸ ਨੇ ਸਿੰਘ ਸਜਣਾ ਹੈ ਅਰਥਾਤ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹੈ ਉਸ ਨੂੰ ਪਹਿਲਾਂ ਆਪਣਾ ਸੀਸ ਭੇਟ ਕਰਨਾ ਪਵੇਗਾ।**



**ਡਾ. ਰਣਜੀਤ ਸਿੰਘ**

ਜਦੋਂ ਵੀ ਜਬਰ ਜ਼ੁਲਮ ਵਿਰੁੱਧ ਆਵਾਜ਼ ਉਠਦੀ ਹੈ, ਸਥਾਪਤੀ ਇਸ ਨੂੰ ਆਪਣਾ ਵਿਰੋਧ ਸਮਝਦੀ ਹੈ ਅਤੇ ਉਸ ਵਲੋਂ ਇਸ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਕਰਕੇ ਜਦੋਂ ਵੀ ਕੋਈ ਨਵੀਂ ਲਹਿਰ ਹੋਂਦ ਵਿਚ ਆਉਂਦੀ ਹੈ, ਤਾਂ ਉਸ ਵਿਚ ਕੁਰਬਾਨੀਆਂ ਅਤੇ ਸ਼ਹਾਦਤਾਂ ਦੇਣੀਆਂ ਪੈਂਦੀਆਂ ਹਨ ਪਰ ਸਿੱਖ ਧਰਮ ਇਸ ਪੱਖੋਂ ਬਿਲਕੁਲ ਨਿਵੇਕਲਾ ਹੈ। ਗੁਰੂ ਦਾ ਸਿੰਘ ਸਜਣ ਲਈ ਪਹਿਲਾਂ ਆਪਣੇ ਆਪ ਦੀ ਸ਼ਹਾਦਤ ਦੇਣੀ ਪੈਂਦੀ ਹੈ। ਦਸਮੇਸ਼ ਪਿਤਾ ਨੇ ਜਦੋਂ ਖਾਲਸੇ ਦੀ ਸਿਰਜਣਾ ਕੀਤੀ ਸੀ ਤਾਂ ਅੰਮ੍ਰਿਤ ਦੀ ਦਾਤ ਸਿਰ ਭੇਟ ਕਰਨ ਵਾਲਿਆਂ ਨੂੰ ਹੀ ਪ੍ਰਾਪਤ ਹੋਈ ਸੀ। ਇਸੇ ਕਰਕੇ ਗੁਰੂ ਦੇ ਸਿੱਖ ਆਪਾ ਵਾਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਅਸਲ ਵਿਚ ਸਿੱਖ ਧਰਮ ਤਾਂ ਹੈ ਹੀ ਸ਼ਹੀਦੀਆਂ ਦੀ ਗਾਥਾ।

ਖਾਲਸਾ ਪੰਥ ਦੇ ਸਿਰਜਕ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਸਰਬੰਸਦਾਨੀ ਵੀ ਆਖਿਆ ਜਾਂਦਾ ਹੈ ਕਿਉਂਕਿ ਉਨਾਂ ਨੇ ਧਰਮ ਦੀ ਖਾਤਰ ਆਪਣੇ ਸਿੰਘਾਂ ਨੂੰ ਹੀ ਸਿਰ ਤਲੀ 'ਤੇ ਰੱਖਣ ਲਈ ਨਹੀਂ ਆਖਿਆ ਸਗੋਂ ਸਾਰੇ ਪਰਿਵਾਰ ਦੀ ਆਪ ਵੀ ਕੁਰਬਾਨੀ ਦਿੱਤੀ। ਸਿੱਖੀ ਵਿਚ ਸਭ ਤੋਂ ਪਹਿਲੀ ਸ਼ਹਾਦਤ ਦਸਮੇਸ਼ ਪਿਤਾ ਦੇ ਪੜਦਾਦਾ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਹੈ। ਉਨਾਂ ਪਿੱਛੋਂ ਗੁਰੂ ਗੋਬਿੰਦ ਸਾਹਿਬ ਦੇ ਪਿਤਾ ਨੌਂਵੇਂ ਗੁਰੂ ਤੇਗ ਬਹਾਦਰ ਦੀ ਹੈ। ਗੁਰੂ ਸਾਹਿਬ ਨੇ ਜਦੋਂ ਖ਼ਾਲਸੇ ਦੀ ਸਿਰਜਣਾ ਕੀਤੀ, ਤਾਂ ਇਹੋ ਆਖਿਆ ਸੀ ਕਿ ਜਿਸ ਨੇ ਸਿੰਘ ਸਜਣਾ ਹੈ ਅਰਥਾਤ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹੈ ਉਸ ਨੂੰ ਪਹਿਲਾਂ ਆਪਣਾ ਸੀਸ ਭੇਟ ਕਰਨਾ ਪਵੇਗਾ।

ਗੁਰੂ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਭਰੇ ਦੀਵਾਨ ਵਿਚ ਮਿਆਨ ਵਿਚੋਂ ਕਿਰਪਾਨ ਕੱਢ ਕੇ ਸਿਰ ਦੀ ਮੰਗ ਕੀਤੀ, ਜਿਹੜਾ ਉਨਾਂ ਦੀ ਕਿਰਪਾਨ ਦੀ ਆਪਣੇ ਖ਼ੂਨ ਨਾਲ ਪਿਆਸ ਮਿਟਾਵੇ। ਇੰਝ ਉਨਾਂ ਨੇ ਪੰਜ ਜਿੰਦਾ ਸ਼ਹੀਦਾਂ ਦੀ ਚੋਣ ਕੀਤੀ, ਜਿਨਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਉਸੇ ਪੰਗਤੀ ਵਿਚ ਖੜਾ ਕਰ ਦਿੱਤਾ। ਗੁਰੂ ਸਾਹਿਬ ਨੇ ਸਮਾਜ ਵਿਚੋਂ ਊਚ-ਨੀਚ ਤੇ ਜਾਤ ਪਾਤ ਦੇ ਫ਼ਰਕ ਨੂੰ ਮੇਟ ਸਭਨਾਂ ਨੂੰ ਬਰਾਬਰ ਰੱਖਿਆ। ਗੁਰੂ ਦਾ ਸਿੰਘ ਕੇਵਲ ਆਪਣੇ ਹੱਕਾਂ ਦੀ ਰਾਖੀ ਨਹੀਂ ਕਰਦਾ ਸਗੋਂ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਕਰਦਾ ਹੈ।

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਅਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫੌਜਾਂ ਨੇ 1701 ਤੋਂ 1704 ਈ. ਤੱਕ ਆਨੰਦਪੁਰ ਸਾਹਿਬ 'ਤੇ ਪੰਜ ਵਾਰ ਹਮਲਾ ਕੀਤਾ। ਚਾਰ ਲੜਾਈਆਂ ਵਿਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵਾਰ ਭਾਰੀ ਫ਼ੌਜ ਨਾਲ ਸ਼ਾਹੀ ਫੌਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚਲਦਾ ਰਿਹਾ। ਸ਼ਾਹੀ ਫੌਜਾਂ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਹ ਲੜਾਈ ਬੰਦ ਕਰਕੇ ਆਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ। ਆਪਣੇ ਸਿੰਘਾਂ ਦੇ ਫੈਸਲੇ ਦੀ ਕਦਰ ਕਰਦੇ ਹੋਏ ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁੱਕਰ ਗਏ ਤੇ ਉਨਾਂ ਨੇ ਗੁਰੂ ਜੀ 'ਤੇ ਹਮਲਾ ਬੋਲ ਦਿੱਤਾ। ਗੁਰੂ ਜੀ ਉਦੋਂ ਅੰਮ੍ਰਿਤ ਵੇਲੇ ਨਿਤਨੇਮ ਕਰ ਰਹੇ ਸਨ। ਅੱਗੇ ਸਿਰਸਾ ਨਦੀ ਸੀ, ਜਿਸ ਵਿਚ ਹੜ ਆਇਆ ਹੋਇਆ ਸੀ। ਵੈਰੀ ਨੂੰ ਰੋਕ ਕੇ ਰੱਖਣ ਲਈ ਸਿੰਘਾਂ ਦੇ ਛੋਟੇ ਜਥੇ ਬਣਾਏ ਗਏ, ਤਾਂ ਜੋ ਗੁਰੂ ਜੀ ਨਿਤਨੇਮ ਪੂਰਾ ਕਰ ਲੈਣ। ਪਿਛੋਂ ਵੈਰੀ ਦਾ ਹਮਲਾ, ਅੱਗੇ ਹੜ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨਾਂ 'ਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇਥੋਂ ਚਲ ਕੇ ਗੁਰੂ ਜੀ ਚਮਕੌਰ ਪਹੁੰਚੇ। ਹੁਣ ਉਨਾਂ ਨਾਲ ਕੇਵਲ 40 ਸਿੰਘ ਹੀ ਰਹਿ ਗਏ ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਡ ਪੈ ਰਹੀ ਸੀ। ਇਥੇ ਗੁਰੂ ਜੀ ਨੇ ਹਵੇਲੀ ਵਿਚ ਟਿਕਾਣਾ ਕੀਤਾ, ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਅਤੇ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜਥੇ ਬਣਾਏ ਗਏ ਜਿਨਾਂ ਗੜ੍ਹੀ ਵਿਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਸਿੰਘਾਂ ਦਾ ਜਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਦਾ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਗੁਰੂ ਸਾਹਿਬ ਗੜ੍ਹੀ ਦੀ ਕੰਧ 'ਤੇ ਖੜੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੀਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।

ਸੰਸਾਰ ਵਿਚ ਕੋਈ ਵੀ ਗੁਰੂ, ਰਹਿਬਰ, ਬਾਦਸ਼ਾਹ ਅਜਿਹਾ ਨਹੀਂ ਹੋਇਆ ਜਿਸ ਨੇ ਮਜ਼ਲੂਮਾਂ ਦੀ ਰਾਖੀ ਖਾਤਰ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇ। ਰਾਤ ਨੂੰ ਖਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਦੇ ਨਾਲ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਗਏ। ਬਾਕੀ ਸਿੰਘਾਂ ਨੇ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਰਾਹ ਦੀਆਂ ਦੁੱਖਾਂ-ਤਕਲੀਫ਼ਾਂ ਨੂੰ ਝੱਲਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਹੁਣ ਮੁਕਤਸਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਪੁੱਜੇ, ਉਦੋਂ ਤੀਕ ਵਿਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨਾਂ ਦੇ ਨਾਲ ਹੋ ਗਈ। ਜ਼ਾਲਮ ਫੌਜ ਵੀ ਪਿੱਛਾ ਕਰਦੀ ਇਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜੀ ਜਿਹੀ ਗਿਣਤੀ ਨੇ ਸ਼ਾਹੀ ਫੌਜਾਂ ਨੂੰ ਮੁੜਨ ਲਈ ਮਜਬੂਰ ਕਰ ਦਿੱਤਾ। ਮੁੜ ਸ਼ਾਹੀ ਫੌਜ ਦਾ ਗੁਰੂ ਜੀ 'ਤੇ ਹਮਲਾ ਕਰਨ ਦਾ ਕਦੇ ਵੀ ਹੌਂਸਲਾ ਨਹੀਂ ਹੋਇਆ। ਇਸ ਯੁੱਧ ਵਿਚ ਉਨਾਂ ਚਾਲੀ ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ, ਜਿਹੜੇ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ।

ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਉਮਰ ਸੱਤ ਸਾਲ ਤੇ ਬਾਬਾ ਫ਼ਤਹਿ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਨਾਲ ਸਿਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਤੋਂ ਵਿਛੜ ਗਏ ਸਨ। ਉਨਾਂ ਨਾਲ ਕੇਵਲ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਸੀ। ਉਹ ਇਨਾਂ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁਝ ਸ਼ਾਹੀ ਫੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦੇ ਲਾਲਚ ਨਾਲ ਉਸਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇਕ ਬਜ਼ੁਰਗ ਔਰਤ ਤੇ ਦੋ ਮਾਸੂਮ ਬੱਚੇ ਮੁਲਜ਼ਮਾਂ ਦੇ ਰੂਪ ਵਿਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤੇ ਗਏ। ਇਸਲਾਮ ਕਬੂਲਣ ਲਈ ਡਰਾਇਆ ਤੇ ਧਮਕਾਇਆ ਗਿਆ। ਜਦੋਂ ਡਰ ਇਨਾਂ ਮਹਾਨ ਰੂਹਾਂ ਨੂੰ ਡਰਾ ਨਾ ਸਕਿਆ ਤਾਂ ਲਾਲਚ ਦਿੱਤੇ ਗਏ

ਬਾਕੀ ਸਫ਼ਾ 28 'ਤੇ

# ਮੈਂ ਧਰਤੀ ਮਾਛੀਵਾੜੇ ਦੀ...



ਸਿਮਰਜੀਤ ਸਿੰਘ

ਮੈਂ ਮਾਛੀਵਾੜੇ ਦੀ ਧਰਤੀ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਉਤਰਾਅ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਮੈਂ ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ ਸਮਰਾਲਾ ਦਾ ਇੱਕ ਉੱਘਾ ਕਸਬਾ ਹਾਂ ਅਤੇ ਸਿੱਖ ਇਤਿਹਾਸ ਵਿੱਚ ਮੇਰੀ ਵਿਸ਼ੇਸ਼ ਥਾਂ ਹੈ। ਮੈਂ ਲੁਧਿਆਣਾ ਸ਼ਹਿਰ ਤੋਂ ਲਗਭਗ 43 ਕਿਲੋਮੀਟਰ ਦੂਰੀ 'ਤੇ ਬਿਰਾਜਮਾਨ ਹਾਂ। ਪਰ ਕਦੇ ਮੈਂ ਇਕ ਅਣਗੌਲੀ ਧਰਤੀ ਸਾਂ। ਪਹਿਲਾਂ ਸਤਲੁਜ ਦਰਿਆ ਮੇਰੇ ਨਾਲ ਖਹਿ ਕੇ ਲੰਘਦਾ ਸੀ ਪਰ ਹੁਣ ਉਹ ਇਥੋਂ ਰਸਤਾ ਬਦਲ ਕੇ 9 ਕਿਲੋਮੀਟਰ ਦੀ ਦੂਰ 'ਤੇ ਰਾਹੋਂ ਦੇ ਪੱਤਣ ਦੇ ਕੋਲ ਦੀ ਲੰਘਦਾ ਹੈ। ਮੈਨੂੰ ਆਪਣੇ ਜਨਮ ਤੇ ਨਾਮਕਰਨ ਬਾਰੇ ਕੋਈ ਵਧੇਰੇ ਜਾਣਕਾਰੀ ਨਹੀਂ ਕਿਉਂਕਿ ਮੈਂ ਉਸ ਵੇਲੇ ਬਹੁਤ ਛੋਟੀ ਸੀ ਪਰ ਮੈਂ ਬਜ਼ੁਰਗਾਂ ਨੂੰ ਗੱਲਾਂ ਕਰਦਿਆਂ ਸੁਣਿਆ ਹੈ ਕਿ ਮੈਨੂੰ ਮਲਿਕ ਮਾਛੀ ਨੇ ਆਬਾਦ ਕੀਤਾ ਸੀ, ਜਿਸ ਦੇ ਨਾਂ 'ਤੇ ਮੇਰਾ ਨਾਂ ਵੀ 'ਮਾਛੀਵਾੜਾ' ਪੈ ਗਿਆ। ਕਈ ਕਹਿੰਦੇ ਹਨ ਕਿ ਮੇਰੇ ਇਸ ਕਸਬੇ ਵਿਚ 'ਮਾਛੀਆਂ' ਦਾ ਨਿਵਾਸ ਸਥਾਨ ਹੋਣ ਕਾਰਨ ਮੇਰਾ ਨਾਂ 'ਮਾਛੀਵਾੜਾ' ਪਿਆ ਹੈ। ਮੈਂ ਇਕ ਸਮੇਂ ਮੁਸਲਮਾਨਾਂ ਦੀ ਅਬਾਦੀ ਵਾਲਾ ਬੜਾ ਉੱਘਾ ਕਸਬਾ ਬਣੀ ਸਾਂ। ਮੁਸਲਮਾਨਾਂ ਦੇ ਸਮੇਂ ਦੀਆਂ ਭਾਵੇਂ ਕੋਈ ਖਾਸ ਨਿਸ਼ਾਨੀਆਂ ਹੁਣ ਮੌਜੂਦ ਨਹੀਂ ਹਨ ਪਰ ਫਿਰ ਵੀ ਇਕ ਖੂਹ ਤੇ ਇਕ ਮਸਜਿਦ ਦੀਆਂ ਨੀਹਾਂ ਅਤੇ ਇਕ ਹੋਰ ਪੂਰੀ ਦੀ ਪੂਰੀ ਮਸਜਿਦ ਪੁਰਾਤਨ ਸਮੇਂ ਦੀਆਂ ਨਿਸ਼ਾਨੀਆਂ ਵਜੋਂ ਅੱਜ ਵੀ ਮੌਜੂਦ ਹੈ। ਪੰਜਾਬ ਵਿਚ ਉਸ ਸਮੇਂ ਉਸਾਰੀ ਵਾਲੇ ਪੱਥਰ ਦੀ ਕਮੀ ਸੀ ਇਸ ਲਈ ਜ਼ਿਆਦਾਤਰ ਇਮਾਰਤਾਂ ਦੀ ਉਸਾਰੀ ਇੱਟਾਂ ਨਾਲ ਕੀਤੀ ਜਾਂਦੀ ਸੀ ਪਰ ਇਹ ਮਸਜਿਦ ਭੂਰੇ ਪੱਥਰ ਨਾਲ ਉਸਾਰੀ ਗਈ ਹੈ, ਜਿਸ ਉਪਰ ਗਲੇਜ਼ਡ ਨੀਲੀਆਂ ਟਾਈਲਾਂ ਵੀ ਲੱਗੀਆਂ ਹੋਈਆਂ ਹਨ। ਮਸਜਿਦ ਦੇ ਕਈ ਭਾਗਾਂ 'ਤੇ ਫੁੱਲ ਆਦਿ ਉੱਕਰ ਕੇ ਸਜਾਵਟ ਵੀ ਕੀਤੀ ਗਈ ਹੈ। ਇਸ ਮਸਜਿਦ ਦੇ ਤਿੰਨ ਦਰਵਾਜੇ ਹਨ ਪਰ ਗੁੰਬਦ ਇਕੋ ਹੀ ਹੈ। ਮਸਜਿਦ ਉਪਰ ਲਾਲ ਪੱਥਰ ਨਾਲ ਉੱਕਰੀ ਇੱਕ ਇਬਾਰਤ ਮੁਤਾਬਿਕ ਇਸ ਦੀ ਉਸਾਰੀ 1517 ਈ. ਵਿਚ ਫਤਹਿ ਮਲਿਕ ਨੇ ਕਰਵਾਈ ਸੀ। ਫਤਹਿ ਮਲਿਕ ਦੇ ਪਿਤਾ ਦਾ ਨਾਂ ਮਲਿਕ ਮਾਛੀ ਸੀ।

ਹੁਣ ਮੈਂ ਤੁਹਾਨੂੰ ਆਪਣੀ ਤਕਦੀਰ ਪਲਟਣ ਦੀ ਗਾਥਾ ਸੁਣਾਉਣ ਲੱਗੀ ਆਂ। ਗੱਲ ਦਸੰਬਰ 1704 ਈ. ਦੀ ਹੈ। ਉਨ੍ਹਾਂ ਦਿਨਾਂ ਵਿਚ ਜਦੋਂ ਮੇਰੀ ਦਿੱਖ ਉਜਾੜ ਬੀਆਬਾਨ ਵਾਲੀ ਸੀ ਅਤੇ ਉੱਚੇ ਨੀਵੇਂ ਰੇਤ ਦੇ ਟਿੱਬਿਆਂ ਨੇ ਮੇਰਾ ਹੁਲੀਆ ਵਿਗਾੜ ਰੱਖਿਆ ਸੀ। ਚਾਰੇ ਪਾਸੇ ਕੰਡਿਆਲੀਆਂ ਝਾੜੀਆਂ ਦੀ ਭਰਮਾਰ ਸੀ। ਸਰਦੀ ਰੁੱਤ ਸੀ। ਕਹਿਰਾਂ ਦੀ ਸਰਦੀ ਪੈ ਰਹੀ ਸੀ ਜਿਸ ਰਾਤ ਦੀਨ-ਦੁਨੀ ਦੇ ਮਾਲਿਕ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੱਲਮ-ਕੱਲੇ ਹੱਥ ਵਿਚ ਨੰਗੀ ਸ਼ਮਸ਼ੀਰ, ਤਨ ਦਾ ਚੋਲਾ ਕੰਡਿਆਂ ਵਿਚ ਫਸ ਕੇ ਪਾਟਾ ਹੋਇਆ ਅਤੇ ਨੰਗੇ ਪੈਰੀਂ ਮੈਨੂੰ ਆਪਣੀ ਵਿਸਮਾਦੀ ਚਰਨ ਛੋਹ ਬਖਸ਼ ਕੇ ਸਦਾ ਸਦਾ ਲਈ ਭਾਗਾਂ ਵਾਲੀ ਬਣਾਉਣ ਲਈ ਆ ਪਹੁੰਚੇ। ਹਨ੍ਹੇਰਾ ਇੰਨਾ ਕਿ ਹੱਥ ਨੂੰ ਹੱਥ ਮਾਰਿਆ ਨਹੀਂ ਸੀ ਦਿਸਦਾ। ਮੇਰੇ ਪਾਤਸ਼ਾਹ ਇੰਨੀ ਠੰਢ ਵਿਚ ਬਿਨਾਂ ਕਿਸੇ ਗਰਮ ਕੱਪੜੇ ਦੇ ਇਕ ਗੁਲਾਬੇ-ਪੰਜਾਬੇ ਦੇ ਖੂਹ 'ਤੇ ਆ ਗਏ। ਗੁਰੂ ਪਾਤਸ਼ਾਹ ਜੀ ਨੇ ਖੂਹ ਵਿਚੋਂ ਪਾਣੀ ਭਰਿਆ ਤੇ ਟਿੰਡ ਖੋਲ੍ਹ ਕੇ ਪਾਣੀ ਪੀਤਾ ਅਤੇ ਟਿੰਡ ਦਾ ਸਿਰਹਾਣਾ ਲਾ ਕੇ ਇਸ ਤਰ੍ਹਾਂ ਸੌਂ ਗਏ ਜਿਵੇਂ ਕੋਈ ਬਹੁਤ ਵੱਡਾ ਕਰਜ਼ਾ ਲਾਹ ਕੇ ਹਟੇ ਹੋਣ।



ਸਵੇਰੇ ਅੰਮ੍ਰਿਤ ਵੇਲੇ ਗੁਰੂ ਪਾਤਸ਼ਾਹ ਜੀ ਉੱਠੇ, ਅਕਾਲ ਪੁਰਖ ਦਾ ਸਿਮਰਨ ਕੀਤਾ ਅਤੇ ਉਨ੍ਹਾਂ ਦੀ ਮਿੱਠੀ ਆਵਾਜ਼ ਸਾਰੇ ਬਾਗ਼ ਦੀ ਫਿਜ਼ਾ ਵਿੱਚ ਇਸ ਤਰ੍ਹਾਂ ਫੈਲ ਗਈ ਜਿਸ ਨਾਲ ਪਰਿੰਦੇ ਵੀ ਝੂਮ ਉਠੇ। ਗੁਰੂ ਜੀ ਨੇ ਪਾਵਨ ਬਾਣੀ ਉਚਾਰਨ ਕੀਤੀ :

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥<br>
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦਾ ਰਹਣਾ।<br>
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ।<br>
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆ ਰਹਣਾ॥

ਇਸ ਮਧੁਰ ਆਵਾਜ਼ ਨੂੰ ਸੁਣ ਕੇ ਤਿੰਨ ਸਿੱਖ ਵੀ ਆ ਪਹੁੰਚੇ। ਉਨ੍ਹਾਂ ਨੇ ਗੁਰੂ ਜੀ ਨੂੰ ਸਤਿਕਾਰ ਸਹਿਤ ਫਤਿਹ ਅਰਜ਼ ਕੀਤੀ। ਇਹ ਭਾਈ ਧਰਮ ਸਿੰਘ, ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਸਨ। ਇਹ ਗੁਰੂ ਜੀ ਦੇ ਨਾਲ ਹੀ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ ਸਨ। ਪਰ ਘਮਸਾਨ ਦੇ ਯੁੱਧ ਕਾਰਨ ਅਤੇ ਹਨ੍ਹੇਰੀ ਰਾਤ ਵਿਚ ਇਕ ਦੂਜੇ ਤੋਂ ਵਿੱਛੜ ਗਏ ਸਨ ਅਤੇ ਗੁਰੂ ਜੀ ਵਲੋਂ ਦੱਸੀ ਦਿਸ਼ਾ ਦੀ ਨਿਸ਼ਾਨੀ ਵੱਲ ਇਕ ਦੂਸਰੇ ਨੂੰ ਲੱਭਦੇ-ਲੁਭਾਉਂਦੇ ਇੱਕੋ ਪਹੁੰਚ ਕੇ ਆਪਸ ਵਿਚ ਮਿਲ ਗਏ ਸਨ। ਇਹ ਹਾਲੇ ਜਲ ਪਾਣੀ ਛਕ ਕੇ ਬੈਠੇ ਹੀ ਸਨ ਕਿ ਬਾਗ ਦੇ ਮਾਲੀ ਨੇ ਬਾਗ ਦੇ ਮਾਲਕ ਗੁਲਾਬ ਚੰਦ ਨੂੰ ਜਾ ਦੱਸਿਆ ਕਿ ਬਾਗ ਵਿਚ ਕੋਈ ਅਜਨਬੀ ਰਾਹੀ ਆ ਕੇ ਰੁਕਿਆ ਹੈ।

ਭਾਈ ਗੁਲਾਬ ਚੰਦ ਆਪਣੇ ਭਰਾ ਪੰਜਾਬ ਚੰਦ ਨਾਲ ਬਾਗ ਵਿਚ ਆ ਹਾਜ਼ਰ ਹੋਇਆ। ਜਦੋਂ ਉਸ ਨੇ ਦੇਖਿਆ ਕਿ ਇਹ ਤਾਂ ਕਲਗੀਆਂ ਵਾਲੇ ਪਾਤਸ਼ਾਹ, ਅਨੰਦਪੁਰ ਸਾਹਿਬ ਵਾਲੇ ਗੁਰੂ ਦਸਮੇਸ਼ ਪਿਤਾ ਨੇ ਆ ਕੇ ਉਨ੍ਹਾਂ ਦੇ ਬਾਗ ਨੂੰ ਭਾਗ ਲਾ ਦਿੱਤੇ ਹਨ ਤਾਂ ਉਹ ਚਰਨਾਂ 'ਤੇ ਡਿੱਗ ਪਏ ਅਤੇ ਉਨ੍ਹਾਂ ਦੀ ਇਸ ਦਸ਼ਾ ਦਾ ਕਾਰਨ ਪੁੱਛਿਆ। ਇਹ ਭਾਈ ਗੁਲਾਬ ਚੰਦ ਅਤੇ ਭਾਈ ਪੰਜਾਬ ਚੰਦ ਗੁਰੂਘਰ ਦੇ ਮਸੰਦ ਸਨ, ਜਦੋਂ ਸੰਗਤ ਦੀ ਸ਼ਿਕਾਇਤ 'ਤੇ ਗੁਰੂ ਜੀ ਨੇ 1699 ਈ. ਦੀ ਵਿਸਾਖੀ ਨੂੰ ਮਸੰਦ ਪ੍ਰਥਾ ਸਦਾ ਲਈ ਖਤਮ ਕਰ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦੇ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ, ਤਦੋਂ ਗੁਰੂ ਜੀ ਨੇ ਇਨ੍ਹਾਂ ਨੂੰ ਭਲੇ ਪੁਰਸ਼ ਜਾਣ ਕੇ ਕੁਝ ਨਹੀਂ ਸੀ ਕਿਹਾ। ਇਹ ਦੋਵੇਂ ਭਰਾ ਮਾਛੀਵਾੜੇ ਆ ਕੇ ਰਹਿਣ ਲੱਗ ਪਏ ਅਤੇ ਖੇਤੀ ਕਰਨ ਲੱਗ ਪਏ, ਇਹ ਬਾਗ ਵੀ ਇਨ੍ਹਾਂ ਭਰਾਵਾਂ ਦਾ ਹੀ ਸੀ। ਗੁਰੂ ਜੀ ਨਾਲ ਆਣ ਮਿਲੇ ਸਿੱਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ ! ਤੁਸੀਂ ਇੱਥੇ ਤੱਕ ਕਿਵੇਂ ਪਹੁੰਚੇ, ਕ੍ਰਿਪਾ ਕਰਕੇ ਇਸ ਬਾਰੇ ਸਾਨੂੰ ਜਾਣੂ ਕਰਵਾਓ।

ਗੁਰੂ ਜੀ ਨੇ ਦੱਸਿਆ ਕਿ ਕਿਵੇਂ ਕਿਵੇਂ ਉਨ੍ਹਾਂ ਨੇ ਚਮਕੌਰ ਦੀ ਗੜ੍ਹੀ ਛੱਡ ਕੇ ਦੁਸ਼ਮਣ ਨੂੰ ਲਲਕਾਰਿਆ ਤਾਂ ਉਹ ਹਨ੍ਹੇਰੇ ਵਿਚ ਡਰ ਕੇ ਆਪਸ ਵਿਚ ਹੀ ਲੜਨ ਲੱਗ ਪਏ ਅਤੇ ਉਹ ਹਨੇਰੇ ਵਿਚ ਜੰਗਲ ਦੇ ਰਸਤੇ ਪੈ ਗਏ। ਮੁਗਲ ਫੌਜਾਂ ਨੇ ਚਾਰੇ ਪਾਸੇ ਉਨ੍ਹਾਂ ਦਾ ਹੁਲੀਆ ਦੱਸ ਕੇ ਢੰਡੋਰਾ ਪਿਟਵਾਇਆ ਹੋਇਆ ਸੀ ਕਿ ਗੁਰੂ ਜੀ ਨੂੰ ਜਿੰਦਾ ਜਾਂ ਮੁਰਦਾ ਫੜਵਾਉਣ ਵਾਲੇ ਨੂੰ ਬਹੁਤ ਵੱਡਾ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਨੂੰ ਚਲਦੇ ਚਲਦੇ ਦਿਨ ਚੜ੍ਹ ਗਿਆ ਸੀ। ਰਸਤੇ ਵਿਚ ਉਨ੍ਹਾਂ ਨੂੰ ਖੇੜੀ ਪਿੰਡ ਦੇ ਅਲਫੂ ਅਤੇ ਰਾਮੂ ਦੋ ਗੁੱਜਰ ਭਰਾ ਮੱਝਾਂ ਚਾਰਦੇ ਮਿਲ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਪਛਾਣ ਲਿਆ ਅਤੇ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਔਹ ਦੇਖੋ! ਸਿੱਖਾਂ ਦਾ ਗੁਰੂ ਜਾ ਰਿਹਾ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਪੰਜ ਪੰਜ ਸੋਨੇ ਦੀਆਂ ਮੋਹਰਾਂ ਦੇ ਕੇ ਰੌਲਾ ਪਾਉਣ ਤੋਂ ਰੋਕਿਆ। ਉਨ੍ਹਾਂ ਨੇ ਮੋਹਰਾਂ ਵੀ ਲੈ ਲਈਆਂ ਪਰ ਰੌਲਾ ਪਾਉਣੋਂ ਵੀ ਨਾ ਰੁਕੇ। ਜਦੋਂ ਉਹ ਰੌਲਾ ਪਾਉਣੋਂ ਨਾ ਹੀ ਹਟੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਕਿਰਪਾਨ ਨਾਲ ਝਟਕਾ ਕੇ ਦੇਣੀ ਪਈ।

ਉਹ ਜੰਗਲ ਦੇ ਵਿਚੋਂ ਵਿਚ ਦੀ ਤੁਰੇ ਜਾ ਰਹੇ ਸਨ ਕਿਉਂਕਿ ਜੰਗਲ ਦੇ ਬਾਹਰ ਚਾਰੇ ਪਾਸੇ ਤੋਂ ਮੁਗਲ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ। ਚਲਦੇ ਚਲਦੇ ਜਦੋਂ ਪਹੁ ਫੁਟਾਲਾ ਜਿਹਾ ਹੋਣ ਲੱਗਾ ਤਾਂ ਕੁੱਕੜ ਦੇ ਬਾਂਗ ਦੇਣ ਦੀ ਆਵਾਜ਼ ਸੁਣੀ ਅਤੇ ਉਨ੍ਹਾਂ ਨੇ ਅੰਦਾਜ਼ਾ ਲਗਾ ਲਿਆ ਕਿ ਨੇੜੇ ਹੀ ਕੋਈ ਪਿੰਡ ਹੈ। ਜਦੋਂ ਉਹ ਥੋੜ੍ਹਾ ਨੇੜੇ ਗਏ ਤਾਂ ਪਤਾ ਲੱਗਾ ਉਹ ਤਾਂ ਬਹਿਲੋਲਪੁਰ ਪਿੰਡ ਪਹੁੰਚ ਗਏ ਹਨ। ਇਹ ਪੱਕਾ ਪਿੰਡ ਸੀ ਅਤੇ ਇਸ ਨੂੰ ਬਹਿਲੋਲ ਲੋਧੀ ਨੇ ਵਸਾਇਆ ਸੀ। ਉਨ੍ਹਾਂ ਨੂੰ ਯਾਦ ਆਇਆ ਕਿ ਇਥੋਂ ਦਾ ਇਕ ਪੂਰਨ ਚੰਦ ਮਸੰਦ ਹੁੰਦਾ ਸੀ। ਗੁਰੂ ਜੀ ਨੂੰ ਇਕ ਬੰਦਾ ਦਿਖਾਈ ਦਿੱਤਾ ਤਾਂ ਉਸ ਤੋਂ ਪੂਰਨ ਮਸੰਦ ਦਾ ਘਰ ਪੁੱਛ ਕੇ ਉਹ ਉਸ ਦੇ ਘਰ ਚਲੇ ਗਏ। ਘਰ ਦਾ ਵੱਡਾ ਦਰਵਾਜ਼ਾ ਖੜਕਾਇਆ ਤਾਂ ਡਿਉਢੀ ਵਿਚੋਂ ਨੌਕਰ ਜਿਊਣੇ ਨੇ ਉੱਠ ਕੇ ਕੁੰਡਾ ਖੋਲ੍ਹਿਆ ਅਤੇ ਪੁੱਛਿਆ ਕਿ ਇੰਨੇ ਸਵੇਰੇ ਸਵੇਰੇ ਕੌਣ ਹੈ ? ਉਨ੍ਹਾਂ ਨੇ ਜਿਊਣੇ ਨੂੰ ਦੱਸਿਆ ਕਿ ਉਹ ਗੁਰੂ ਗੋਬਿੰਦ ਸਿੰਘ ਹਨ ਅਤੇ ਇਥੇ ਕੁਝ ਦਿਨ ਲਈ ਰਹਿਣ ਆਏ ਹਨ। ਜਿਊਣਾ ਉਨ੍ਹਾਂ ਨੂੰ ਮੰਜੀ ਤੇ ਬਿਠਾ ਕੇ ਭੱਜਾ ਭੱਜਾ ਪੂਰਨ ਮਸੰਦ ਨੂੰ ਦੱਸਣ ਲਈ ਗਿਆ ਤਾਂ ਉਸ ਨੇ ਉਨ੍ਹਾਂ ਨੂੰ ਘਰ ਰੱਖਣ ਤੋਂ ਨਾਂਹ ਕਰ ਦਿੱਤੀ, ਜਿਸ ਤੇ ਜਿਊਣੇ ਨੂੰ ਬਹੁਤ ਗੁੱਸਾ ਆਇਆ। ਜਦੋਂ ਉਨ੍ਹਾਂ ਨੂੰ ਇਸ ਸਾਰੀ ਵਾਰਤਾ ਦਾ ਪਤਾ ਲੱਗਾ ਤਾਂ ਉਹ ਉਥੋਂ ਉਠ ਕੇ ਅੱਗੇ ਵੱਲ ਨੂੰ ਤੁਰ ਪਏ। ਗੁਰੂ ਜੀ ਜੰਗਲ ਵਿਚ ਇਕ ਜੰਡ ਦੇ ਦਰੱਖਤ ਹੇਠ ਠਹਿਰ ਗਏ ਅਤੇ ਉਥੇ ਹੀ ਕੁਝ ਆਰਾਮ ਕੀਤਾ ਤਾਂ ਕਿ ਰਾਤ ਦਾ ਹਨ੍ਹੇਰਾ ਹੋਣ 'ਤੇ ਅੱਗੇ ਦਾ ਸਫ਼ਰ ਤਹਿ ਕੀਤਾ ਜਾਵੇ। ਉਨ੍ਹਾਂ ਦੇ ਪੈਰ ਥਕਾਵਟ ਨਾਲ ਸੁੱਜੇ ਪਏ ਸਨ ਪਰ ਉਨ੍ਹਾਂ ਦਾ ਹੌਸਲਾ ਬੁਲੰਦ ਸੀ। ਇਸ ਸਥਾਨ 'ਤੇ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਜੰਡ ਸਾਹਿਬ ਬਣਿਆ ਹੋਇਆ ਹੈ। ਗੁਰੂ ਜੀ ਜੰਗਲ ਦੇ ਰਸਤੇ ਅੱਗੇ ਵੱਲ ਚੱਲ ਪਏ। ਜੰਗਲ ਦਾ ਰਸਤਾ ਕਰੀਰਾਂ, ਕਿੱਕਰਾਂ, ਮਲ੍ਹਿਆਂ ਦੇ ਕੰਡਿਆਂ ਨਾਲ ਭਰਿਆ ਪਿਆ ਸੀ। ਗੁਰੂ ਜੀ ਨੇ ਨੰਗੇ ਪੈਰ ਕੰਡੇ ਵੱਜ ਵੱਜ ਕੇ ਜ਼ਖ਼ਮਾਂ ਨਾਲ ਭਰੇ ਪਏ ਸਨ ਪਰ ਉਹ ਅੱਗੇ ਵੱਲ ਨੂੰ ਤੁਰਦੇ ਜਾ ਰਹੇ ਸਨ। ਤੁਰਦੇ ਤੁਰਦੇ ਉਹ ਬੇਰੀਆਂ ਕਰੀਰਾਂ ਦੇ ਇਕ ਝਾੜ ਕੋਲ ਪਹੁੰਚ ਗਏ। ਉਨ੍ਹਾਂ ਨੇ ਸੁਰੱਖਿਅਤ ਥਾਂ ਜਾਣ ਕੇ ਇਸ ਥਾਂ 'ਤੇ ਕੁਝ ਸਮਾਂ ਠਹਿਰ ਕੇ ਅਰਾਮ ਕੀਤਾ ਅਤੇ ਅੱਕ ਦੇ ਫੁੱਲ ਖਾ ਕੇ ਗੁਜ਼ਾਰਾ ਕੀਤਾ। ਇੱਥੇ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਝਾੜ ਸਾਹਿਬ ਬਣਿਆ ਹੋਇਆ ਹੈ।

ਇਸ ਤਰ੍ਹਾਂ ਅੱਗੇ ਚਲਦੇ ਚਲਦੇ ਗੁਰੂ ਜੀ ਰਾਤਾਂ ਦੇ ਹਨ੍ਹੇਰੇ ਵਿੱਚ ਮੈਨੂੰ ਨਿਮਾਣੀ ਧਰਤੀ ਨੂੰ ਭਾਗ ਲਾਉਣ ਲਈ ਇਸ ਬਾਗ ਵਿਚ ਪਹੁੰਚ ਗਏ।



ਗੁਰੂ ਜੀ ਦੀ ਸਾਰਾ ਵਾਰਤਾ ਸੁਣ ਕੇ ਭਾਈ ਦਇਆ ਸਿੰਘ ਨੇ ਕਿਹਾ ਕਿ ਗੁਰੂ ਜੀਓ ਮੈਂ ਤੁਹਾਡੇ ਦੱਸੇ ਅਨੁਸਾਰ ਇਸ ਦਿਸ਼ਾ ਵੱਲ ਨੂੰ ਹੀ ਜਾ ਰਿਹਾ ਸਾਂ ਤਾਂ ਰਸਤੇ ਵਿਚ ਮੈਨੂੰ ਉਹ ਬਹਿਲੋਲਪੁਰ ਵਾਲੇ ਮਸੰਦ ਦਾ ਸੇਵਕ ਜਿਊਣਾ ਮਿਲਿਆ ਸੀ। ਉਹ ਤਾਂ ਬੜਾ ਭਲਾ ਬੰਦਾ ਹੈ। ਉਸ ਨੇ ਹੀ ਮੈਨੂੰ ਦੱਸਿਆ ਕਿ ਗੁਰੂ ਜੀ ਇੱਧਰ ਨੂੰ ਗਏ ਹਨ। ਉਸ ਨੇ ਦੱਸਿਆ ਕਿ ਜਦੋਂ ਪੂਰਨ ਮਸੰਦ ਨੇ ਗੁਰੂ ਜੀ ਨਾਲ ਦੁਰਵਿਵਹਾਰ ਕੀਤਾ ਤਾਂ ਉਸ ਤੋਂ ਇਹ ਬਰਦਾਸ਼ਤ ਨਹੀਂ ਹੋਇਆ ਜਦ ਕਿ ਉਸ ਦੀ ਪਤਨੀ ਬੜੀ ਨੇਕ ਦਿਲ ਔਰਤ ਹੈ। ਉਸ ਨੇ ਪੂਰਨ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਨੇ ਇਕ ਨਹੀਂ ਮੰਨੀ ਅਤੇ ਆਪ ਜੀ ਨੂੰ ਠੰਡੀ ਬਰਫ਼ੀਲੀ ਰਾਤ ਵਿਚ ਇਕ ਦਿਨ ਵੀ ਰਹਿਣ ਲਈ ਥਾਂ ਨਹੀਂ ਦਿੱਤੀ ਜਦੋਂ ਕਿ ਇਹ ਸਾਰੇ ਮਹਿਲ ਗੁਰੂ ਦੀ ਕਿਰਪਾ ਨਾਲ ਹੀ ਬਣੇ ਹਨ। ਉਸ ਨੇ ਉਸ ਦੀ ਨੌਕਰੀ ਛੱਡ ਦਿੱਤੀ। ਉਸ ਨੇ ਇਹ ਵੀ ਦੱਸਿਆ ਕਿ ਦੂਸਰੇ ਦਿਨ ਸਵੇਰੇ ਜਦੋਂ ਦਿਲਾਵਰ ਖਾਨ ਫੌਜਦਾਰ ਜੋ ਕਿ ਬਹਿਲੋਲਪੁਰ ਆਏ ਸੀ ਤਾਂ ਉਸ ਨੇ ਪੂਰਨ ਮਸੰਦ ਨੂੰ ਬੁਲਾ ਕੇ ਬੰਨ੍ਹ ਲਿਆ ਅਤੇ ਉਸ ਦੀ ਖੂਬ ਛਿੱਤਰ-ਪਰੇਡ ਕੀਤੀ। ਪੂਰਨ ਸਰੀਰ ਦਾ ਮੋਟਾ ਸੀ ਅਤੇ ਐਸ਼ਪ੍ਰਸਤ ਸੀ, ਜਿਸ ਕਾਰਨ ਡੰਡਿਆਂ ਦੀ ਮਾਰ ਝੱਲਣੀ ਉਸ ਦੇ ਵੱਸ ਦਾ ਕੰਮ ਨਹੀਂ ਸੀ। ਭਾਈ ਗੁਲਾਬ ਚੰਦ ਹੋਰੀਂ ਗੁਰੂ ਜੀ ਨੂੰ ਘਰ ਆਪਣੇ ਘਰ ਲੈ ਗਏ। ਗੁਰੂ ਜੀ ਨੇ ਉਹ ਰਾਤ ਆਪਣੇ ਤਿੰਨਾਂ ਸਿੱਖਾਂ ਸਮੇਤ ਭਾਈ ਗੁਲਾਬ ਚੰਦ ਦੇ ਘਰ ਇਕ ਚੁਬਾਰੇ ਵਿਚ ਕੱਟੀ। ਮਾਛੀਵਾੜੇ ਵਿਚ ਹੀ ਗੁਰੂ ਦੇ ਸ਼ਰਧਾਲੂ ਦੋ ਪਠਾਣ ਭਰਾ ਭਾਈ ਗਨੀ ਖਾਂ ਅਤੇ ਭਾਈ ਨਬੀ ਖਾਂ ਰਹਿੰਦੇ ਸਨ। ਇਹ ਦੋਵੇਂ ਭਰਾ ਗੁਰੂ ਸਾਹਿਬ ਪਾਸ ਘੋੜੇ ਲੈ ਕੇ ਜਾਇਆ ਕਰਦੇ ਸਨ। ਇਹ ਦੋਵੇਂ ਭਰਾ ਗੁਰੂ ਸਾਹਿਬ ਨੂੰ ਆ ਮਿਲੇ ਅਤੇ ਇਸ ਸਮੇਂ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਜਦੋਂ ਮੁਗਲ ਫ਼ੌਜ ਨੇ ਮਾਛੀਵਾੜੇ ਦੇ ਜੰਗਲ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਤਾਂ ਇਹ ਦੋਵੇਂ ਭਰਾ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਏ। ਇਨ੍ਹਾਂ ਭਰਾਵਾਂ ਨੇ ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਅਤੇ ਭਾਈ ਧਰਮ ਸਿੰਘ ਨਾਲ ਮਿਲ ਕੇ ਯੋਜਨਾ ਬਣਾਈ ਕਿ ਗੁਰੂ ਜੀ ਨੂੰ ਉੱਚ ਦੇ ਪੀਰ ਦੇ ਭੇਸ ਵਿਚ ਫੌਜਾਂ ਦੇ ਘੇਰੇ ਵਿਚੋਂ ਕੱਢਿਆ ਜਾਵੇ। 'ਉੱਚ' ਇਕ ਕਸਬਾ ਹੈ, ਜੋ ਬਹਾਵਲਪੁਰ (ਪਾਕਿਸਤਾਨ) ਤੋਂ ਕੋਈ 60 ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਦਾ ਪਹਿਲਾ ਨਾਂ 'ਦੇਵਗੜ੍ਹ' ਸੀ ਜੋ ਰਾਜਾ ਦੇਵਗੜ੍ਹ ਨੇ ਵਸਾਇਆ ਸੀ। ਬਾਰ੍ਹਵੀਂ ਸਦੀ ਦੇ ਅੰਤ ਤੱਕ ਸੱਯਦ ਜਲਾਲੁਦੀਨ ਬੁਖਾਰੀ ਨੇ ਦੇਵਗੜ੍ਹ 'ਤੇ ਹਮਲਾ ਕਰ ਦਿੱਤਾ। ਰਾਜਾ ਹਾਰ ਖਾਕੇ ਮਾਰਵਾੜ ਨੂੰ ਭੱਜ ਗਿਆ। ਬੁਖਾਰੇ ਨੇ ਕਸਬੇ ਨੂੰ ਖੂਬ ਲੁੱਟਿਆ ਅਤੇ ਰਾਜੇ ਦੀ ਪੁੱਤਰੀ ਸੁੰਦਰਪਰੀ ਨੂੰ ਆਪਣੀ ਰਾਣੀ ਬਣਾ ਕੇ ਉਥੇ ਹੀ ਇਕ ਉੱਚੀ ਥਾਂ 'ਤੇ ਕਿਲ੍ਹਾ ਬਣਾ ਕੇ ਰਹਿਣ ਲੱਗ ਪਿਆ। ਉਸ ਕਿਲ੍ਹੇ ਦੇ ਉੱਚੇ ਥਾਂ 'ਤੇ ਹੋਣ ਕਰਕੇ ਉਸ ਸਥਾਨ ਦਾ ਨਾਂ 'ਉੱਚ' ਪੈ ਗਿਆ ਅਤੇ ਇਸ ਨਾਲ ਹੀ ਇਹ ਕਸਬਾ ਪ੍ਰਸਿੱਧ ਹੋ ਗਿਆ। ਇਸ ਕਸਬੇ 'ਤੇ ਸੱਯਦਾਂ ਦੇ ਕਬਜ਼ੇ ਕਾਰਨ ਬਹੁਤ ਸਾਰੇ ਮੰਨੇ ਪ੍ਰਮੰਨੇ ਸੱਯਦ ਅਤੇ ਪੀਰ ਫਕੀਰ ਇੱਥੇ ਆ ਕੇ ਰਹਿਣ ਲੱਗ ਪਏ, ਜਿਸ ਕਾਰਨ ਸਤਿਕਾਰ ਵਜੋਂ ਇਸ ਕਸਬੇ ਨੂੰ 'ਉੱਚ ਸ਼ਰੀਫ਼' ਕਿਹਾ ਜਾਣ ਲੱਗ ਪਿਆ। ਇਥੋਂ ਦੇ ਸੱਯਦ ਪੀਰ ਆਮ ਤੌਰ 'ਤੇ ਨੀਲੇ ਬਸਤਰ ਪਹਿਨਦੇ ਸਨ ਅਤੇ ਸਿਰ 'ਤੇ ਲੰਬੇ ਕੇਸ ਰੱਖਦੇ ਸਨ। ਮਾਛੀਵਾੜੇ ਦੀ ਹੀ ਵਸਨੀਕ ਇਕ ਬਜ਼ੁਰਗ ਮਾਈ ਹਰਿਦੇਈ ਸੀ, ਜੋ ਗੁਰੂ ਜੀ ਦੀ ਬਹੁਤ ਸ਼ਰਧਾਲੂ ਸੀ। ਉਸ ਨੇ ਗੁਰੂ ਜੀ ਲਈ ਆਪਣੇ ਹੱਥਾਂ ਨਾਲ ਕੱਤ ਕੇ ਅਤੇ ਬੁਣ ਕੇ ਬਸਤਰ ਤਿਆਰ ਕੀਤੇ ਸਨ। ਉਸ ਨੇ ਗੁਰੂ ਜੀ ਨੂੰ ਇਹ ਬਸਤਰ ਦਿੱਤੇ। ਭਾਈ ਗਨੀ ਖਾਂ, ਭਾਈ ਨਬੀ ਖਾਂ ਅਤੇ ਸਿੱਖਾਂ ਨੇ ਇਹ ਬਸਤਰ ਲਲਾਰੀ ਤੋਂ ਨੀਲੇ ਰੰਗ ਵਿਚ ਰੰਗਾ ਕੇ ਗੁਰੂ ਜੀ ਨੂੰ ਪੁਆ ਕੇ ਉੱਚ ਦੇ ਪੀਰ ਦਾ ਭੇਸ ਬਣਾ ਲਿਆ ਅਤੇ ਗੁਰੂ ਜੀ ਨੂੰ ਇਕ ਪਲੰਘ 'ਤੇ ਬਿਠਾ ਕੇ ਪਾਲਕੀ ਵਾਂਗ ਮੋਢਿਆਂ 'ਤੇ ਚੁੱਕ ਲਿਆ। ਭਾਈ ਮਨੀ ਸਿੰਘ ਜੀ ਚੌਰ ਕਰਨ ਲੱਗ ਪਏ। ਰਸਤੇ ਵਿਚ ਉਹ ਲੋਕਾਂ ਵਲੋਂ ਪੁੱਛਣ 'ਤੇ ਉਨ੍ਹਾਂ ਕਹਿੰਦੇ ਜਾ ਰਹੇ ਸਨ ਕਿ ਇਹ ਉੱਚ ਦਾ ਪੀਰ ਹੈ। ਰਸਤੇ ਵਿਚ

ਬਾਕੀ ਸਫ਼ਾ 28 'ਤੇ

# ਬਰਤਾਨਵੀ ਸਿੱਖ ਸੰਸਦ ਮੈਂਬਰਾਂ ਨੇ ਯੂਕੇ 'ਚ ਮੁਹਿੰਮ ਭਖਾਈ

**ਲੰਡਨ/ਬਿਊਰੋ ਨਿਊਜ਼:**
ਬਰਤਾਨਵੀ ਸੰਸਦ ਮੈਂਬਰਾਂ ਦੇ ਇਕ ਸਮੂਹ ਨੇ ਯੂਕੇ ਵਿੱਚ ਸੰਨ 2021 'ਚ ਹੋਣ ਵਾਲੀ ਮਰਦਮਸ਼ੁਮਾਰੀ ਮੌਕੇ ਸਿੱਖ ਧਰਮ ਲਈ ਜਨਗਣਨਾ ਫਾਰਮ ਵਿੱਚ ਵੱਖਰਾ ਕਾਲਮ ਸ਼ਾਮਲ ਕੀਤੇ ਜਾਣ ਲਈ ਹਮਾਇਤ ਜੁਟਾਉਣ ਦੇ ਇਰਾਦੇ ਨਾਲ ਮੁਹਿੰਮ ਸ਼ੁਰੂ ਕੀਤੀ ਹੈ, ਜੋ ਸਾਲ ਭਰ ਚੱਲੇਗੀ। ਹਾਲਾਂਕਿ ਮੁਲਕ ਦਾ ਅੰਕੜਾ ਵਿਭਾਗ ਸਿੱਖਾਂ ਦੀ ਇਸ ਮੰਗ 'ਲੋੜ ਨਹੀਂ' ਦੱਸ ਕੇ ਖਾਰਜ ਕਰ ਚੁੱਕਾ ਹੈ, ਜਿਸ ਕਰਕੇ ਮੁਹਿੰਮ ਨੂੰ ਭਖਾਉਣ ਦੀ ਲੋੜ ਪਈ ਹੈ।

ਬਰਤਾਨਵੀ ਸਿੱਖਾਂ ਦੇ ਸਰਬ ਪਾਰਟੀ ਸੰਸਦੀ ਸਮੂਹ (ਏਪੀਪੀਜੀ) ਨੇ ਕੌਮੀ ਅੰਕੜਾ ਦਫ਼ਤਰ (ਓਐਨਐਸ) 'ਤੇ ਦੋਸ਼ ਲਾਇਆ ਹੈ ਕਿ ਸਿੱਖ ਭਾਈਚਾਰੇ ਵੱਲੋਂ ਵਧੀਕ ਸ਼੍ਰੇਣੀ ਦੀ ਮੰਗ ਲਈ 'ਵਧ ਚੜ੍ਹ ਕੇ' ਜੁਟਾਈ ਹਮਾਇਤ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸਮੂਹ ਨੇ ਕਿਹਾ ਕਿ ਜਨਗਣਨਾ ਫਾਰਮ ਵਿੱਚ ਸਿੱਖ ਧਰਮ ਲਈ ਵੱਖਰੇ ਕਾਲਮ ਦੀ ਮੰਗ ਕੀਤੇ ਜਾਣ ਪਿੱਛੇ ਮੁੱਖ ਆਸ਼ਾ ਬਰਤਾਨਵੀ ਸਿੱਖਾਂ ਨਾਲ ਨਿਰਪੱਖ ਵਤੀਰਾ ਯਕੀਨੀ ਬਣਾਉਣ ਦੇ ਨਾਲ ਭਾਈਚਾਰੇ ਨੂੰ ਦਰਪੇਸ਼ ਨਸਲੀ ਵਿਤਕਰੇ ਦੀਆਂ ਘਟਨਾਵਾਂ ਨੂੰ ਮੁਖ਼ਾਤਬ ਹੋਣਾ ਹੈ। ਲੇਬਰ ਪਾਰਟੀ ਦੀ ਐਮਪੀ ਤੇ ਏਪੀਪੀਜੀ ਦੀ ਮੁਖੀ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਓਐਨਐਸ ਨੇ ਸਫ਼ੇਦ ਪੇਪਰ 'ਤੇ ਜਿਹੜੀ ਸੱਜਰੀ ਤਜਵੀਜ਼ ਰੱਖੀ ਹੈ, ਉਸ ਨਾਲ ਦਫ਼ਤਰ ਖ਼ਿਲਾਫ਼ ਕਾਨੂੰਨੀ ਕਾਰਵਾਈ ਦਾ ਰਾਹ ਖੁੱਲ੍ਹ ਗਿਆ ਹੈ ਤੇ ਇਹ ਸਿੱਖਾਂ ਖ਼ਿਲਾਫ਼ ਸੰਸਥਾਗਤ ਵਿਤਕਰੇ ਦੇ ਦਾਅਵੇ ਦੀ ਵੀ ਪੁਸ਼ਟੀ ਕਰਦਾ ਹੈ। ਗਿੱਲ ਨੇ ਕਿਹਾ ਕਿ ਐਮਪੀ'ਜ਼ ਨੇ ਗੁਰਦੁਆਰਿਆਂ, ਸਿੱਖ ਜਥੇਬੰਦੀਆਂ ਤੇ ਭਾਈਚਾਰੇ ਦੀ ਹਮਾਇਤ ਨਾਲ ਸਾਲ ਭਰ ਚੱਲਣ ਵਾਲੀ ਕੌਮੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ ਤਾਂ ਕਿ ਮਰਦਮਸ਼ੁਮਾਰੀ ਆਡਰਡ 2019 ਨੂੰ ਹਾਊਸ ਆਫ਼ ਕਾਮਨਜ਼ ਵਿੱਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਸਿੱਖ ਧਰਮ ਬਾਰੇ ਵੱਖਰਾ ਕਾਲਮ ਜਨਗਣਨਾ ਫਾਰਮ ਵਿੱਚ ਸ਼ਾਮਲ ਕੀਤਾ ਜਾ ਸਕੇ।













ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ ॥

# ਮਹਾਨ ਸ਼ਹੀਦੀ ਸਮਾਗਮ

## ਸਿੱਖ ਇਤਿਹਾਸ ਦੇ ਕਦੇ ਨਾ ਭੁੱਲਣ ਵਾਲੇ ਦਿਨ



ਸਮੂਹ ਸ਼ਹੀਦਾਂ ਦੀ ਯਾਦ ਵਿਚ

**ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 13 ਦਿਨ, 1 ਪੋਹ ਤੋਂ 13 ਪੋਹ ਤੱਕ**

16 ਦਸੰਬਰ ਤੋਂ 28 ਦਸੰਬਰ 2018 ਤੱਕ

ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸ਼ਾਮ 6:00 ਵਜੇ ਤੋਂ 8:00 ਵਜੇ ਤੱਕ ਅਤੇ ਐਤਵਾਰ ਨੂੰ ਸਵੇਰੇ 10:00 ਵਜੇ ਤੋਂ 1:00 ਵਜੇ ਤੱਕ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ, 9989 Laurel Canyon Blvd, Pacoima CA 91331

ਭਾਈ ਕਨ੍ਹੱਈਆ ਜੀ ਲੰਗਰ ਸੇਵਾ ਦਲ
ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ:
ਬਲਦੇਵ ਸਿੰਘ (818) 468-9595 ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (681) 225-7157 ਪਰਮਜੀਤ ਸਿੰਘ (626) 354-6653



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.




TRANS-ALLIANCE
TOGETHER WE SAVE

## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN · Continental · GOODYEAR · BFGoodrich · GENERAL TIRE · DUNLOP · YOKOHAMA · KUMHO TIRES · ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance Premiums available
Some Households qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

# ਚਮਕੌਰ ਦੀ ਜੰਗ : ਰੂਹਾਨੀ ਰੰਗਾਂ ਦਾ ਇਤਿਹਾਸਕ ਮਿਲਣ

**ਕਰਮਜੀਤ ਸਿੰਘ**

ਚਮਕੌਰ ਦੀ ਜੰਗ ਇਤਿਹਾਸ ਦੀ ਉਹ ਅਜਬ ਘਟਨਾ ਹੈ, ਜੋ ਖਾਲਸੇ ਦੇ ਤਨ ਮਨ ਨੂੰ ਸਦਾ ਤਰੋ-ਤਾਜ਼ਾ ਰੱਖੇਗੀ। ਇਸ ਵਿਚ ਅੰਮ੍ਰਿਤ ਵੇਲੇ ਦੀ ਰੂਹਾਨੀ ਤਾਜ਼ਗੀ ਤੇ ਖ਼ੁਸ਼ੀ ਹੈ ਪਰ ਨਾਲ ਹੀ ਦੁਖ ਵਿਚ ਸੁਖ ਨੂੰ ਮਨਾਉਣ ਦੀ ਰੂਹਾਨੀ ਉਦਾਸੀ ਵੀ ਹੈ। ਇਹ ਘਟਨਾ ਇਤਿਹਾਸ ਦੀਆਂ ਖ਼ੁਸ਼ਕ ਹੱਦਾਂ ਨੂੰ ਤੋੜਦੀ ਹੋਈ ਕਿਸੇ ਮਹਾਨ ਅਨੁਭਵ ਨਾਲ, ਜੀਵਨ ਦੇ ਧੁਰੋਂ ਆਏ ਨਿਯਮਾਂ ਨਾਲ ਜਾਂ ਇਲਾਹੀ ਪੈਂਡਿਆਂ ਨਾਲ ਗੂੜ੍ਹੀਆਂ ਸਾਂਝਾਂ ਪਾਉਂਦੀ ਜਾਪਦੀ ਹੈ। ਇਉਂ ਵੀ ਕਹਿ ਸਕਦੇ ਹਾਂ ਕਿ ਅੱਜ ਤੋਂ 300 ਸਾਲ ਪਹਿਲਾਂ ਬ੍ਰਹਿਮੰਡ ਦੇ ਪਾਰਲੇ ਗ਼ੈਬੀ ਅਨੁਭਵਾਂ ਨੇ ਆਪਣਾ ਜਾਹੋ-ਜਲਾਲ ਇਤਿਹਾਸ ਰਾਹੀਂ ਚਮਕੌਰ ਦੀ ਸਰਜ਼ਮੀਨ ‘ਤੇ ਉਤਾਰਿਆ। ਇਸ ਘਟਨਾ ਵਿਚ ਸਿੱਖੀ ਸਿਦਕ ਏਨੇ ਜ਼ੋਰ ਨਾਲ ਰੌਸ਼ਨ ਹੋਇਆ ਕਿ ਇਹ ਖਾਲਸੇ ਨੂੰ “ਸਦਾ ਸਦ-ਜਾਗਤ ਅਵਸਥਾ“ ਵਿਚ ਰੱਖੇਗਾ। ਹੁਣ ਵੀ ਜਦੋਂ ਖਾਲਸਾ ਗੁਰੂ-ਅਨੁਭਵ ਤੋਂ ਵਿਛੜ ਕੇ “ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ“ ਵਾਲੇ ਬੇਰਹਿਮ ਸਮਿਆਂ ਵਿਚ ਭਟਕ ਰਿਹਾ ਹੈ ਤਾਂ ਉਸ ਦੀ ਪਿਆਸੀ ਜ਼ਮੀਰ ਲਈ ਚਮਕੌਰ ਦੀ ਜੰਗ ਅੰਮ੍ਰਿਤ ਦੀ ਵਰਖਾ ਹੈ, ਰਹਿਮਤ ਦੀ ਬਾਰਿਸ਼ ਹੈ। ਅੱਜ ਜਦੋਂ ਮੂੰਹ-ਜ਼ੋਰ ਸਮਿਆਂ ਵਿਚ ਸਿੱਖ ਕੌਮ ਦੀ ਕੋਈ ਪੁੱਛ ਪ੍ਰਤੀਤ ਨਹੀਂ ਰਹੀ ਤਾਂ ਉਸ ਸਮੇਂ ਚਮਕੌਰ ਉਸ ਲਈ ਦਸਮੇਸ਼ ਪਿਤਾ ਵੱਲੋਂ ਬਖਸ਼ਿਆ ਪਹਿਚਾਣ ਪੱਤਰ ਹੈ।

ਚਮਕੌਰ ਦੀ ਘਟਨਾ ਸਿੱਖ ਇਤਿਹਾਸ ਵਿਚ ਇਸ ਲਈ ਵਿਸ਼ੇਸ਼ ਅਰਥ ਰੱਖਦੀ ਹੈ ਕਿਉਂਕਿ ਅੱਗੇ ਜਾ ਕੇ ਅਸੀਂ ਵੇਖਾਂਗੇ ਕਿ ਇਸ ਧਰਤੀ ‘ਤੇ ਗੁਰਬਾਣੀ ਦੇ ਸਾਰੇ ਰੂਹਾਨੀ ਫੁੱਲ ਇਕੋ ਸਮੇਂ ਖਿੜਦੇ ਪ੍ਰਤੀਤ ਹੁੰਦੇ ਹਨ। ਇਥੇ ਖਾਲਸੇ ਰਾਹੀਂ ਖਾਲਸੇ ਦੇ ਕਰਮ, ਬਚਨ, ਗੁਰਬਾਣੀ ਅਤੇ ਅਮਲਾਂ ਦਾ ਇਤਿਹਾਸਕ-ਮਿਲਣ ਵੀ ਹੁੰਦਾ ਹੈ ਅਤੇ ਵਿਸਮਾਦਿਕ-ਮਿਲਣ ਵੀ ਅਤੇ ਮਾਣ ਕਰਨ ਵਾਲੀ ਗੱਲ ਇਹ ਹੈ ਕਿ ਨੀਲੇ ਘੋੜੇ ਦਾ ਸ਼ਾਹਸਵਾਰ ਇਸ ਘਟਨਾ ਦਾ ਚਸ਼ਮਦੀਦ ਗਵਾਹ ਬਣਦਾ ਹੈ।

ਸਾਡੀ ਇਸ ਧਰਤੀ ‘ਤੇ ਇਤਿਹਾਸ ਨੇ ਵੱਡੀਆਂ-ਵੱਡੀਆਂ ਜੰਗਾਂ ਵੇਖੀਆਂ ਹਨ। ਅਸੀਂ ਉਨ੍ਹਾਂ ਯੋਧਿਆਂ ਦੀਆਂ ਕਹਾਣੀਆਂ ਵੀ ਸੁਣੀਆਂ ਹਨ, ਜਿਨ੍ਹਾਂ ਵੱਲੋਂ ਮੈਦਾਨੇ-ਜੰਗ ਵਿਚ ਵਿਖਾਏ ਗਏ ਜੌਹਰ ਇਤਿਹਾਸ ਦੇ ਯਾਦਗਾਰੀ ਕਾਂਡ ਬਣ ਗਏ ਹਨ। ਜੇ.ਐਫ. ਸੀ. ਫੁੱਲਰ ਨੇ ਤਾਂ ਪੱਛਮੀ ਦੁਨੀਆਂ ਦੀਆਂ ਫੈਸਲਾਕੁੰਨ ਜੰਗਾਂ ‘ਤੇ ਪੂਰੀ ਇਕ ਕਿਤਾਬ ਲਿਖੀ ਹੈ।

ਫੁੱਲਰ ਖੁਦ ਵੀ ਜੰਗੀ ਤਰਕੀਬਾਂ ਦਾ ਮਾਹਰ ਸੀ ਅਤੇ ਕਿਵੇਂ ਇਹ ਜੰਗਾਂ ਇਤਿਹਾਸ ਦੇ ਵਹਿਣ ਨੂੰ ਹੀ ਉਲਟਾ-ਪੁਲਟਾ ਕਰ ਦਿੰਦੀਆਂ ਹਨ, ਉਸ ਬਾਰੇ ਉਸ ਦੀ ਡੂੰਘੀ ਸੋਝੀ ਉੱਤੇ ਵੀ ਕਿੰਤੂ-ਪਰੰਤੂ ਨਹੀਂ ਕੀਤਾ ਜਾ ਸਕਦਾ। ਪਰ ਆਖਰ ਨੂੰ ਇਹ ਸਾਰੀਆਂ ਜੰਗਾਂ ਭੂਗੋਲਿਕ ਹੱਦਾਂ ਨੂੰ ਵਧਾਉਣ ਦੇ ਇਰਾਦੇ ਨਾਲ ਹੀ ਲੜੀਆਂ ਗਈਆਂ। ਕੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਜੰਗਾਂ ਕਿਸੇ ਅਮਰ ਰੂਹਾਨੀ ਸੋਮੇ ਨਾਲ ਜੁੜੀਆਂ ਹੋਈਆਂ ਸਨ ? ਜਾਂ ਕੀ ਇਨ੍ਹਾਂ ਜੰਗਾਂ ਦਾ ਦਿਲਾਂ ਨੂੰ ਜਿੱਤਣ ਵਾਲੀ ਕਿਸੇ ਅਮੀਰ ਵਿਰਾਸਤ ਨਾਲ ਕੋਈ ਰਿਸ਼ਤਾ ਜੁੜਦਾ ਹੈ ? ਕੋਈ ਸਾਂਝ ਬਣਦੀ ਹੈ ?

ਮਾਨਵਤਾ ਦੀ ਸਾਂਝੀ ਵਿਰਾਸਤ : ਪਰ ਚਮਕੌਰ ਦੀ ਜੰਗ ਦਾ ਰਿਸ਼ਤਾ ਮੁਲਕਾਂ, ਕੌਮਾਂ ਅਤੇ ਧਰਮਾਂ ਦੀਆਂ ਹੱਦਾਂ ਤੋਂ ਦੂਰ ਖਲਕਤ ਦੇ ਸਾਂਝੇ ਦਰਦ ਦੀ ਆਵਾਜ਼ ਬਣ ਜਾਂਦਾ ਹੈ ਅਤੇ ਇੰਝ ਇਹ ਘਟਨਾ ਸਮੁੱਚੀ ਮਾਨਵਤਾ ਦੀ ਸਾਂਝੀ ਵਿਰਾਸਤ ਬਣ ਗਈ ਹੈ। ਸਾਂਝੀ ਵਿਰਾਸਤ ਬਣ ਜਾਣ ਦਾ ਇਸ ਦਾ ਸਭ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਸਾਹਿਬਜ਼ਾਦਿਆਂ ਬਾਰੇ ਸੁੱਚੇ ਹੰਝੂਆਂ ਵਿਚ ਭਿੱਜੀ ਦਰਦਨਾਕ ਕਵਿਤਾ



ਹੁਣ ਤੱਕ ਜੇ ਕੋਈ ਲਿਖ ਸਕਿਆ ਹੈ ਤਾਂ ਉਹ ਸਿੱਖ ਧਰਮ ਨਾਲ ਸਬੰਧਤ ਨਹੀਂ ਸਗੋਂ ਇਕ ਮੁਸਲਮਾਨ ਸੂਫੀ ਸ਼ਾਇਰ ਹਕੀਮ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ ਸੀ। ਇਸ ਅਲਬੇਲੇ ਸ਼ਾਇਰ ਨੂੰ ਚਮਕੌਰ ਦੇ ਯੁੱਧ ਵਿਚੋਂ ਕਰਬਲਾ ਦੀ ਜੰਗ ਦੇ ਦ੍ਰਿਸ਼ ਨਜ਼ਰ ਆਏ ਅਤੇ ਛੋਟੇ ਸਾਹਿਬਜ਼ਾਦਿਆਂ ਵੱਲੋਂ ਅਦਾਲਤ ਵਿਚ ਵਜ਼ੀਰ ਖਾਂ ਅੱਗੇ ਦਿੱਤੇ ਜਵਾਬ “ਖੁਦਾ ਕੀ ਜ਼ੁਬਾਨੋਂ” ਲੱਗੇ।

ਯਾਦਾਂ ਵਿਚ ਡੂੰਘੀ ਉੱਤਰੀ ਜੰਗ : ਸਾਡੇ ਕੋਲ ਚਮਕੌਰ ਦੀ ਜੰਗ ਦੇ ਇਤਿਹਾਸਕ ਵੇਰਵੇ ਭਾਵੇਂ ਪੂਰੀ ਤਰ੍ਹਾਂ ਅਤੇ ਸਹੀ ਰੂਪ ਵਿਚ ਨਹੀਂ ਮਿਲਦੇ ਪਰ ਜਿਵੇਂ ਇਸ ਜੰਗ ਦੀ ਦਾਸਤਾਨ ਖਾਲਸੇ ਦੀ ਯਾਦ ਵਿਚ ਡੂੰਘੀ ਉਤਰੀ ਹੋਈ ਹੈ ਅਤੇ ਜਿਵੇਂ ਇਹ ਸਾਕਾ ਸੁਣ ਕੇ ਹੀ ਉਸ ਦੇ ਧੁਰ ਅੰਦਰ ਕਿਸੇ ਵੱਡੀ ਬੇਚੈਨੀ ਤੇ ਤਿਲ-ਮਿਲਾਹਟ ਦਾ ਆਲਮ ਸਿਰਜਿਆ ਜਾਂਦਾ ਹੈ ਅਤੇ ਉਸ ਦੀ ਰੂਹ ਪੀੜ-ਪੀੜ ਹੋ ਜਾਂਦੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਕਈ ਵਾਰ ਯਾਦਾਂ ਦਾ ਨਿਰਮਲ ਨਜ਼ਾਰਾ ਤੱਥਾਂ ਦੀ ਬੇਜਾਨ ਤੇ ਖੁਸ਼ਕ ਨੁਮਾਇਸ਼ ਨਾਲੋਂ ਕਿਤੇ ਵੱਧ ਬਲਵਾਨ ਹੁੰਦਾ ਹੈ। ਪਿਆਰਾ ਵੀ ਹੁੰਦਾ ਹੈ ਅਤੇ ਅਭੁੱਲ ਯਾਦਗਾਰ ਵੀ ਬਣ ਜਾਂਦਾ ਹੈ। ਹਰਿੰਦਰ ਸਿੰਘ ਮਹਿਬੂਬ ਇਨ੍ਹਾਂ ਯਾਦਾਂ ਨੂੰ “ਮੌਲਿਕ ਦਾਰਸ਼ਨਿਕ ਸੰਕਲਪ“ ਦਾ ਨਾਂ ਦਿੰਦਾ ਹੈ। ਕਈ ਵਾਰ ਇਉਂ ਵੀ ਹੁੰਦਾ ਹੈ ਕਿ ਸਮੇਂ ਦੇ ਹਾਕਮਾਂ ਵਿਚ ਕਿਸੇ ਘਟਨਾ ਦੇ ਅੰਦਰ ਲੁਕੀ ਡੂੰਘੀ ਤਹਿ ਵਿਚ ਉਬਲ ਰਹੇ ਕਿਸੇ ਵੱਡੇ ਜਵਾਲਾਮੁਖੀ ਨੂੰ ਵੇਖ ਸਕਣ ਵਾਲੀ ਅੱਖ ਨਹੀਂ ਹੁੰਦੀ। ਮਿਸਾਲ ਵਜੋਂ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ 28 ਜੂਨ, 1914 ਨੂੰ ਬੋਸਨੀਆ ਦੀ ਰਾਜਧਾਨੀ ਵਿਚ ਆਸਟਰੀਆ ਦੇ ਰਾਜ ਕੁਮਾਰ ਫਰੈਜ਼ ਫਰਦੀਨੈਂਦ ਦਾ ਕਤਲ ਭਾਂਬੜ ਬਣ ਕੇ ਪਹਿਲੀ ਵਿਸ਼ਵ ਜੰਗ ਦਾ ਭਿਆਨਕ ਰੂਪ ਅਖਤਿਆਰ ਕਰ ਲਵੇਗਾ ਅਤੇ ਕਰੋੜਾਂ ਜਾਨਾਂ ਲੈ ਕੇ ਹੀ ਠੰਢਾ ਹੋਵੇਗਾ। ਕਿਸੇ ਨੇ ਵੀ ਇਸ ਘਟਨਾ ਨੂੰ ਉਸ ਸਮੇਂ ਖਾਸ ਅਹਿਮੀਅਤ ਨਹੀਂ ਸੀ ਦਿੱਤੀ। ਇਥੋਂ ਤੱਕ ਕਿ ਨਿਊਯਾਰਕ ਟਾਈਮਜ਼ ਵਰਗੇ ਸੰਸਾਰ ਪ੍ਰਸਿੱਧ ਅਖਬਾਰ ਨੇ ਇਸ ਖਬਰ ਨੂੰ ਪਹਿਲੇ ਪੰਨ੍ਹੇ ‘ਤੇ ਨਿੱਕੀ ਜਿਹੀ ਖਬਰ ਬਣਾ ਕੇ ਵੀ ਛਾਪਣ ਦੀ ਜ਼ਰੂਰਤ ਨਾ ਸਮਝੀ। ਰਾਜਨੀਤਕ ਹਲਕਿਆਂ ਵਿਚ ਉਸ ਸਮੇਂ ਫੌਰੀ ਪ੍ਰਤੀਕਿਰਿਆ ਇਹੋ ਹੀ ਹੋਈ ਕਿ ਇਹ ਘਟਨਾ ਵੀ ਵਾਪਰ ਰਹੀਆਂ ਘਟਨਾਵਾਂ ਦੀ ਲੜੀ ਵਿਚ ਇਕ ਸਧਾਰਨ ਜਿਹੀ ਘਟਨਾ ਹੈ, ਜਿਸ ਵੱਲ ਬਹੁਤੀ ਤਵੱਜੋਂ ਦੇਣ ਦੀ ਲੋੜ ਨਹੀਂ। ਸ਼ਾਇਦ ਇਸੇ ਲਈ ਇਕ ਉੱਘੇ ਵਿਦਵਾਨ ਸਿੰਡਰ ਲੁਈਸ ਐਲ ਵੱਲੋਂ ਇਸ ਘਟਨਾ ਨੂੰ ਲੈ ਕੇ ਕੀਤੀ ਇਹ ਟਿੱਪਣੀ ਕਾਫੀ ਢੁਕਵੀਂ ਤੇ ਮਹੱਤਵਪੂਰਨ ਹੈ :

“ਬਸ ਇਤਿਹਾਸਕਾਰਾਂ ਨੂੰ ਇੰਨਾ ਕੁ ਧੁੰਦਲਾ ਜਿਹਾ ਤਾਂ ਪਤਾ ਸੀ ਕਿ ਸਾਮਰਾਜਵਾਦ, ਰਾਸ਼ਟਰਵਾਦ, ਵਧ ਰਹੀਆਂ ਫੌਜੀ ਸਰਗਰਮੀਆਂ ਅਤੇ ਅੰਤਰਰਾਸ਼ਟਰੀ ਤੌਰ ‘ਤੇ ਫੈਲ ਰਹੀ ਅਫ਼ਰਾ-ਤਫ਼ਰੀ ਨੇ ਦੁਨੀਆ ਭਰ ਵਿਚ ਟਕਰਾਉ ਵਾਲੀ ਹਾਲਤ ਬਣਾ ਦਿੱਤੀ ਹੈ ਪਰ ਉਨ੍ਹਾਂ ਨੂੰ ਇੰਨਾ ਪਤਾ ਨਹੀਂ ਸੀ ਕਿ ਇਸ ਟਕਰਾਉ ਤੋਂ ਜਨਮ ਲੈਣ ਵਾਲੀ ਚੰਗਿਆੜੀ ਕਿਥੋਂ ਤੇ ਕਦੋਂ ਉੱਠੇਗੀ ਅਤੇ ਫਿਰ ਭਾਂਬੜ ਦੀ ਸ਼ਕਲ ਅਖ਼ਤਿਆਰ ਕਰ ਲਵੇਗੀ।”

ਇਸੇ ਤਰ੍ਹਾਂ ਅੰਮ੍ਰਿਤਸਰ ਵਿਚ 13 ਅਪ੍ਰੈਲ, 1978 ਦੇ ਵਿਸਾਖੀ ਕਾਂਡ ਪਿੱਛੋਂ ਇਹ ਅਨੁਮਾਨ ਲਾਉਣਾ ਮੁਸ਼ਕਿਲ ਸੀ ਕਿ ਨਿਰੰਕਾਰੀਆਂ ਹੱਥੋਂ ਹੋਈ 13 ਸਿੰਘਾਂ ਦੀ ਸ਼ਹਾਦਤ ਆਉਣ ਵਾਲੇ ਵੱਡੇ ਤੂਫਾਨਾਂ ਦਾ ਸੰਕੇਤ ਬਣ ਸਕਦੀ ਹੈ ਅਤੇ ਇਸੇ ਤਰ੍ਹਾਂ ਵਿਰਲੇ ਹੀ ਸਿਆਣਿਆਂ ਨੂੰ ਇਹ ਕਨਸੋਆਂ ਮਿਲ ਸਕਦੀਆਂ ਸਨ ਕਿ ਚਮਕੌਰ ਦੀ ਜੰਗ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਛੇਤੀ ਹੀ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਦੀ ਖ਼ਬਰ ਲੈ ਕੇ ਆਏਗੀ।

ਵੰਨ-ਸੁਵੰਨੇ ਰੂਹਾਨੀ ਫੁੱਲਾਂ ਦਾ ਗੁਲਦਸਤਾ : ਆਓ ਹੁਣ ਦੇਖੀਏ ਕਿ ਚਮਕੌਰ ਦੀ ਜੰਗ ਵੰਨ-ਸੁਵੰਨੇ ਰੂਹਾਨੀ ਫੁੱਲਾਂ ਦਾ ਖਿੜਿਆ ਇਕ ਗੁਲਦਸਤਾ ਕਿਵੇਂ ਬਣਿਆ ? ਅਸੀਂ ਇਹ ਵੀ ਦੇਖਾਂਗੇ ਕਿ ਖਾਲਸਾ ਇਥੇ ਗੁਰਬਾਣੀ ਦੀ ਰੋਸ਼ਨੀ ਵਿਚ ਕਿਵੇਂ ਆਪਣੇ ਵੱਖਰੇ-ਵੱਖਰੇ ਰੂਪ ਵਟਾਉਂਦਾ ਹੈ ਅਤੇ ਕਿਵੇਂ ਇਤਿਹਾਸ ਵਿਸਮਾਦ ਵਿਚ ਅਤੇ ਵਿਸਮਾਦ ਇਤਿਹਾਸ ਵਿਚ ਪਲਟਦਾ ਹੈ। ਅਨੰਦਪੁਰ ਛੱਡਣ ਪਿੱਛੋਂ



ਚਮਕੌਰ ਦੀ ਗੜ੍ਹੀ ਵਿਚ ਪਹੁੰਚਣ ਤੱਕ ਉਹ ਕਿਹੜੇ ਝੱਖੜ ਸਨ ਜਿਹੜੇ ਖਾਲਸੇ ਅਤੇ ਉਸ ਦੇ ਗੁਰੂ ਉੱਤੇ ਨਹੀਂ ਸਨ ਝੁੱਲੇ ਅਤੇ ਉਹ ਕਿਹੜੀਆਂ ਬਿਜਲੀਆਂ ਸਨ, ਜੋ ਖਾਲਸੇ ਉੱਤੇ ਰਹਿ-ਰਹਿ ਕੇ ਟੁੱਟ ਟੁੱਟ ਕੇ ਨਹੀਂ ਸੀ ਪਈਆਂ। ਪਰ ਰੱਬੀ ਹੁਕਮ ਵੱਲੋਂ ਕਹਿਰ ਦੀ ਸ਼ਕਲ ਵਿਚ ਪਾਏ ਪਰਚੇ ਦਾ ਮੋੜਵਾਂ ਜਵਾਬ ਖਾਲਸੇ ਨੇ ਰੱਬ ਦੇ ਹੀ ਦਿੱਤੇ ਇਨ੍ਹਾਂ ਬੋਲਾਂ ਰਾਹੀਂ - “ਮਿਠਾ ਲਗੇ ਤੇਰਾ ਭਾਣਾ, ਤੇਰਾ ਕੀਆ ਮੀਠਾ ਲਾਗੈ“ ਅਤੇ “ਜੋ ਤੁਧ ਭਾਵੈ ਸਾਈ ਭਲੀ ਕਾਰ“ ਦੇ ਰੂਪ ਵਿਚ ਰੱਬ ਨੂੰ ਹੀ ਵਾਪਸ ਕਰ ਦਿੱਤਾ। ਇੰਝ ਖੁਦਾ ਵੱਲੋਂ ਚਮਕੌਰ ਦੇ ਵਿਹੜੇ ਵਿਚ ਸੁੱਟੀ ਗੇਂਦ ਖੁਦਾ ਦੇ ਵਿਹੜੇ ਵਿਚ ਵਾਪਸ ਕਰਨ ਦਾ ਇਤਿਹਾਸਕ ਕੌਤਕ ਵੀ ਖਾਲਸੇ ਦੇ ਹਿੱਸੇ ਆ ਸਕਿਆ ਹੈ। ਪਰ ਇਸ ਰੂਹਾਨੀ ਖੇਡ ਦੀਆਂ ਬਾਰੀਕ ਪਰਤਾਂ ਦੇ ਵੇਰਵੇ ਸਾਨੂੰ ਸਮਕਾਲੀ ਇਤਿਹਾਸਕ ਲਿਖਤਾਂ ਤੋਂ ਨਹੀਂ ਮਿਲਦੇ ਜਾਂ ਅਸੀਂ ਇਉਂ ਵੀ ਕਹਿ ਸਕਦੇ ਹਾਂ ਕਿ ਭਿਆਨਕ ਜੰਗ ਦੇ ਉਸ ਮਾਹੌਲ ਵਿਚ ਚਮਕੌਰ ਦੀ ਗੜ੍ਹੀ ਦੇ ਅੰਦਰ ਕੀ ਕੁਝ ਵਾਪਰ ਰਿਹਾ ਸੀ, ਉਹ ਸਮਕਾਲੀ ਲਿਖਤਾਂ ਤੋਂ ਬਹੁਤ ਘੱਟ ਹਾਸਲ ਹੁੰਦਾ ਹੈ ਪਰ ਕੁਝ ਅਤੀ ਮਹੱਤਵਪੂਰਨ ਤੱਥ ਸਾਡੇ ਦਿਲਾਂ ਨੇ ਸਾਂਭੇ ਹੋਏ ਹਨ, ਜੋ ਚਮਕੌਰ ਦੇ ਸਾਕੇ ਦੀ ਅਹਿਮੀਅਤ ਨੂੰ ਨਿਖਾਰ ਕੇ ਪੇਸ਼ ਕਰ ਸਕਦੇ ਹਨ।

ਇਹ ਇਕ ਇਤਿਹਾਸਕ ਤੱਥ ਹੈ ਕਿ ਖ਼ੁਦਾ ਨੇ ਪੋਹ ਦੇ ਮਹੀਨੇ ਵਿਚ ਖਾਲਸੇ ਦਾ ਇਮਤਿਹਾਨ ਲਿਆ। ਪੋਹ ਦਾ ਮਹੀਨਾ ਵੈਸੇ ਵੀ ਠੰਢਾ ਹੁੰਦਾ ਹੈ। ਗੁਰੂ ਨਾਨਕ ਸਾਹਿਬ ਖ਼ੁਦ ਗਵਾਹੀ ਭਰਦੇ ਹਨ ਕਿ ਇਸ ਮਹੀਨੇ ਬਰਫ਼ ਵਰਗੀ ਠੰਢ ਪੈਂਦੀ ਹੈ ਅਤੇ ਬੂਟਿਆਂ ਵਿਚੋਂ ਰਸ ਪੂਰੀ ਤਰ੍ਹਾਂ ਸੁੱਕ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਧੜਕਦੀ ਜ਼ਿੰਦਗੀ ਵਿਚ ਮੁਕੰਮਲ ਕੋਰਾਪਣ ਛਾ ਜਾਂਦਾ ਹੈ, (ਪੋਖਿ ਤੁਖਾਰ ਪੜੈ ਵਣੁ ਤ੍ਰਿਣੁ ਰਸੁ ਸੋਖੈ- ਪੰਨਾ 1109)। ਹੁਣ ਤੁਸੀਂ ਖੁਦ ਅੰਦਾਜ਼ਾ ਲਾਓ ਕਿ ਕੁਦਰਤ ਸਮੇਤ ਬਾਹਰਲੀਆਂ ਤਾਕਤਾਂ ਕਿਵੇਂ ਇਕਮੁੱਠ ਹੋ ਕੇ ਖਾਲਸੇ ਦੇ ਵਿਰੋਧ ਵਿਚ ਖੜ੍ਹੀਆਂ ਹਨ। ਇਥੇ ਹੀ ਬੱਸ ਨਹੀਂ ਉਨ੍ਹਾਂ ਹੀ ਦਿਨਾਂ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਉੱਤੇ ਜੰਮ ਕੇ ਬਾਰਿਸ਼ ਹੋਈ, ਜਿਸ ਨਾਲ ਇਕ ਬਰਫੀਲੀ ਹਨ੍ਹੇਰੀ ਨੇ ਸਾਰੇ ਇਲਾਕੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਇਨ੍ਹਾਂ ਠੰਢੀਆਂ ਸੀਤ ਹਵਾਵਾਂ ਵਿਚ ਹੀ ਖਾਲਸੇ ਨੇ ਸ਼ੂਕ ਰਹੀ ਸਿਰਸਾ ਨਦੀ ਨੂੰ ਕਿਵੇਂ ਪਾਰ ਕੀਤਾ ਹੋਵੇਗਾ, ਇਤਿਹਾਸਕਾਰਾਂ ਲਈ ਇਸ ਮਹਾਨ ਦਰਦ ਦੀ ਥਾਹ ਪਾਉਣਾ ਸੌਖਾ ਨਹੀਂ ਅਤੇ ਕੌੜਾ ਲੱਗਣ ਵਾਲਾ ਸੱਚ ਤਾਂ ਇਹ ਹੈ ਕਿ ਵਰਤਮਾਨ ਖਾਲਸੇ ਵਿਚ ਵੀ ਉਸ ਦਰਦ ਦੇ ਹਾਣ ਦਾ ਬਣ ਸਕਣ ਦੀ ਅਜੇ ਰੀਝ ਨਹੀਂ ਜਾਗੀ। ਭਾਵੇਂ ਪੋਹ ਦੇ ਇਸ ਮਹੀਨੇ ਵਿਚ ਪੂਰੀ ਬਨਸਪਤੀ ਵਿਚੋਂ ਰਸ ਸੁੱਕ ਗਿਆ ਸੀ ਪਰ ਖਾਲਸੇ ਅੰਦਰ ਗੁਰੂ ਦਸ਼ਮੇਸ਼ ਪਿਤਾ ਦੀ ਮੁਹੱਬਤ ਦਾ ਰਸ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ। ਜ਼ਿੰਦਗੀ ਦੇ ਇਨ੍ਹਾਂ ਗਾੜ੍ਹੇ ਹਨ੍ਹੇਰਿਆਂ ਵਿਚ ਵੀ ਖਾਲਸੇ ਦੇ ਚੇਤਿਆਂ ਵਿਚ ਮਾਂ ਗੁਜਰੀ ਦੇ ਚੰਨ ਦੀ ਰੋਸ਼ਨੀ ਹਮਸਫਰ ਬਣਦੀ ਹੈ।

ਇਮਤਿਹਾਨ ਇਕ ਨਹੀਂ ਕਈ ਸਨ : ਇਮਤਿਹਾਨ ਇਕ ਨਹੀਂ ਸੀ, ਕਈ ਸਨ, ਕਈ ਪਾਸਿਆਂ ਤੋਂ ਸਨ ਅਤੇ ਕਰੜੇ ਵੀ ਇਕ ਤੋਂ ਵੱਧ ਸਨ। ਆਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਪਿੱਛੋਂ ਛੇਤੀ ਹੀ ਹਾਕਮਾਂ ਨੇ ਆਪਣੇ ਕੀਤੇ ਇਕਰਾਰਾਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਸ਼ਵਾਸਘਾਤ ਦਾ ਜ਼ਿਕਰ “ਜ਼ਫਰਨਾਮੇ” ਵਿਚ ਵੀ ਕੀਤਾ ਹੈ। ਕਿਹਾ ਜਾਂਦਾ ਹੈ ਕਿ ਸਿਰਸਾ ਨਦੀ ਤਕ ਦੁਸ਼ਮਣ ਪਲਟ-ਪਲਟ ਕੇ ਵਾਰ ਕਰਦਾ ਰਿਹਾ ਪਰ ਜਾਪਦਾ ਹੈ ਕਿ ਸਿੰਘਾਂ ਦੀ ਵਧੀਆ ਜੰਗੀ ਤਰਕੀਬ ਕਾਰਨ ਦੁਸ਼ਮਣ ਨੂੰ ਹਰ ਵਾਰ ਮੂੰਹ ਦੀ ਖਾਣੀ ਪਈ। ਦੁਸ਼ਮਣ ਦੇ ਵੱਡੇ ਹਮਲੇ ਨੂੰ ਠੱਲ੍ਹ ਪਾਉਣ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਹੇਠਲੇ ਜਥੇ ਨੇ ਬੇਮਿਸਾਲ ਜੌਹਰ ਵਿਖਾਏ। ਦੁਸ਼ਮਣ ਵੱਲੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਘੇਰਾ ਪਾਉਣ ਦੀਆਂ ਸਾਰੀਆਂ ਚਾਲਾਂ ਨਾਕਾਮ ਰਹੀਆਂ ਪਰ ਇਸ ਸਾਰੇ ਇਲਾਕੇ ਵਿਚ ਟੁੱਟਵੀਆਂ ਝੜਪਾਂ ਵਿਚ ਕਈ ਸਿੰਘ ਸ਼ਹੀਦ ਹੋ ਗਏ। ਦੁਸ਼ਮਣ ਦੀਆਂ ਤੋਪਾਂ ਵਿਚੋਂ ਵਰਦੇ ਗੋਲਿਆਂ ਨਾਲ ਖਾਲਸਾ ਫੌਜ ਦੀ ਤਰਤੀਬ ਖਿੰਡ-ਪੁੰਡ ਚੁੱਕੀ ਸੀ। ਇਸ ਭੱਜ-ਦੌੜ ਵਿਚ ਸਿਰਸਾ ਨਦੀ ਪਾਰ ਕਰਨ ਲੱਗਿਆਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਵਿਛੜ ਗਏ ਜਦਕਿ ਗੁਰੂ ਗੋਬਿੰਦ ਸਿੰਘ ਆਪਣੇ ਚਾਲੀ ਕੁ ਸਿੰਘਾਂ ਨਾਲ ਚਮਕੌਰ ਦੀ ਜੂਹ ਵਿਚ ਦਾਖਲ ਹੋ ਗਏ। ਉਨ੍ਹਾਂ ਦੇ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਵੀ ਸਨ। ਬੱਸ ਇਥੋਂ ਹੀ ਇਤਿਹਾਸ ਇਕ ਨਵੇਂ ਦੌਰ ਵਿਚ ਦਾਖਲ ਹੁੰਦਾ ਹੈ। ਲੂੰ-ਕੰਢੇ ਖੜ੍ਹੇ ਕਰ ਦੇਣ ਵਾਲੇ ਇਨ੍ਹਾਂ ਦ੍ਰਿਸ਼ਾਂ ਨੂੰ, ਇਸ ਮਾਹੌਲ ਨੂੰ ਭਿੰਨ-ਭਿੰਨ ਮਾਨਵੀ ਪਹਿਲੂਆਂ ਤੋਂ ਦੇਖਣ ਲਈ ਸਿੱਖ ਕੌਮ ਨੂੰ ਦਿੱਬ-ਦ੍ਰਿਸ਼ਟੀ ਵਾਲੇ ਇਤਿਹਾਸਕਾਰਾਂ, ਵਿਦਵਾਨਾਂ ਅਤੇ ਸ਼ਾਇਰਾਂ ਦੀ ਲੋੜ ਹੈ। ਇਤਿਹਾਸ ਦੀਆਂ ਇਨ੍ਹਾਂ ਅਨਮੋਲ ਘੜੀਆਂ ਤੇ ਯਾਦਾਂ ਕਾਰਨ ਹੀ ਕੌਮਾਂ ਜਿਉਂਦੀਆਂ, ਜਾਗਦੀਆਂ ਤੇ ਜਗਦੀਆਂ ਹਨ।

ਹੁਣ ਚਮਕੌਰ ਦੀ ਗੜ੍ਹੀ ਦੇ ਅੰਦਰਲੀ ਹਾਲਤ ਦੇਖੋ। ਗੁਰੂ ਗੋਬਿੰਦ ਸਿੰਘ ਜੀ ਦਾ “ਜ਼ਫਰਨਾਮਾ” ਚਾਲੀ ਸਿੰਘਾਂ ਦੀ ਗਿਣਤੀ ਦੱਸਦਾ ਹੈ ਅਤੇ ਉਹ ਵੀ ਥੱਕੇ, ਭੁੱਖੇ-ਭਾਣੇ ਪਰ ਦੂਜੇ ਪਾਸੇ ਦਸ ਲੱਖ ਮੁਲਖਈਆ। ਪਰ ਇਥੇ ਗੁਰੂ ਸਾਹਿਬ ਦੀ ਮੁਰਾਦ ਦਸ ਲੱਖ ਫੌਜ ਤੋਂ ਨਹੀਂ ਸਗੋਂ ਜਾਪਦਾ ਹੈ ਜਿਵੇਂ ਉਹ ਉਨ੍ਹਾਂ ਬੇਸ਼ੁਮਾਰ ਗੁੰਮਰਾਹ ਹੋਏ ਲੋਕਾਂ ਨੂੰ ਵੀ ਫੌਜ ਵਿਚ ਹੀ ਸ਼ਾਮਲ ਕਰ ਰਹੇ ਹਨ, ਜਿਨ੍ਹਾਂ ਨੇ ਫੌਜੀ ਵਰਦੀ ਭਾਵੇਂ ਨਹੀਂ ਸੀ ਪਾਈ ਹੋਈ ਪਰ ਜੋ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਖਾਲਸੇ ਦੇ ਮਹਾਨ ਆਦਰਸ਼ਾਂ ਤੋਂ ਕੋਰੇ ਅਤੇ ਅਣਭਿੱਜ ਸਨ ਅਤੇ ਸਮੇਂ ਦੀ ਹਕੂਮਤ ਦੇ ਪ੍ਰਚਾਰ ਤੋਂ ਗੁੰਮਰਾਹ ਹੋਏ ਉਸੇ ਦਾ ਸਾਥ ਵੀ ਦੇ ਰਹੇ ਸਨ। ਇਹ ਲੋਕ ਈਰਖਾ, ਸਵਾਰਥ ਅਤੇ ਅਗਿਆਨ ਦੀਆਂ ਨਿੱਕੀਆਂ ਵਲਗਣਾਂ ਵਿਚ ਘਿਰੇ ਹੋਣ ਕਾਰਨ ਜਾਂ ਕਿਸੇ ਅਚੇਤ ਭੈਅ ਕਾਰਨ ਗੁਰੂ ਨਾਨਕ ਦੇ ਘਰ ਤੋਂ ਅਜੇ ਇਕ ਦੂਰੀ ‘ਤੇ ਹੀ ਵਿਚਰ ਰਹੇ ਸਨ। ਇਹ ਵੀ ਹੋ ਸਕਦਾ ਹੈ ਕਿ ਖਾਲਸਾ-ਚੇਤਨਾ ਵਿਚ ਪਨਪ ਰਹੀਆਂ ਰਾਜਨੀਤਕ ਇੱਛਾਵਾਂ ਤੋਂ ਉਹ ਸੁਚੇਤ ਤੇ ਸਾਵਧਾਨ ਹੋਣ ਅਤੇ ਇਹ ਇੱਛਾਵਾਂ ਉਨ੍ਹਾਂ ਨੂੰ ਇਸਲਾਮ ਦੀ ਚੜ੍ਹਤਲ ਵਿਚ ਅਣਦਿਸਦਾ ਖਤਰਾ ਬਣ ਕੇ ਨਜ਼ਰ ਆਉਂਦੀਆਂ ਹੋਣ। ਉਂਜ ਅਸੀਂ ਇਤਿਹਾਸ ਨਾਲ ਬੇਇਨਸਾਫੀ ਕਰ ਰਹੇ ਹੋਵਾਂਗੇ, ਜੇਕਰ ਅਸੀਂ ਇਹ ਫ਼ਤਵਾ ਹੀ ਦੇ ਦੇਈਏ ਕਿ ਸਾਰਾ ਮੁਸਲਿਮ ਭਾਈਚਾਰਾ ਮੁਕੰਮਲ ਤੌਰ ‘ਤੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਹੋ ਗਿਆ ਸੀ। ਸੰਕਟ ਦੀਆਂ ਇਨ੍ਹਾਂ ਘੜੀਆਂ ਵਿਚ ਗੁਰੂ ਸਾਹਿਬ ਦੇ ਮੁਰੀਦ ਰਾਏ ਕੱਲ੍ਹਾ, ਗਨੀ ਖਾਂ ਅਤੇ ਨਬੀ ਖਾਂ ਵਰਗੇ ਕਈ ਹਮਦਰਦ ਵੀ ਮੌਜੂਦ ਸਨ, ਜਿਨ੍ਹਾਂ ਨੇ ਸਾਰੇ ਖਤਰੇ ਮੁੱਲ ਲੈ ਕੇ ਗੁਰੂ ਜੀ ਨੂੰ ਆਪਣੇ ਕੋਲ ਰੱਖਿਆ ਅਤੇ ਮੁਗਲ ਫੌਜਾਂ ਨੂੰ ਖਬਰ ਤਕ ਨਾ ਲੱਗਣ ਦਿੱਤੀ। ਇਥੇ ਤਾਂ ਅਸੀਂ ਸਿਰਫ ਉਸ ਮਾਹੌਲ ਦਾ ਹੀ ਜ਼ਿਕਰ ਕਰ ਰਹੇ ਹਾਂ ਜੋ ਹਕੂਮਤ ਨੇ ਅਤੇ ਹਿੰਦੂ ਪਹਾੜੀ ਰਾਜਿਆਂ ਨੇ ਰਲ ਕੇ ਗੁਰੂ ਸਾਹਿਬ ਵਿਰੁੱਧ ਸਿਰਜ ਦਿੱਤਾ ਸੀ। ਇਸ ਲਈ ਜਾਪਦਾ ਹੈ ਜਿਵੇਂ ਦਸ ਲੱਖ ਦੀ ਗਿਣਤੀ ਵਿਚ ਗੈਰ ਵਰਦੀਧਾਰੀ ਫੌਜੀ ਵੀ ਗੁਰੂ ਸਾਹਿਬ ਨੂੰ ਮੁਗਲਾਂ ਦੀ ਫੌਜ ਲੱਗਦੀ ਹੈ। ਪਰ ਜੇ ਘੇਰਾ ਪਾਉਣ ਵਾਲੇ ਫੌਜੀਆਂ ਦੀ ਗਿਣਤੀ ਇਕ ਲੱਖ ਵੀ ਹੋਵੇ ਅਤੇ ਦੂਜੇ ਪਾਸੇ ਚਾਲੀ ਸਿੰਘ ਹੋਣ ਅਤੇ ਜਿਥੇ ਜੰਗ ਦਾ ਸਮਾਨ ਵੀ ਇਕ ਸੀਮਤ ਮਿਕਦਾਰ ਵਿਚ ਹੋਵੇ, ਜਿਥੇ ਮੋਰਿਚਆਂ ਵਾਲੀ ਥਾਂ ਵੀ ਹਵੇਲੀ-ਨੁਮਾ ਇਕ ਕਮਜ਼ੋਰ ਰਿਹਾ ਕਿਲ੍ਹਾ (ਕੱਚੀ ਗੜ੍ਹੀ) ਹੀ ਹੋਏ ਤਾਂ ਇਸ ਨੂੰ ਸੰਸਾਰ ਦੀ ਸਭ ਤੋਂ ਵੱਡੀ ਬੇਜੋੜ ਤੇ ਅਸਾਵੀਂ ਜੰਗ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਵੇ ? ਕਰਬਲਾ ਦੀ ਜੰਗ ਵਿਚ ਲੜਨ ਵਾਲਿਆਂ ਦਾ ਅਨੁਪਾਤ 1:40 ਦਾ ਹੈ। ਪਰ ਚਮਕੌਰ ਦੀ ਜੰਗ ਵਿਚ ਇਕ ਸਿੰਘ ਢਾਈ ਹਜ਼ਾਰ ਸਿਪਾਹੀਆਂ ਵਿਚ ਘਿਰਿਆ ਹੋਇਆ ਨਜ਼ਰ ਆਉਂਦਾ ਹੈ।

ਵੈਸੇ ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ “ਖਾਲਸਾ“ ਦੇ ਸੰਕਲਪ ਵਿਚ ਰਾਜਨੀਤਕ ਇੱਛਾ ਸੁਭਾਵਿਕ ਹੀ ਨਿਹਤ ਹੈ। ਇਹ ਗੁਰੂ

ਨਾਨਕ ਸਾਹਿਬ ਤੋਂ ਹੀ ਆਰੰਭ ਹੋ ਗਈ ਸੀ। ਹਾਂ, ਇਹ ਗੱਲ ਵੱਖਰੀ ਹੈ ਕਿ ਸਾਰੇ ਗੁਰੂ ਸਮੇਂ ਦੀਆਂ ਹਾਲਤਾਂ ਅਨੁਸਾਰ ਅਤੇ ਸਿੱਖਾਂ ਦੇ ਮਾਨਸਿਕ ਪੱਧਰ ਨੂੰ ਸਾਹਮਣੇ ਰੱਖ ਕੇ ਰਾਜਨੀਤਕ ਰੀਝ ਨੂੰ ਆਪਣੇ ਆਪਣੇ ਅੰਦਾਜ਼ ਵਿਚ ਪ੍ਰਗਟ ਕਰਦੇ ਰਹੇ



ਹਨ। ਇਸ ਲਈ ਰਾਜਨੀਤਕ ਇੱਛਾ ਦਾ ਸੰਕਲਪ ਵਿਕਾਸ ਦੇ ਮਾਰਗ ਉੱਤੇ ਤੁਰਦਾ ਹੋਇਆ ਆਪਣਾ ਮੁਕੰਮਲ ਪ੍ਰਕਾਸ਼ ਖਾਲਸੇ ਦੀ ਹਸਤੀ ਵਿਚ ਕਰਦਾ ਜਾਪਦਾ ਹੈ। ਇਸ ਵਾਸਤੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਮੁਸਲਮਾਨਾਂ ਦੀ ਮੁੱਖ ਧਾਰਾ ਹਿੰਦੁਸਤਾਨ ਦੀ ਸਰਜ਼ਮੀਨ ਉੱਤੇ ਅਚਾਨਕ ਇਕ ਨਵਾਂ ਰੂਪ ਅਖ਼ਤਿਆਰ ਕਰ ਰਹੀ ਤਾਕਤ ਨਾਲ ਅੰਦਰੋਂ ਅੰਦਰੀਂ ਵੀ ਅਤੇ ਸਪਸ਼ਟ ਰੂਪ ਵਿਚ ਵੀ ਖੁਣਸ ਰੱਖਦੀ ਹੋਵੇ। ਇਸ ਲਈ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਖਾਲੀ ਕਰਨ ਮਗਰੋਂ ਗੁਰੂ ਗੋਬਿੰਦ ਸਿੰਘ ਅਤੇ ਮੁਸ਼ਕਿਲਾਂ ਵਿਚ ਘਿਰੇ ਉਨ੍ਹਾਂ ਦੇ ਖਾਲਸੇ ਦੀ ਹਸਤੀ ਨੂੰ ਮਿਟਾ ਦੇਣ ਲਈ ਉਨ੍ਹਾਂ ਵਾਸਤੇ ਹੁਣ ਇਕ ਸੁਨਹਿਰੀ ਮੌਕਾ ਸੀ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਪਿੱਛੋਂ ਇਕ ਸਰੋਤ ਮੁਤਾਬਕ ਗੁਰੂ ਸਾਹਿਬ ਨਾਲ ਕਰੀਬ 700 ਸਿੰਘ ਸਨ ਜਦਕਿ ਡਾ. ਹਰੀ ਰਾਮ ਗੁਪਤਾ ਇਹ ਗਿਣਤੀ 400 ਦੇ ਕਰੀਬ ਦੱਸਦੇ ਹਨ। ਸਿਰਸਾ ਨਦੀ ਪਾਰ ਕਰਨ ਮਗਰੋਂ ਇਹ ਗਿਣਤੀ 60-70 ਦੇ ਕਰੀਬ ਹੀ ਰਹਿ ਜਾਂਦੀ ਹੈ ਜਦਕਿ ਬਾਕੀ ਸਾਰੇ ਸਿੰਘ ਵੱਖ-ਵੱਖ ਥਾਈਂ ਹੋਈਆਂ ਝੜਪਾਂ ਵਿਚ ਅਤੇ ਜਾਂ ਫਿਰ ਦਰਿਆ ਦੇ ਤੇਜ਼ ਵਹਾਅ ਵਿਚ ਸ਼ਹੀਦ ਹੋ ਜਾਂਦੇ ਹਨ। ਇਸ ਗੱਲ ਨਾਲ ਸਾਰੇ ਸਰੋਤ ਸਹਿਮਤ ਹਨ ਕਿ ਗੁਰੂ ਸਾਹਿਬ ਕੇਵਲ 40 ਸਿੰਘਾਂ ਦੇ ਜਥੇ ਨਾਲ ਹੀ ਚਮਕੌਰ ਦੀ ਗੜ੍ਹੀ ਵਿਚ ਦਾਖਲ ਹੁੰਦੇ ਹਨ ਅਤੇ ਇਹ ਵੀ ਇਕ ਹਕੀਕਤ ਹੈ ਕਿ ਗੁਰੂ ਸਾਹਿਬ ਦੇ ਚਮਕੌਰ ਵਿਚ ਹੋਣ ਦੀ ਖ਼ਬਰ ਮੁਗਲ ਫੌਜ ਤੱਕ ਤੁਰੰਤ ਪਹੁੰਚ ਚੁੱਕੀ ਸੀ। ਇਹ ਤੁਰੰਤ ਖ਼ਬਰ ਪਹੁੰਚਾਉਣ ਵਾਲੇ ਕੌਣ ਸਨ ? ਇਹ ਸੀ ਗੁੰਮਰਾਹ ਹੋਈ ਜਨਤਾ, ਜਿਸ ਨੂੰ ਲੱਗਦਾ ਸੀ ਕਿ ਨਵੀਂ ਉੱਭਰ ਰਹੀ ਤਾਕਤ ਇਕ ਦਿਨ ਉਨ੍ਹਾਂ ਦੇ ਧਰਮ ਲਈ ਵੀ ਚੁਣੌਤੀ ਬਣ ਸਕਦੀ ਹੈ। ਪਰ ਤਾਕਤ ਦੇ ਨਸ਼ੇ ਵਿਚ ਮੁਗਲ ਹਾਕਮਾਂ ਨੂੰ ਕੀ ਪਤਾ ਸੀ ਕਿ ਚਮਕੌਰ ਦੀ ਜੰਗ ਖਾਲਸੇ ਨੂੰ ਨਵਾਂ ਜੀਵਨ ਪ੍ਰਦਾਨ ਕਰੇਗੀ। ਕੁਝ ਵਿਦਵਾਨ ਹੋ ਸਕਦਾ ਹੈ ਮੇਰੀ ਇਸ ਧਾਰਨਾ ਨਾਲ ਸਹਿਮਤ ਨਾ ਹੋਣ ਪਰ ਮੇਰਾ ਵਿਸ਼ਵਾਸ ਹੈ ਕਿ ਚਮਕੌਰ ਦੀ ਜੰਗ ਗੁਰੂ ਗ੍ਰੰਥ ਸਾਹਿਬ ਦੇ ਕਈ ਰੰਗਾਂ ਦਾ ਤਰਜਮਾ ਸੀ। ਜਦੋਂ ਤੁਹਾਡੇ ਵਿਰੋਧ ਵਿਚ ਲੱਖਾਂ ਬਾਹਾਂ ਖੜ੍ਹੀਆਂ ਹੋਣ ਪਰ ਜੇਕਰ ਤੁਹਾਡੇ ਨਾਲ ਗੁਰੂ ਹੈ, ਜੇ ਤੁਹਾਡੇ ਨਾਲ ਸਿਧਾਂਤ ਹੈ, ਜੇ ਗੁਰੂ ਦਾ ਸ਼ਬਦ ਤੁਹਾਡੇ ਨਾਲ ਹਮਸਫ਼ਰ ਹੈ ਤਾਂ ਅੰਤਿਮ ਜਿੱਤ ਤੁਹਾਡੀ ਹੀ ਹੋਵੇਗੀ। ਕੀ ਇਸ ਮਹਾਂ ਵਾਕ ਨੂੰ ਖਾਲਸੇ ਨੇ ਚਮਕੌਰ ਦੀ ਧਰਤੀ ਉੱਤੇ ਅਮਲ ਵਿਚ ਨਹੀਂ ਸੀ ਉਤਾਰਿਆ ?

ਜਾਮਿ ਗੁਰੂ ਹੋਇ ਵਲਿ, ਧਨਹਿ ਕਿਆ ਗਾਰਵੁ ਦਿਜਇ॥

ਜਾਮਿ ਗੁਰੂ ਹੋਇ ਵਲਿ, ਲਖ ਬਾਹੇ ਕਿਆ ਕਿਜਇ॥ (ਪੰਨਾ 1399)

ਖਾਲਸਾ ਜਾਨ ਤੋਂ ਵੀ ਪਿਆਰਾ : ਗੁਰੂ ਸਾਹਿਬ ਲਈ ਖਾਲਸਾ ਕਿੰਨਾ ਪਿਆਰਾ ਸੀ, ਕਿੰਨਾ ਖਾਸਮ ਖਾਸ ਸੀ ਅਤੇ ਉਨ੍ਹਾਂ ਦੇ ਦਿਲ ਦੇ ਕਿੰਨਾ ਕਰੀਬ ਸੀ, ਇਸ ਦਾ ਡੂੰਘਾ ਅਤੇ ਸਿਧਾਂਤਕ ਅਨੁਭਵ ਵੀ ਚਮਕੌਰ ਦੀ ਜੰਗ ਵਿਚੋਂ ਹੀ ਨਸੀਬ ਹੁੰਦਾ ਹੈ। ਇਕ ਵਾਰ ਫਿਰ ਦੁਨੀਆਂ ਨੇ ਦੇਖਿਆ ਕਿ ਇਹ ਜ਼ਰੂਰੀ ਨਹੀਂ ਸੀ ਕਿ ਗੁਰੂ ਦੇ ਵਾਰਸ ਬਿੰਦੀ ਪੁੱਤਰ ਹੀ ਹੋ ਸਕਦੇ ਹਨ। ਇਥੇ ਤਾਂ ਨਾਦੀ ਪੁੱਤਰਾਂ ਨੂੰ ਹੀ ਇਕ ਅਦੁੱਤੀ ਤੇ ਅਨਮੋਲ ਸੁਗਾਤ ਹਾਸਲ ਹੋ ਸਕਦੀ ਹੈ। ਹਾਂ, ਜੇ ਬਿੰਦੀ ਪੁੱਤਰ ਨਾਦੀ ਪੁੱਤਰ ਹੋਣ ਦੀ ਕਾਬਲੀਅਤ ਦੀਆਂ ਮੰਜ਼ਿਲਾਂ ਤੱਕ ਪੁੱਜ ਜਾਣ ਤਾਂ ਇਸ ਅਨਮੋਲ ਵਿਰਸੇ ਦੇ ਮਾਲਕ ਉਹ ਵੀ ਹੋ ਸਕਦੇ ਹਨ। ਜਦੋਂ ਪੰਜਵੇਂ ਗੁਰੂ ਅਰਜਨ ਪਾਤਸ਼ਾਹ ਆਪਣੇ ਪਿਤਾ ਚੌਥੇ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਵਿਛੋੜੇ ਵਿਚ ਇਹੋ ਜਿਹੀਆਂ ਚਿੱਠੀਆਂ : ਇਕ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ॥ ਹੁਣ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣ ਨ ਵਿਹਾਵੈ ਨੀਦ ਨ ਆਵੈ, ਬਿਨ ਦੇਖੇ ਗੁਰ ਦਰਬਾਰੇ ਜੀਉ॥ (ਪੰਨਾ 96-97) ਲਿਖਦੇ ਹਨ ਤਾਂ ਗੁਰੂ ਰਾਮਦਾਸ ਜੀ ਨੂੰ ਪਤਾ ਲੱਗ ਗਿਆ ਸੀ ਕਿ ਮੇਰਾ ਪੁੱਤਰ ਮੇਰੇ



ਵਿਚੋਂ ਇਕ ਦੁਨਿਆਵੀ ਪਿਤਾ ਦੀ ਤਲਾਸ਼ ਨਹੀਂ ਕਰ ਰਿਹਾ, ਉਹ ਤਾਂ ਉਸ ਨਾਦ ਨੂੰ ਮਿਲਣ ਲਈ ਬਿਹਬਲ ਹੈ, ਜਿਹੜਾ ਗੁਰੂ ਨਾਨਕ ਨੇ ਇਸ ਧਰਤੀ ਉੱਤੇ ਉਤਾਰਿਆ ਸੀ। ਤਾਂ ਗੁਰੂ ਸਾਹਿਬ ਨੇ ਉਦੋਂ ਹੀ ਫੈਸਲਾ ਕਰ ਲਿਆ ਕਿ (ਗੁਰੂ) ਅਰਜਨ ਦੇਵ ਗੁਰੂ ਨਾਨਕ ਜੀ ਦੀ ਗੱਦੀ ਦਾ ਵਾਰਸ ਬਣਨ ਦਾ ਹੱਕਦਾਰ ਹੈ। ਨਾਨਕ ਨਾਦ ਦੀ ਇਹੋ ਰੂਹਾਨੀ ਕਣੀ ਗੁਰੂ ਅਰਜਨ ਪਾਤਸ਼ਾਹ ਨੂੰ ਆਪਣੇ ਪੁੱਤਰ ਗੁਰੂ ਹਰਿਗੋਬਿੰਦ ਵਿਚੋਂ ਵੀ ਨਜ਼ਰ ਆਈ ਸੀ। ਗੁਰੂ ਦਸ਼ਮੇਸ਼ ਪਿਤਾ ਵੀ ਚਮਕੌਰ ਦੀ ਗੜ੍ਹੀ ਵਿਚ ਕੁਝ ਇਸ ਤਰ੍ਹਾਂ ਦਾ ਹੀ ਚਮਤਕਾਰ ਦਿਖਾ ਰਹੇ ਹਨ। ਗੁਰੂ ਸਾਹਿਬ ਦੇ ਪੰਜ ਪਿਆਰਿਆਂ ਵਿਚੋਂ ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ ਚਮਕੌਰ ਦੀ ਗੜ੍ਹੀ ਵਿਚ ਅੰਤ ਤੱਕ ਉਨ੍ਹਾਂ ਦੇ ਨਾਲ ਰਹਿੰਦੇ ਹਨ। ਜੇ ਦਸ਼ਮੇਸ਼ ਪਿਤਾ ਨੂੰ ਆਪਣੇ ਪੁੱਤਰ ਖਾਲਸੇ ਤੋਂ ਵੱਧ ਪਿਆਰੇ ਹੁੰਦੇ ਤਾਂ ਉਹ ਭਲਾ ਮੈਦਾਨੇ ਜੰਗ ਵਿਚ ਉਨ੍ਹਾਂ ਦੀ ਜਾਣ ਦੀ ਘੜੀ ਨੂੰ ਲਮਕਾ ਨਹੀਂ ਸਕਦੇ ਸਨ ? ਪਰ ਉਨ੍ਹਾਂ ਨੂੰ ਤਾਂ ਆਪਣਾ ਖਾਲਸਾ ਹੀ ਵੱਧ ਪਿਆਰਾ ਸੀ, ਇਹੋ ਤਾਂ ਉਸ ਦਾ ਅਸਲ ਵਾਰਸ ਸੀ, ਇਹੋ ਉਸ ਦਾ ਦਿਲ ਸੀ।

ਦਿਲ ਹੀ ਨਹੀਂ ਸੀ, ਸਗੋਂ ਸਮੁੱਚੀ ਲੋਕਾਈ ਨੇ ਦੇਖਿਆ ਕਿ ਗੁਰੂ ਗੋਬਿੰਦ ਸਿੰਘ ਲਈ ਖਾਲਸਾ ਉਸ ਸਮੇਂ ਗੁਰੂ ਬਣ ਗਿਆ ਸੀ ਅਤੇ ਕੁਝ ਪਲਾਂ ਲਈ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦਾ ਚੇਲਾ ਬਣਨ ਦਾ ਮਾਣ ਮਹਿਸੂਸ ਕਰ ਲਿਆ ਸੀ ਅਤੇ ਇੰਝ ਖਾਲਸੇ ਦੇ ਹੁਕਮ ਉੱਤੇ ਫੁੱਲ ਚੜ੍ਹਾਉਂਦਿਆਂ ਸਾਡਾ ਇਹ ਅਲਬੇਲਾ ਸੰਤ-ਸਿਪਾਹੀ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਗਿਆ ਸੀ। ਇਤਿਹਾਸਕਾਰਾਂ ਨੇ ਸੱਚੇ ਹੰਝੂਆਂ ਵਿਚ ਡੁੱਬੇ ਇਸ ਮਾਹੌਲ ਨੂੰ ਨਹੀਂ ਸਾਂਭਿਆ। ਉਹ ਸਾਂਭ ਵੀ ਨਹੀਂ ਸਕਦਾ ਕਿਉਂਕਿ ਇਤਿਹਾਸ ਵਲਵਲਿਆਂ ਦੇ ਦੇਸ਼ ਦਾ ਪਾਂਧੀ ਨਹੀਂ ਹੁੰਦਾ। ਇਹ ਵਲਵਲੇ ਹੀ ਬੰਦਾ ਬਹਾਦਰ ਦੇ ਅੰਦਰ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਦਰਿਆ ਬਣ ਕੇ ਤੁਰੇ ਤਾਂ ਸਰਹੰਦ ਦੀ ਮਿੱਟੀ ਨੇ ਖਾਲਸੇ ਨੂੰ ਪ੍ਰਣਾਮ ਕੀਤਾ। ਕੀ ਇਸ ਅਲੋਕਾਰ ਦ੍ਰਿਸ਼ ਵਿਚ ਇਤਿਹਾਸ ਅਤੇ ਵਿਸਮਾਦ ਇਕ-ਦੂਜੇ ਵਿਚ ਘੁਲਦੇ-ਮਿਲਦੇ ਮਹਿਸੂਸ ਨਹੀਂ ਹੁੰਦੇ ? ਕੀ ਤੁਹਾਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਜਿਸ ਨੂੰ ਨਾਦਾਨ ਲੋਕ ਚਮਕੌਰ ਦੀ ਜੰਗ ਵਿਚ ਗੁਰੂ ਗੋਬਿੰਦ ਸਿੰਘ ਦੀ ਹਾਰ ਕਹਿੰਦੇ ਹਨ, ਉਸ ਵਿਚ ਜਿੱਤ ਦਾ ਕਿੱਡਾ ਵੱਡਾ ਪੈਗ਼ਾਮ ਲੁੱਕਿਆ ਹੋਇਆ ਸੀ। ਆਓ, ਇਕ ਵਾਰ ਮੁੜ ਸਿੱਖਾਂ ਦੇ ਇਤਿਹਾਸ ਲਿਖਣ ਵਾਲੇ ਉਸ ਇਤਿਹਾਸਕਾਰ ਹਰੀ ਰਾਮ ਗੁਪਤਾ ਦੇ ਇਨ੍ਹਾਂ ਸ਼ਬਦਾਂ ਨੂੰ ਯਾਦ ਕਰੀਏ ਜੋ ਕੁਝ ਪਲਾਂ ਲਈ ਗੁਰੂ ਸਾਹਿਬਾਨ ਅਤੇ ਖਾਲਸੇ ਦੀ ਰੂਹ ਦੇ ਬਹੁਤ ਕਰੀਬ ਚਲਾ ਗਿਆ ਜਾਪਦਾ ਹੈ :

"ਦਸ ਗੁਰੂ ਸਾਹਿਬਾਨ ਦੇ 250 ਵਰ੍ਹਿਆਂ ਦੇ ਜੀਵਨ ਇਤਿਹਾਸ ਦਾ ਇਕੋ ਸਾਂਝਾ ਪੈਗ਼ਾਮ ਹੈ ਅਤੇ ਉਹ ਹੈ ; ਜੱਦੋ-ਜਹਿਦ। ਇਹ ਇਕ ਅਜਿਹੀ ਜੱਦੋ-ਜਹਿਦ ਸੀ, ਜਿਸ ਦਾ ਉਦੇਸ਼ ਸੀ ਦੱਬੇ ਕੁਚਲੇ ਲੋਕਾਂ ਵਿਚੋਂ ਇਕ ਅਣਖੀਲੇ ਸਮਾਜ ਦੀ ਸਿਰਜਣਾ ਕਰਨਾ.. ਸੱਚੀ ਮੁੱਚੀ ਇਹ ਗੱਲ ਉਨ੍ਹਾਂ (ਖਾਲਸੇ) ਬਾਰੇ ਕਹੀ ਜਾ ਸਕਦੀ ਹੈ ਕਿ ਹਾਰ ਵਿਚ ਵੀ ਉਹ ਲੋਕ ਬਾਗੀ ਹੀ ਰਹਿੰਦੇ ਸਨ। "

ਸਿਧਾਂਤ ਤੇ ਜਜ਼ਬਾਤ ਦਾ ਰਿਸ਼ਤਾ : ਜੇ ਸਿਧਾਂਤ ਅਤੇ ਜਜ਼ਬਾਤ ਵਿਚਕਾਰ ਕੋਈ ਪਵਿੱਤਰ ਰਿਸ਼ਤਾ ਹੁੰਦਾ ਹੈ ਤਾਂ ਉਹ ਰਿਸ਼ਤਾ ਸਾਕਾਰ ਰੂਪ ਵਿਚ ਚਮਕੌਰ ਦੀ ਗੜ੍ਹੀ ਵਿਚ ਪ੍ਰਗਟ ਹੋਇਆ ਹੈ। ਖਾਲਸਾ ਪੂਰਾ ਸਤਿਗੁਰੂ ਬਣ ਸਕਦਾ ਹੈ। ਇਹ ਇਕ ਸਿਧਾਂਤ ਹੈ। ਜਦੋਂ ਗੁਰੂ ਗੋਬਿੰਦ ਸਿੰਘ ਨੇ ਇਸ ਸਿਧਾਂਤ ਅੱਗੇ ਸਜਦਾ ਕੀਤਾ ਤਾਂ ਜਜ਼ਬਾਤ ਦਾ ਆਲਮ ਸਹਿਜ-ਸੁਭਾਅ ਹੀ ਖਾਲਸੇ ਵਿਚ ਸਿਰਜਿਆ ਗਿਆ। ਇਹ ਜਜ਼ਬਾਤ ਦਾ ਆਲਮ 300 ਸਾਲ ਬੀਤ ਜਾਣ ਪਿੱਛੋਂ ਵੀ ਅੱਜ ਵੀ ਖਾਲਸੇ ਦੇ ਅੰਦਰ ਕੰਬਣੀ ਛੇੜ ਦਿੰਦਾ ਹੈ। ਗੁਰੂ ਗੱਦੀ ਦੇ ਵਾਰਸ ਜ਼ਰੂਰੀ ਨਹੀਂ ਕਿ ਪੁੱਤਰ ਹੀ ਹੋਣ। ਇਹ ਸਿੱਖੀ ਸਿਧਾਂਤ ਹੈ। ਪਰ ਜਦੋਂ ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਸ਼ਹਾਦਤ ਦਾ ਜਾਮ ਪੀਂਦੇ ਹਨ ਅਤੇ ਜਦੋਂ ਗੁਰੂ ਸਾਹਿਬ ਖੁਦ ਆਪਣੇ ਹੱਥੀਂ ਚਾਈਂ-ਚਾਈਂ ਪੁੱਤਰਾਂ ਨੂੰ ਜੰਗ ਵੱਲ ਤੋਰਦੇ ਹਨ ਤਾਂ ਜਜ਼ਬਿਆਂ ਦਾ ਦਰਿਆ ਸਿਧਾਂਤ ਨੂੰ ਅਮਲ ਵਿਚ ਉਤਾਰਦਾ ਹੈ। ਉਂਝ ਵੀ ਜਜ਼ਬਿਆਂ ਦੀ ਪਾਨ ਚਾੜ੍ਹੇ ਤੋਂ ਬਿਨਾਂ ਸਿਧਾਂਤ ਇਕ ਖੁਸ਼ਕ ਲੱਕੜ, ਇਕ ਬੇਜਾਨ ਵਜੂਦ ਅਤੇ ਬੇਰਸ ਜਿਹੀ ਵਸਤ ਬਣ ਕੇ ਰਹਿ ਜਾਵੇਗਾ। ਪਰ ਚਮਕੌਰ ਦੀ ਜੰਗ ਨੇ ਤਾਂ ਜਜ਼ਬਿਆਂ ਦਾ ਹੜ੍ਹ ਲੈ ਆਂਦਾ, ਇਹ ਤਾਂ ਪਿਆਰ ਦੇ ਅਤਿ ਗੂੜ੍ਹੇ ਰੰਗਾਂ ਦਾ ਮੀਂਹ ਵਰਾਉਂਦਾ ਹੈ। ਇਸ ਹਾਲਤ ਨੂੰ ਤਾਂ ਨਮੋ, ਨਮੋ, ਨਮੋ, ਨੇਤ, ਨੇਤ, ਨੇਤ ਕਹਿ ਕੇ ਹੀ ਬਿਆਨ ਕੀਤਾ ਜਾ ਸਕਦਾ ਹੈ।

ਦਸਮ ਪਿਤਾ ਖਾਲਸੇ ਨੂੰ ਕਿਸ ਬੁਲੰਦੀ ਉੱਤੇ ਲੈ ਜਾਂਦੇ ਹਨ ਅਤੇ ਉਸ ਤੋਂ ਕਿਸ ਤਰ੍ਹਾਂ ਦੀਆਂ ਉਮੀਦਾਂ ਕਰਦੇ ਹਨ, ਉਸ ਦੀ ਇਕ ਖ਼ੂਬਸੂਰਤ ਝਲਕ ਔਰੰਗਜ਼ੇਬ ਨੂੰ ਲਿਖੀ ਚਿੱਠੀ "ਜ਼ਫਰਨਾਮਾ" ਤੋਂ ਮਿਲਦੀ ਹੈ। ਦਸਮ ਪਿਤਾ ਦੀ ਆਪਣੀ ਕਲਮ ਤੋਂ, "ਚਿ ਸ਼ੁਦ ਕਿ ਚੂੰ ਬਚਗਾਂ ਕੁਸ਼ਤ ਚਾਰ ਕਿ ਬਾਕੀ ਬਮਾਂਦਸਤ ਪੇਚੀਦਾ ਮਾਰੋਂ", ਅਰਥਾਤ ; ਕੀ ਹੋਇਆ ਜੇਕਰ ਤੁਸਾਂ ਮੇਰੇ ਚਾਰ ਪੁੱਤਰ ਮਾਰ ਦਿੱਤੇ ਹਨ ਪਰ ਅਜੇ ਕੁੰਡਲੀਦਾਰ (ਖਾਲਸਾ) ਬਾਕੀ ਹੈ।

ਇਹ ਸਤਰਾਂ ਡੂੰਘੇ ਧਿਆਨ ਦੀ ਮੰਗ ਕਰਦੀਆਂ ਹਨ। ਗੰਭੀਰਤਾ ਦੀ ਵਾਦੀ ਵਿਚ ਉਤਰਣ ਤੋਂ ਪਿਛੋਂ ਸਾਨੂੰ ਇਹ ਸੋਝੀ ਮਿਲਦੀ ਹੈ ਕਿ ਗੁਰੂ ਸਾਹਿਬ ਆਪਣੇ ਪੁੱਤਰਾਂ ਦੀ ਮਹਾਨ ਅਤੇ ਅਲੌਕਿਕ ਸ਼ਹਾਦਤ ਨੂੰ ਵੀ "ਕੀ ਹੋਇਆ" ਕਹਿ ਕੇ ਇਕ ਵੱਡੇ ਪ੍ਰਸੰਗ ਵਿਚ ਇਸ ਨੂੰ ਇਕ ਨਿਗੂਣੀ ਜਿਹੀ ਘਟਨਾ ਹੀ ਕਹਿੰਦੇ ਹਨ ਜਦਕਿ ਕੌਮ ਦਾ ਭਵਿੱਖ ਖਾਲਸੇ 'ਤੇ ਸੁੱਟਦੇ ਹਨ। ਇਕ ਹੋਰ ਯਾਦ ਰੱਖਣ ਵਾਲੀ ਗੱਲ ਜੋ ਵਰਤਮਾਨ ਖਾਲਸੇ ਲਈ ਵੀ ਵੰਗਾਰ ਹੈ। ਉਹ ਇਹ ਕਿ ਗੁਰੂ ਸਾਹਿਬ ਖਾਲਸੇ ਨੂੰ "ਕੁੰਡਲੀਦਾਰ" ਸ਼ਬਦ ਦੇ ਪ੍ਰਤੀਕ ਨਾਲ ਵਰਤਦੇ ਹਨ, ਜਿਸ ਦਾ ਇਕ ਮਤਲਬ ਇਹ ਵੀ ਹੈ ਕਿ ਮੇਰਾ ਖਾਲਸਾ ਜੀਵਨ ਦੇ ਗੁੰਝਲਦਾਰ ਰਾਜ਼ਾਂ ਅਤੇ ਭੇਤਾਂ ਦਾ ਹਾਣੀ ਬਣੇਗਾ। ਪਰ ਕੀ ਵਰਤਮਾਨ ਖਾਲਸਾ ਹਾਣੀ ਬਣ ਰਿਹਾ ਹੈ ? ਬਣਨ ਲਈ ਹੰਭਲਾ ਵੀ ਮਾਰ ਰਿਹਾ ਹੈ ?

ਜੰਗੀ ਰਣਨੀਤੀ ਦਾ ਉੱਤਮ ਨਮੂਨਾ : ਹਜ਼ਾਰਾਂ ਸਿਪਾਹੀਆਂ ਦੇ ਘੇਰੇ ਵਿਚੋਂ ਦੱਸ ਕੇ ਨਿਕਲਣਾ ਵੀ ਜਿਥੇ ਜੰਗੀ ਰਣਨੀਤੀ ਦਾ ਇਕ ਉੱਤਮ ਨਮੂਨਾ ਗੁਰੂ ਸਾਹਿਬ ਨੇ ਪੇਸ਼ ਕੀਤਾ ਹੈ, ਉਥੇ ਨਾਲ ਹੀ ਜੰਗ ਦੇ ਸਦਾਚਾਰਕ ਨਿਯਮਾਂ ਦੀ ਪਾਲਣਾ ਦੀ ਵੀ ਸਾਨੂੰ ਯਾਦ ਦਵਾਈ ਹੈ। ਜਦੋਂ ਦਸ਼ਮੇਸ਼ ਪਿਤਾ ਨੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਪਿਛੋਂ ਤਾੜੀ ਮਾਰ ਕੇ ਕਿਹਾ ਕਿ "ਖਾਲਸੇ ਦਾ ਗੁਰੂ ਜਾ ਰਿਹਾ ਹੈ" ਤਾਂ ਇਕ ਪਾਸੇ ਜਿਥੇ ਉਹ ਸੱਚ ਵੀ ਬੋਲ ਰਹੇ ਸਨ, ਉਥੇ ਨਾਲ ਦੀ ਨਾਲ ਜੰਗੀ ਰਣਨੀਤੀ ਦਾ ਕਮਾਲ ਪੇਸ਼ ਕਰਕੇ ਮੁਗਲ ਫੌਜ ਵਿਚ ਪਾਗਲਾਂ ਵਾਲੀ ਭੱਜ-ਦੌੜ ਦਾ ਮਾਹੌਲ ਵੀ ਪੈਦਾ ਕਰ ਰਹੇ ਸਨ। ਇਤਿਹਾਸ ਵਿਚ ਇਸ ਤਰ੍ਹਾਂ ਦਾ ਕੌਤਕ ਕਰਕੇ ਵਿਖਾਉਣਾ ਸ਼ਾਇਦ ਹੀ ਕਿਸੇ ਪੈਗੰਬਰ ਦੇ ਹਿੱਸੇ ਆਇਆ ਹੋਵੇ। ਇਹ ਸਾਰੀਆਂ ਘਟਨਾਵਾਂ ਇਕ ਤਰ੍ਹਾਂ ਨਾਲ ਰੂਹਾਨੀ ਨਾਟਕ ਹੀ ਹੋ ਨਿਬੜਦੇ ਹਨ, ਜਿਨ੍ਹਾਂ ਨੂੰ ਸੁਣ ਕੇ ਉਸ "ਮਿੱਤਰ ਪਿਆਰੇ" ਦੇ ਘੋੜੇ ਦੀ ਅਲਬੇਲੀ ਟਾਪ ਅਜੇ ਵੀ ਸਾਡੇ ਅੰਦਰ ਧੂਹ ਪਾਉਂਦੀ ਹੈ।

ਕੀ ਚਮਕੌਰ ਦੀ ਜੰਗ ਧਰਮ ਯੁੱਧ ਸੀ ? : ਹਾਂ, ਇਹ ਧਰਮ ਯੁੱਧ ਤਾਂ ਸੀ ਪਰ ਜੇ ਕੋਈ ਇਸ ਧਰਮ ਯੁੱਧ ਵਿਚੋਂ ਰਾਜਨੀਤੀ ਨੂੰ ਗੈਰ-ਹਾਜ਼ਰ ਕਰ ਦਿੰਦਾ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਸ ਨੂੰ ਗੁਰੂ-ਸਿਧਾਂਤ ਦੇ ਮੁਕੰਮਲ ਦਰਸ਼ਨ ਨਸੀਬ ਨਹੀਂ ਹੋਏ। ਵੈਸੇ ਉਂਝ ਵੀ ਜੰਗ ਹੁੰਦੀ ਕੀ ਹੈ ? ਇਸ ਦੀ ਅਸਲ ਪ੍ਰੀਭਾਸ਼ਾ ਕੀ ਹੈ ? ਇਨਸਾਈਕਲੋਪੀਡੀਆ ਬ੍ਰਿਟੈਨੀਕਾ ਸਾਨੂੰ ਦੱਸਦਾ ਹੈ ਕਿ ਜੰਗ ਰਾਜਨੀਤਕ ਗਰੁੱਪਾਂ ਵਿਚਕਾਰ ਇਕ ਟੱਕਰ ਦਾ ਨਾਂ ਹੈ। ਦੂਜੇ ਸ਼ਬਦਾਂ ਵਿਚ ਜੇ ਜੰਗ ਵਿਚੋਂ ਰਾਜਨੀਤਕ ਇੱਛਾ ਦਾ ਸਿਧਾਂਤ ਮਨਫੀ ਕਰ ਦਿੱਤਾ ਜਾਵੇ



ਤਾਂ ਉਹ ਇਕ ਤਰ੍ਹਾਂ ਨਾਲ ਡਾਕੂਆਂ ਦੇ ਗਿਰੋਹਾਂ ਦਰਮਿਆਨ ਇਕ ਝੜਪ ਹੀ ਕਹੀ ਜਾ ਸਕਦੀ ਹੈ, ਜਿਸ ਦਾ ਆਰੰਭ ਤੇ ਅੰਤਿਮ ਮਕਸਦ ਲੁੱਟਣਾ ਹੀ ਹੁੰਦਾ ਹੈ। ਪਰ ਗੁਰੂ ਗੋਬਿੰਦ ਸਿੰਘ ਮਹਾਰਾਜ ਅਜਿਹਾ ਧਰਮ ਯੁੱਧ ਲੜ ਰਹੇ ਹਨ, ਜੋ ਦੁਨੀਆਂ ਦੇ ਯੁੱਧਾਂ ਤੋਂ ਯਕੀਨਨ ਵੱਖਰਾ ਤੇ ਨਿਰਾਲਾ ਵੀ ਹੈ ਪਰ ਨਾਲ ਦੀ ਨਾਲ ਉਹ ਧਰਮ ਯੁੱਧ ਨੂੰ ਕਾਮਯਾਬੀ ਦੀ ਮੰਜ਼ਿਲ ਉੱਤੇ ਪਹੁੰਚਾਉਣ ਲਈ ਰਾਜ ਦੀ ਸਥਾਪਨਾ ਵੀ ਚਾਹੁੰਦੇ ਹਨ। ਖਾਲਸੇ ਦੇ ਮਨ-ਮਸਤਕ ਵਿਚ ਇਹ ਬੋਲ ਅਜੇ ਵੀ ਜਗਦੇ ਹਨ :

"ਰਾਜ ਬਿਨਾ ਨਹੀਂ ਧਰਮ ਚਲੇ ਹੈਂ॥
ਧਰਮ ਬਿਨਾਂ ਸਭ ਦਲੈ ਮਲੈ ਹੈਂ॥"

ਪਰ ਕਿਸ ਤਰ੍ਹਾਂ ਦੇ ਰਾਜ ਦੀ ਸਥਾਪਨਾ ? ਉਹ ਰਾਜ ਜੋ ਜਾਤਪਾਤੀ ਸਮਾਜ ਦੇ ਘੇਰੇ ਤੋਂ ਬਾਹਰ ਹੋਵੇ ਅਤੇ ਇਸ ਦੇ ਮਾਲਕ ਉਹ ਲੋਕ ਹੋਣ ਜਿਨ੍ਹਾਂ ਨੂੰ ਅਜੇ ਤੱਕ ਰਾਜਭਾਗ ਨਸੀਬ ਨਹੀਂ ਸੀ ਹੋਇਆ ਅਤੇ ਉਹ ਇਸ ਦੇ ਕਾਬਲ ਵੀ ਨਹੀਂ ਸੀ ਸਮਝੇ ਗਏ। ਸਈਅਦ ਗੁਲਾਮ ਅਲੀ ਖਾਂ ਆਪਣੀ ਪੁਸਤਕ "ਇਮਾਦੁਦ ਸਾਦਤ" ਵਿਚ ਨਾਂਹ ਚਾਹੁੰਦਿਆਂ ਹੋਇਆਂ ਵੀ ਇਹ ਸੱਚ ਲਿਖਣ ਲਈ ਮਜਬੂਰ ਹੋ ਗਿਆ ਹੈ : "ਮੁਕਦੀ ਗੱਲ, ਇਸ ਸਮੇਂ ਪੰਜਾਬ ਦਾ ਸਾਰਾ ਦੇਸ਼. ਇਸ ਫਿਰਕੇ (ਸਿੱਖਾਂ) ਦੇ ਕਬਜ਼ੇ ਹੇਠ ਹੈ ਅਤੇ ਇਸ ਦੇ ਵੱਡੇ ਲੀਡਰ ਜ਼ਿਆਦਾਤਰ ਤਰਖਾਣਾਂ, ਚਮਾਰਾਂ ਤੇ ਜੱਟਾਂ ਜਿਹੀਆਂ ਨੀਵੀਆਂ ਜਾਤਾਂ ਵਿਚੋਂ ਆਏ ਹਨ। "

ਦਿਲਚਸਪ ਸੱਚਾਈ ਇਹ ਹੈ ਕਿ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਣ ਵਾਲਿਆਂ ਵਿਚੋਂ ਕਥਿਤ ਤੌਰ 'ਤੇ ਉੱਚੀਆਂ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਆਟੇ ਵਿਚ ਲੂਣ ਦੇ ਬਰਾਬਰ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਚਮਕੌਰ ਦੀ ਗੜ੍ਹੀ ਛੱਡਣ ਸਮੇਂ ਦਸਮ ਪਾਤਸ਼ਾਹ ਨੇ ਜਿਸ ਸਿੰਘ ਸੰਗਤ ਸਿੰਘ ਨੂੰ ਜੰਗ ਦਾ ਕਮਾਂਡਰ ਥਾਪਿਆ, ਉਹ ਵੀ ਕਥਿਤ ਤੌਰ 'ਤੇ ਨੀਵੀਂਆਂ ਜਾਤਾਂ ਨਾਲ ਸਬੰਧ ਰੱਖਦਾ ਸੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਦਿੱਲੀ ਤੋਂ ਲਿਆਉਣ ਵਾਲੇ ਭਾਈ ਜੈਤਾ ਜੀ ਵੀ, ਜੋ ਸਿਰਸਾ ਨਦੀ ਉੱਤੇ ਹੋਈ ਜੰਗ ਵਿਚ ਸ਼ਹੀਦ ਹੋਏ ਸਨ, ਵੀ ਕਥਿਤ ਤੌਰ 'ਤੇ ਦਬੀਆਂ ਕੁਚਲੀਆਂ ਜਾਤਾਂ ਨਾਲ ਹੀ ਸਬੰਧ ਰੱਖਦੇ ਸਨ।

ਵੋ ਦਿਨ ਭੀ ਥੇ.. :ਇਤਿਹਾਸ ਵਿਚ ਉਤਰਾਅ-ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ। ਸਪੈਂਗਲਰ ਵਰਗਾ ਇਤਿਹਾਸਕਾਰ ਕੌਮਾਂ ਦੇ ਉਤਰਾਵਾਂ ਚੜ੍ਹਾਵਾਂ ਨੂੰ ਮੌਸਮ ਦੇ ਨਾਲ ਤੁਲਨਾ ਦਿੰਦਾ ਹੈ। ਜਿਵੇਂ ਮੌਸਮ ਬਦਲਦੇ ਹਨ, ਇਤਿਹਾਸ ਵੀ ਕੁਝ ਉਸ ਤਰ੍ਹਾਂ ਹੀ ਰੰਗ ਬਦਲਦਾ ਹੈ ਜਦਕਿ ਸੱਭਿਆਤਾਵਾਂ ਦੀ ਆਤਮਾ ਨੂੰ ਨੇੜਿਓਂ ਹੋ ਕੇ ਸਮਝਣ ਵਾਲੇ ਇਤਿਹਾਸਕਾਰ ਟਾਇਨਬੀ ਦਾ ਕਹਿਣਾ ਹੈ ਕਿ ਸਮਾਂ ਕੌਮਾਂ ਅੱਗੇ ਇਕ ਵੰਗਾਰ ਸੁੱਟਦਾ ਹੈ ਅਤੇ ਜੇਕਰ ਕੌਮਾਂ ਉਸ ਵੰਗਾਰ ਦਾ ਸਾਹਮਣਾ ਨਹੀਂ ਕਰਦੀਆਂ ਤਾਂ ਉਹ ਇਤਿਹਾਸ ਵਿਚ ਆਪਣੀ ਹੋਂਦ ਗਵਾ ਬਹਿੰਦੀਆਂ ਹਨ। ਚੈਲੰਜ ਤੇ ਰਿਸਪਾਂਸ ਦੀ ਥਿਊਰੀ ਖਾਲਸੇ ਉੱਤੇ ਵੀ ਪੂਰੀ ਢੁੱਕਦੀ ਹੈ ਕਿਉਂਕਿ ਅਸੀਂ ਹਰ ਵੰਗਾਰ ਦਾ ਸਾਹਮਣਾ ਕੀਤਾ ਹੈ ਅਤੇ ਉਸ ਦਾ ਢੁੱਕਵਾਂ ਜਵਾਬ ਦੇ ਕੇ ਇਤਿਹਾਸ ਵਿਚ ਆਪਣੀ ਥਾਂ ਬਣਾਈ ਰੱਖੀ ਹੈ। ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅੱਜ ਅਸੀਂ ਇਤਿਹਾਸ ਦੇ ਕਿਸ ਮੋੜ ਉੱਤੇ ਖੜ੍ਹੇ ਹਾਂ ? ਕੀ ਅਸੀਂ ਅੱਜ ਦੀ ਦੌੜ ਵਿਚ ਇਤਿਹਾਸ ਵੱਲੋਂ ਸੁੱਟੀਆਂ ਵੰਗਾਰਾਂ ਦਾ ਸਾਹਮਣਾ ਕਰ ਰਹੇ ਹਾਂ ? ਕੀ ਚਮਕੌਰ ਦੀ ਜੰਗ ਦੇ ਆਦਰਸ਼ ਸਾਡੇ ਅੰਦਰ ਉਤਸ਼ਾਹ, ਪ੍ਰੇਰਨਾ ਅਤੇ ਲਗਨ ਦੇ ਦੀਪ ਜਗਾਉਂਦੇ ਹਨ ? ਕੁਝ ਵੀ ਹੋਵੇ, ਜਾਪਦਾ ਇਸ ਤਰ੍ਹਾਂ ਹੈ ਜਿਵੇਂ ਚਮਕੌਰ ਦੇ ਸ਼ਹੀਦਾਂ ਦੀਆਂ ਰੂਹਾਂ ਮੌਜੂਦਾ ਹਾਲਤ 'ਤੇ ਇੰਝ ਕਹਿ ਰਹੀਆਂ ਹੋਣ : "ਅਬ ਇਤਨਾ ਸ਼ੋਰ ਹੈ ਕੁਛ ਭੀ ਸਮਝ ਨਹੀਂ ਆਤਾ,
ਵੋ ਦਿਨ ਭੀ ਥੇ ਕਿ ਸਿਤਾਰੋਂ ਸੇ ਬਾਤ ਕੀ ਹਮਨੇ। "

## ਫੇਸਬੁੱਕ ਦੇ ਦਫਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਨਿਊਯਾਰਕ/ਬਿਊਰੋ ਨਿਊਜ਼ :** ਬੰਬ ਧਮਾਕੇ ਦੀ ਧਮਕੀ ਦੇ ਮੱਦੇਨਜ਼ਰ ਫੇਸਬੁੱਕ ਦੇ ਮੇਨਲੋ ਪਾਰਕ ਦਫਤਰ ਦੇ ਕੰਪਲੈਕਸ ਵਿਚ ਇਕ ਇਮਾਰਤ ਨੂੰ ਖਾਲੀ ਕਰਵਾ ਲਿਆ ਗਿਆ ਹੈ। ਇਸ ਧਮਕੀ ਤੋਂ ਬਾਅਦ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।ਇਹ ਧਮਕੀ ਨਿਊਯਾਰਕ ਪੁਲਿਸ ਡਿਪਾਰਟਮੈਂਟ ਦੇ ਕ੍ਰਾਈਮ ਸਟਾਫਰਸ ਯੂਨਿਟ ਨੂੰ ਦਿੱਤੀ ਗਈ, ਜਿਸ ਨੇ ਇਥੋਂ ਦੇ ਸਥਾਨਕ ਅਧਿਕਾਰੀਆਂ ਨੂੰ ਚੌਕਸ ਕੀਤਾ।

## ਚੀਨੀ ਫੌਜੀਆਂ ਨੇ ਪਾਇਆ ਸਿੱਖ ਰੈਜੀਮੈਂਟ ਦੇ ਜਵਾਨਾਂ ਨਾਲ ਭੰਗੜਾ

**ਚੇਂਗਡੂ(ਚੀਨ)/ਬਿਊਰੋ ਨਿਊਜ਼ :** ਸਿੱਖ ਰੈਜੀਮੈਂਟ ਨੇ ਜਿਥੇ ਚੀਨੀ ਫ਼ੌਜੀਆਂ ਨਾਲ ਅਭਿਆਸ ਕੀਤਾ, ਉਥੇ ਭੰਗੜੇ ਵੀ ਪਾਏ ਤੇ ਚੀਨੀ ਫ਼ੌਜੀਆਂ ਨਾਲ ਉਥੋਂ ਦਾ ਰਵਾਇਤੀ ਨਾਚ ਵੀ ਕੀਤਾ। ਦੱਸ ਦੇਈਏ ਕਿ ਸਿਨੋ-ਇੰਡੀਅਨ ਸੰਯੁਕਤ ਜੰਗੀ ਅਭਿਆਸ ਦਾ 7ਵਾਂ ਪੜਾਅ ਚੀਨ ਦੇ ਚੇਂਗਡੂ ਵਿਚ ਕੀਤਾ ਜਾ ਰਿਹਾ ਹੈ, ਜਿਥੇ ਸਿੱਖ ਰੈਜੀਮੈਂਟ ਚੀਨੀ ਫ਼ੌਜ ਨਾਲ ਸਾਂਝੇ ਅਭਿਆਸ ਕਰ ਰਹੀ ਹੈ। ਇਹ ਅਭਿਆਸ 23 ਦਸੰਬਰ ਤਕ ਚੱਲਣਗੇ।

## ਸਰਕਾਰ ਲਾਏਗੀ ਮਹਿੰਗੇ ਵਿਆਹਾਂ 'ਤੇ ਰੋਕ

**ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਰਕਾਰ ਜਲਦੀ ਹੀ ਮਹਿੰਗੇ ਵਿਆਹਾਂ ਉਤੇ ਰੋਕ ਲਗਾ ਸਕਦੀ ਹੈ। ਟਾਈਮਜ਼ ਆਫ ਇੰਡੀਆ ਦੀ ਰਿਪੋਰਟ ਦੇ ਮੁਤਾਬਿਕ, 'ਦਿੱਲੀ ਦੇ ਮੁੱਖ ਸਕੱਤਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਰਕਾਰ ਮਹਿਮਾਨਾਂ ਦੀ ਗਿਣਤੀ ਨੂੰ ਸੀਮਤ ਕਰਨ ਅਤੇ ਬਜਟ ਰੋਕਣ ਲਈ ਮਹਿਮਾਨਾਂ ਦੀ ਗਿਣਤੀ ਉਤੇ ਰੋਕ ਲਗਾਉਣ ਦਾ ਨਿਯਮ ਬਣਾਵੇਗੀ।

## ਵਿਜੇ ਮਾਲਿਆ ਨੂੰ ਭਾਰਤ ਹਵਾਲੇ ਕੀਤਾ ਜਾਵੇਗਾ

**ਲੰਡਨ/ਬਿਊਰੋ ਨਿਊਜ਼ :** ਬ੍ਰਿਟੇਨ ਦੀ ਅਦਾਲਤ ਨੇ ਵਿਜੇ



ਮਾਲਿਆ ਨੂੰ ਭਾਰਤ ਹਵਾਲੇ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। 9 ਹਜ਼ਾਰ ਕਰੋੜ ਰੁਪਏ ਦੇ ਭਾਰਤੀ ਬੈਂਕਿੰਗ ਘੁਟਾਲੇ ਨਾਲ ਸਬੰਧਤ ਮਾਮਲੇ 'ਚ ਇਹ ਬਹੁਤ ਵੱਡੀ ਕਾਰਵਾਈ ਹੈ। ਵਿਜੇ ਮਾਲਿਆ ਨੂੰ ਹਵਾਲਗੀ ਸੰਧੀ ਰਾਹੀਂ ਭਾਰਤ ਲਿਆਂਦਾ ਜਾਵੇਗਾ। ਭਾਰਤ ਦੀ ਟੀਮ ਪਹਿਲਾਂ ਹੀ ਨਵੀਂ ਦਿੱਲੀ ਤੋਂ ਲੰਦਨ ਪੁੱਜ ਚੁੱਕੀ ਹੈ।

## ਘਾਨਾ ਦੀ 'ਵਰਸਿਟੀ 'ਚੋਂ ਮਹਾਤਮਾ ਗਾਂਧੀ ਦੀ ਮੂਰਤੀ ਹਟਾਈ

**ਘਾਨਾ(ਦੱਖਣੀ ਅਫਰੀਕਾ)/ਬਿਊਰੋ ਨਿਊਜ਼ :** ਅਫ਼ਰੀਕੀ ਦੇਸ਼ ਘਾਨਾ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਵਿਰੋਧ ਤੋਂ ਬਾਅਦ ਮੋਹਨ ਦਾਸ ਕਰਮ ਚੰਦ ਗਾਂਧੀ ਦੀ



ਮੂਰਤੀ ਨੂੰ ਹਟਾ ਦਿੱਤਾ ਗਿਆ ਹੈ। ਇੱਥੇ ਇਸ ਕਥਿਤ "ਬਾਪੂ" ਦੀ ਇਕ ਨਸਲਭੇਦੀ ਟਿੱਪਣੀ ਨੂੰ ਲੈ ਕੇ ਲਗਾਤਾਰ ਵਿਰੋਧ ਹੋ ਰਿਹਾ ਸੀ ਅਤੇ ਅੰਤ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਮੂਰਤੀ ਨੂੰ ਹਟਾਉਣਾ ਹੀ ਪਿਆ। ਜਾਣਕਾਰੀ ਹੈ ਕਿ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਦੇ ਪ੍ਰਤੀਕ ਦੇ ਤੌਰ 'ਤੇ ਜੂਨ-2016 'ਚ ਘਾਨਾ ਯੂਨੀਵਰਸਿਟੀ 'ਚ ਕਥਿਤ ਅਹਿੰਸਾ ਅਤੇ ਸ਼ਾਂਤੀ ਦੇ ਪੁਜਾਰੀ ਗਾਂਧੀ ਦੀ ਮੂਰਤੀ ਦਾ ਉਦਘਾਟਨ ਕੀਤਾ ਸੀ। ਇਸ ਦੇ ਕੁਝ ਸਮੇਂ ਬਾਅਦ ਹੀ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੇ ਇਸ ਨੂੰ ਹਟਾਉਣ ਲਈ ਪਟੀਸ਼ਨ ਲਾ ਦਿੱਤੀ ਸੀ। ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਅਫ਼ਰੀਕੀਆਂ ਨੂੰ ਲੈ ਕੇ ਗਾਂਧੀ ਦੇ ਵਿਚਾਰ ਨਸਲ-ਭੇਦ ਸਨ। ਪ੍ਰੋਫੈਸਰ ਨੇ ਗਾਂਧੀ ਦੁਆਰਾ ਲਿਖੀ ਉਸ ਲਾਈਨ ਦਾ ਜ਼ਿਕਰ ਕਰਦੇ ਹੋਏ ਦੱਸਿਆ ਸੀ ਕਿ ਉਸ ਨੇ ਦਾਅਵਾ ਕੀਤਾ ਸੀ ਕਿ ਕਾਲੇ ਅਫ਼ਰੀਕੀਆਂ ਦੀ ਤੁਲਨਾ 'ਚ ਭਾਰਤੀ ਜ਼ਿਆਦਾ ਚੰਗੇ ਹਨ।

## ਖਾੜੀ ਦੇਸ਼ਾਂ 'ਚ ਪਿਛਲੇ 4 ਸਾਲਾਂ ਦੌਰਾਨ 28,523 ਭਾਰਤੀ ਮਰੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪਿਛਲੇ ਚਾਰ ਸਾਲਾਂ ਦੌਰਾਨ ਯੂਨਾਈਟੇਡ ਅਰਬ ਅਮੀਰਾਤ, ਬਹਿਰੀਨ, ਕੁਵੈਤ, ਓਮਾਨ, ਕਤਰ ਅਤੇ ਸਾਊਦੀ ਅਰਬ 'ਚ ਕੁੱਲ 28,523 ਭਾਰਤੀਆਂ ਦੀ ਮੌਤ ਹੋਈ ਹੈ। ਸਭ ਤੋਂ ਵੱਧ ਮੌਤਾਂ ਦੀ ਗਿਣਤੀ ਸਾਊਦੀ ਅਰਬ ਵਿਚ ਸਾਲ 2014-2018 ਦੌਰਾਨ ਦਰਜ ਕੀਤੀ ਗਈ, ਜੋ ਕਿ 12,828 ਮੌਤਾਂ ਹਨ। ਯੂਨਾਈਟੇਡ ਅਰਬ ਅਮੀਰਾਤ 'ਚ ਮੌਤਾਂ ਦਾ ਅੰਕੜਾ 7,877 ਹੈ। ਭਾਰਤ ਦੇ ਵਿਦੇਸ਼ ਰਾਜ ਮੰਤਰੀ ਵੀਕੇ ਸਿੰਘ ਨੇ ਇਕ ਸਵਾਲ ਦੇ ਜਵਾਬ ਵਿਚ ਲੋਕ ਸਭਾ 'ਚ ਇਸ ਗੱਲ ਦਾ ਖੁਲਾਸਾ ਕੀਤਾ ਹੈ।

# ਸਿਆਟਲ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਸਕੂਲੀ ਬੱਚਿਆਂ ਵਲੋਂ ਪ੍ਰੋਗਰਾਮ

**ਸਿਆਟਲ /ਗੁਰਚਰਨ ਸਿੰਘ ਢਿੱਲੋਂ :** ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸੱਚਾ ਮਾਰਗ ਐਬਰਨ ਦੇ ਸਕੂਲੀ ਬੱਚਿਆਂ ਨੇ ਸ਼ਬਦ ਗਾਇਨ, ਭਾਸ਼ਣ ਅਤੇ ਕਵਿਤਾਵਾਂ ਸੁਣਾ ਕੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਸਕੂਲ ਦੇ ਪ੍ਰਿੰਸੀਪਲ ਜੀਨਾ ਸਿੰਘ, ਸਿਮਰਨ ਕੌਰ ਚੀਮਾ ਅਤੇ ਕਿਰਨਦੀਪ ਕੌਰ ਤੇ ਸਟਾਫ਼ ਦੀ ਅਗਵਾਈ ਹੇਠ ਪਲਕਇੰਦਰ ਕੌਰ ਸੰਧੂ, ਵਾਰਿਸਇੰਦਰ ਸਿੰਘ, ਆਦਰਸ਼ਪ੍ਰੀਤ ਕੌਰ, ਚੈਤਨ ਸਿੰਘ, ਸਿਮਰ ਕੌਰ ਸਮੇਤ ਕਈ ਬੱਚਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਵੱਖ ਵੱਖ ਮੁੱਦਿਆਂ ਉਤੇ ਭਾਸ਼ਣ, ਕਵਿਤਾਵਾਂ ਅਤੇ ਸ਼ਬਦ ਗਾਇਨ ਕਰਕੇ ਭਰੇ ਹਾਲ ਵਿਚ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਰਾਜਬੀਰ ਸਿੰਘ ਸੰਧੂ, ਹਰਸ਼ਿੰਦਰ ਸਿੰਘ ਸੰਧੂ, ਅਮਰਪਾਲ ਸਿੰਘ



ਕਾਹਲੋਂ, ਸਤਵਿੰਦਰ ਸਿੰਘ ਸੰਧੂ, ਗੁਲਜਾਰ ਸਿੰਘ ਚਾਟੀਵਿੰਡ ਸਮੇਤ ਮਾਣਮੱਤੀਆਂ ਸ਼ਖਸੀਅਤਾਂ ਨੇ ਬੱਚਿਆਂ ਦੀ ਹੌਂਸਲਾ ਅਫ਼ਜਾਈ ਕੀਤੀ ਅਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

## ਸੈਨੇਟ ਚੋਣ ਲੜ ਰਹੀ ਭਾਰਤੀ ਔਰਤ ਵਿਰੁੱਧ ਫੌਜਦਾਰੀ ਕੇਸ ਦਾਇਰ

**ਮਿਸ਼ੀਗਨ/ਹੁਸਨ ਲੜੋਆ ਬੰਗਾ :** ਮਿਸ਼ੀਗਨ ਸਟੇਟ ਤੋਂ ਸੈਨੇਟ ਸੀਟ ਲਈ ਚੋਣ ਲੜ ਰਹੀ ਭਾਰਤੀ ਔਰਤ ਵਿਰੁੱਧ ਐਨ ਆਰਬੋਰ ਦੀ 15ਵੀਂ ਜਿਲ੍ਹਾ ਅਦਾਲਤ



ਵਿਚ ਫੌਜਦਾਰੀ ਮਾਮਲਾ ਦਾਇਰ ਕੀਤਾ ਗਿਆ ਹੈ। ਅਨੂਜਾ ਰਾਜੇਂਦਰਾ ਨਾਮੀ ਇਸ ਔਰਤ ਉਪਰ ਦੋਸ਼ ਹੈ ਕਿ ਉਸ ਨੇ ਆਪਣੀ ਚੋਣ ਮੁਹਿੰਮ ਦੌਰਾਨ ਝੂਠ ਬੋਲ ਕੇ ਆਪਣੇ ਆਪ ਨੂੰ ਮੌਜੂਦਾ ਅਹੁਦੇਦਾਰ ਵਜੋਂ ਪੇਸ਼ ਕੀਤਾ। ਬਾਲੀਫਿਟ ਦੀ ਸੀ.ਈ.ਓ ਅਨੂਜਾ ਰਾਜੇਂਦਰਾ ਅਗਸਤ ਵਿਚ ਮੁਢਲੀ ਚੋਣ ਹਾਰ ਗਈ ਸੀ। ਉਸ ਉਪਰ ਲਾਏ ਦੋਸ਼ ਭਾਵੇਂ ਜਿਆਦਾ ਸੰਗੀਨ ਨਹੀਂ ਹਨ ਪਰ ਫਿਰ ਵੀ ਉਸ ਨੂੰ 90 ਦਿਨਾਂ ਦੀ ਜੇਲ੍ਹ ਤੇ 500 ਡਾਲਰ ਜੁਰਮਾਨਾ ਹੋ ਸਕਦਾ ਹੈ। ਮਾਮਲੇ ਦੀ ਸੁਣਾਈ ਅਗਲੇ ਸਾਲ 10 ਜਨਵਰੀ ਨੂੰ ਹੋਵੇਗੀ। ਅਮੈਰੀਕਨ ਸਿਵਲ ਲਿਬਰਟੀਜ਼ ਯੂਨੀਅਨ ਉਸ ਦੇ ਕੇਸ ਦੀ ਪੈਰਵਾਈ ਕਰ ਰਹੀ ਹੈ। ਸਿਵਲ ਲਿਬਰਟੀਜ਼ ਯੂਨੀਅਨ ਨੇ ਰਾਜੇਂਦਰਾ ਦੇ ਭਾਸ਼ਣ ਦੀ ਤੁਲਨਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਸ਼ਣ ਨਾਲ ਕੀਤੀ ਹੈ ਜਿਹਨਾਂ ਨੇ ਆਪਣੇ ਬਿਆਨਾਂ ਵਿਚ ਨਸਲੀ ਟਿੱਪਣੀਆਂ ਕੀਤੀਆਂ ਸਨ ਤੇ ਹਿੰਸਾ ਲਈ ਉਕਸਾਇਆ ਸੀ ਪਰ ਉਨ੍ਹਾਂ ਵਿਰੁੱਧ ਫੌਜਦਾਰੀ ਮਾਮਲਾ ਦਰਜ ਨਹੀਂ ਕੀਤਾ ਗਿਆ ਸੀ।

## ਕੈਲੀਫੋਰਨੀਆ ਦੇ ਸਿੱਖਾਂ ਦਾ ਵਫ਼ਦ ਤਖਤ ਸ੍ਰੀ ਕੇਸਗੜ ਸਾਹਿਬ ਪਹੁੰਚਿਆ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਕੈਲੀਫੋਰਨੀਆ ਤੋਂ ਵਿਧਾਨਕਾਰ ਐੱਸ ਕਾਲੜਾ ਦੀ ਅਗਵਾਈ ਹੇਠ ਵਿਧਾਨਕਾਰਾਂ ਅਤੇ ਪਰਵਾਸੀ ਭਾਰਤੀਆਂ ਦਾ 14 ਮੈਂਬਰੀ ਵਫ਼ਦ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਨਤਮਸਤਕ ਹੋਇਆ ਹੈ। ਇਸ ਵਫ਼ਦ ਨੂੰ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ 'ਜੀ ਆਇਆਂ ਨੂੰ' ਕਿਹਾ ਤੇ ਸ੍ਰੀ ਆਨੰਦਪੁਰ ਸਾਹਿਬ ਦੇ ਨਾਲ ਨਾਲ ਖਾਲਸਾ ਪੰਥ ਦੀ ਜਨਮ ਭੂਮੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਮਾਤਾ ਨਾਨਕੀ ਨਿਵਾਸ ਵਿਚ ਕਰਵਾਏ ਇੱਕ ਸਮਾਗਮ ਦੌਰਾਨ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਵਫ਼ਦ ਦੇ ਗੁਰੂ ਨਗਰੀ ਪਹੁੰਚਣ ਨਾਲ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ ਤੇ ਰੁਜ਼ਗਾਰ ਦੇ ਮੌਕੇ ਵੀ ਵਧਣਗੇ। ਸ੍ਰੀ ਕਾਲੜਾ ਨੇ ਕਿਹਾ ਕਿ ਉਹ ਭਾਰਤ ਤੇ ਖਾਸ ਕਰਕੇ ਪੰਜਾਬ 'ਚ ਚੱਲ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਆਏ ਹਨ।

# ਵਕੀਲ ਦਲਜੀਤ ਕੌਰ ਨੂੰ ਯੂਕੇ ਸੰਸਦ ਦੇ ਹਾਊਸ ਆਫ ਕਾਮਨਜ਼ 'ਚ ਦਿੱਤਾ ਗਿਆ 'ਕਾਨਫਲੂਅੰਸ ਐਕਸੀਲੈਂਸ ਐਵਾਰਡ'

### *ਵਿਆਹ ਕਰਵਾਕੇ ਭਗੌੜੇ ਹੋਏ ਐਨਆਰਆਈ ਲਾੜਿਆਂ ਖਿਲਾਫ਼ 17 ਸਾਲਾਂ ਤੋਂ ਜੂਝ ਰਹੀ ਇਕੋ-ਇਕ ਭਾਰਤੀ ਵਕੀਲ*

**ਚੰਡੀਗੜ੍ਹ/ਬਿਊਰੋ ਨਿਊਜ਼ :** ਲੰਡਨ ਵਿਖੇ ਬਰਤਾਨੀਆਂ ਦੇ ਉਪਰਲੇ ਸੰਸਦ 'ਹਾਊਸ ਆਫ ਕਾਮਨਜ਼' ਵਿਚ ਇਕ ਵਿਸ਼ੇਸ਼ ਸਨਮਾਨ ਸਮਾਰੋਹ ਦੌਰਾਨ ਉੱਘੀ ਸਮਾਜ ਸੇਵਿਕਾ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਵਕੀਲ ਦਲਜੀਤ ਕੌਰ ਨੂੰ 'ਕਾਨਫਲੂਅੰਸ ਐਕਸੀਲੈਂਸ ਐਵਾਰਡ' ਪ੍ਰਦਾਨ ਕੀਤਾ ਗਿਆ। ਲਾਰਡ ਰਾਜ ਲੂੰਬਾ ਵੱਲੋਂ ਬੈਰੋਨੈਸ ਸੰਦੀਪ ਵਰਮਾ ਤੇ ਨਵਨੀਤ ਢੋਲਕੀਆ ਸਮੇਤ ਉਘੇ ਪ੍ਰਵਾਸੀ ਭਾਰਤੀ ਲੇਖਕ ਫਾਰੂਖ ਧੌਂਦੀ ਅਤੇ ਗੁਜਰਾਤ ਵਿਖੇ ਬਰਤਾਨਵੀ ਉਪ ਹਾਈ ਕਮਿਸ਼ਨਰ ਜ਼ਿਓਫ਼ ਵੇਨ ਦੀ ਹਾਜ਼ਰੀ ਵਿੱਚ ਇਹ ਐਵਾਰਡ ਦਲਜੀਤ ਕੌਰ ਵੱਲੋਂ ਪਿਛਲੇ 17 ਸਾਲਾਂ ਤੋ ਐਨ. ਆਰ.ਆਈ. ਵਿਆਹਾਂ ਦੇ ਮੁੱਦੇ ਨੂੰ ਲੈ ਕੇ ਦੇਸ਼ਾਂ-ਵਿਦੇਸ਼ਾਂ ਵਿਚ ਜਾਗਰੂਕਤਾ ਫੈਲਾਉਣ ਅਤੇ ਪੀੜਤ ਲੜਕੀਆਂ ਦੇ ਹਿੱਤਾਂ ਲਈ ਕੰਮ ਕਰਨ ਬਦਲੇ ਪ੍ਰਦਾਨ ਕੀਤਾ ਗਿਆ। ਆਪਣੀ ਇਸ ਐਵਾਰਡ ਪ੍ਰਾਪਤੀ ਬਾਰੇ ਗੱਲਾਂ ਕਰਦਿਆਂ ਦਲਜੀਤ ਕੌਰ ਨੇ ਦੱਸਿਆ ਕਿ ਪ੍ਰਵਾਸੀ ਲਾੜਿਆਂ ਦੇ ਵਿਆਹਾਂ ਦੇ ਮੁੱਦੇ ਨੂੰ ਲੈ ਕੇ ਸਾਲ 2002 ਵਿਚ ਉਨਾਂ ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜੋ ਕਿ ਮੌਜੂਦਾ ਮੁੱਖ ਮੰਤਰੀ ਵੀ ਹਨ, ਨੂੰ ਵਿਦੇਸ਼ੀ ਲਾੜਿਆਂ ਵਲੋਂ ਸਤਾਈਆਂ ਔਰਤਾਂ ਦੇ ਹੱਕ ਵਿਚ ਇਕ ਯਾਦ ਪੱਤਰ ਦਿੱਤਾ ਸੀ ਜਿਸ ਤੋਂ ਬਾਅਦ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਇਸ ਮੁੱਦੇ ਨੂੰ ਬਹੁਤ ਹੁੰਗਾਰਾ ਮਿਲਿਆ। ਉਪਰੰਤ ਦਲਜੀਤ ਕੌਰ ਨੇ ਇਸ ਮੁੱਦੇ ਨੂੰ ਸਬੰਧਤ ਰਾਜ ਸਰਕਾਰਾਂ, ਕੇਂਦਰ ਸਰਕਾਰ, ਵਿਰੋਧੀ ਪਾਰਟੀਆਂ, ਸੰਸਦ ਮੈਂਬਰਾਂ, ਹਾਈ ਕਮਿਸ਼ਨਾਂ, ਅੰਬੈਸਡਰਾਂ, ਵਿਦੇਸ਼ਾਂ ਵਿਚ ਅਤੇ ਮੀਡੀਆ ਤੇ ਅਦਾਲਤਾਂ ਆਦਿ ਵਿਚ ਚੁੱਕਿਆ। ਇਸ ਦੌਰੇ ਦੌਰਾਨ ਉਨਾਂ ਭਾਰਤੀ ਹਾਈ ਕਮਿਸ਼ਨ, ਉਪ ਹਾਈ ਕਮਿਸ਼ਨਰ, ਹਾਊਸ ਆਫ਼ ਕਾਮਨਜ਼ ਦੇ ਚਾਂਸਲਰ ਸਮੇਤ ਕੰਜ਼ਰਵੇਟਿਵ ਅਤੇ ਲੇਬਰ ਪਾਰਟੀ ਦੇ ਸੰਸਦ ਮੈਂਬਰਾਂ ਨਾਲ ਵੀ 'ਛੁੱਟੀਆਂ ਕੱਟਣ ਲਈ ਵਿਆਹ' ਰਚਾਉਣ ਅਤੇ ਭਾਰਤੀ ਕੁੜੀਆਂ ਨਾਲ ਵਿਆਹ ਦਾ ਧੋਖਾ ਕਰਨ ਵਾਲੇ ਪ੍ਰਵਾਸੀ ਲਾੜਿਆਂ ਖਿਲਾਫ਼ ਸਖਤ ਕਾਰਵਾਈ ਕਰਨ ਦੀ ਮੰਗ ਰੱਖੀ।



ਵਕੀਲ ਦਲਜੀਤ ਕੌਰ ਦਾ ਮੰਨਣਾ ਹੈ ਕਿ ਇਕ ਪਾਸੇ ਵਿਦੇਸ਼ਾਂ ਵਿੱਚ ਵਸਦੇ ਭਾਰਤੀ ਦੁਨੀਆ ਵਿੱਚ ਸਭ ਤੋਂ ਵੱਧ ਮੌਜੂਦ ਹਨ ਅਤੇ 100 ਤੋਂ ਵੱਧ ਮੁਲਕਾਂ ਵਿਚ ਫੈਲੇ ਹੋਏ ਹਨ ਅਤੇ ਦੁਨੀਆ ਨੂੰ ਇਕ 'ਗਲੋਬਲ ਪਿੰਡ' ਵਜੋ ਪ੍ਰਭਾਸ਼ਿਤ ਕੀਤਾ ਜਾਂਦਾ ਹੈ ਤਾਂ ਅਜਿਹੇ ਸਮੇਂ ਸੁਖੀ ਪਰਿਵਾਰ ਵਸਾਉਣ ਪ੍ਰਤੀ ਲੋਕਾਂ ਨੂੰ ਸੁਚੇਤ ਕਰਨਾ ਅਤੇ ਸਮੇਂ ਦਾ ਹਾਣੀ ਬਣਾਉਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਲਾਲਚੀ ਲੋਕ ਭਾਰਤੀ ਕੁੜੀਆਂ ਨੂੰ ਵਿਆਹ ਕਰਾਉਣ ਤੋਂ ਬਾਅਦ ਭਾਰਤ ਵਿਚ ਹੀ ਛੱਡ ਕੇ ਦੂਜੇ ਦੇਸ਼ਾਂ ਦੀਆਂ ਅਦਾਲਤਾਂ ਵਿਚੋਂ ਇਕ ਪਾਸੜ ਤਲਾਕ ਲੈ ਕੇ ਕੁੜੀਆਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਰੁਲਣ ਲਈ ਮਜਬੂਰ ਕਰਦੇ ਰਹਿਣਗੇ। ਇਸ ਤੋਂ ਇਲਾਵਾ ਪ੍ਰਭਾਵਿਤ ਕੁੜੀਆਂ ਦੇ ਮਾਪੇ ਆਰਥਿਕ ਅਤੇ ਸਮਾਜਿਕ ਲੁੱਟ ਖਸੁੱਟ ਦਾ ਸ਼ਿਕਾਰ ਬਣਦੇ ਰਹਿਣਗੇ। ਉਨ੍ਹਾਂ ਦੱਸਿਆ ਕਿ ਉਨਾਂ ਦੀ ਸੰਸਥਾ 'ਬਲੂਮਿੰਗ ਸਮਾਈਲਜ਼ ਫਾਊਂਡੇਸ਼ਨ' ਅਤੇ ਕਾਨੂੰਨੀ ਫ਼ਰਮ 'ਇੰਡੀਅਨ ਲੀਗਲ ਜੰਕਸ਼ਨ' ਵੱਲੋਂ ਆਰੰਭਿਆ 'ਪ੍ਰੀਵੈਡਿੰਗ ਅਤੇ ਪੋਸਟ ਵੈਡਿੰਗ' ਨਾਮੀ ਵਿਸ਼ੇਸ਼ ਮਸ਼ਵਰਾ ਪ੍ਰੋਗਰਾਮ ਕਾਮਯਾਬੀ ਨਾਲ ਚੱਲ ਰਿਹਾ ਹੈ ਜਿਸ ਤੋਂ ਹੁਣ ਤੱਕ ਹਜ਼ਾਰਾਂ ਪਰਿਵਾਰਾਂ ਨੇ ਫਾਇਦਾ ਚੁੱਕਿਆ ਹੈ। ਉਨਾਂ ਕਿਹਾ ਕਿ ਉਹ ਹੁਣ ਤੱਕ ਹਜ਼ਾਰਾਂ ਕੇਸਾਂ ਵਿਚ ਵਿਦੇਸ਼ੀ ਲਾੜਿਆਂ ਵਲੋਂ ਜਿਨ੍ਹਾਂ ਔਰਤਾਂ ਨਾਲ ਧੋਖਾ ਹੋਇਆ ਹੈ, ਨੂੰ ਇਨਸਾਫ ਦੁਆਉਣ ਵਿਚ ਕਾਮਯਾਬ ਹੋਏ ਹਨ। ਉਨਾਂ ਦੀ ਸੰਸਥਾ ਬਲੂਮਿੰਗ ਸਮਾਈਲਜ਼ ਫਾਊਂਡੇਸ਼ਨ 20 ਦੇਸ਼ਾਂ ਵਿੱਚ ਕਾਰਜਸ਼ੀਲ ਹੈ ਅਤੇ ਇੱਥੋਂ ਤੱਕ ਕਿ ਪੰਜਾਬ ਵਸਦੀ ਇੱਕ ਪੀੜਤ ਲੜਕੀ ਨੂੰ ਯੂਕੇ ਵਿੱਚ ਜਾਇਦਾਦ ਦਾ ਹੱਕ ਦੁਆਉਣ ਵਿੱਚ ਵੀ ਕਾਮਯਾਬੀ ਹਾਸਲ ਕੀਤੀ ਹੈ। ਵਕੀਲ ਦਲਜੀਤ ਕੌਰ ਦੀ ਦਲੀਲ ਹੈ ਕਿ ਇਕ ਪਾਸੇ ਭਾਰਤੀ ਖਾਸ ਤੌਰ 'ਤੇ ਪੰਜਾਬੀ ਪਰਿਵਾਰ ਲੱਖਾਂ-ਕਰੋੜਾਂ ਰੁਪਏ ਪਰਿਵਾਰਾਂ ਦੇ ਵਿਆਹਾਂ 'ਤੇ ਖ਼ਰਚਦੇ ਹਨ ਜਦੋਂ ਕਿ ਸਭ ਤੋਂ ਮਹੱਤਵਪੂਰਨ ਵਿਆਹਾਂ ਦੇ ਸਬੰਧ ਨੂੰ ਕਿਸ ਸਿਆਣਪ ਨਾਲ ਨਿਭਾਇਆ ਜਾਵੇ, ਇਸ 'ਤੇ ਜ਼ੋਰ ਦੇਣ ਦੀ ਲੋੜ ਹੈ। ਉਨਾਂ ਕਿਹਾ ਕਿ ਅਜੋਕੇ ਯੁੱਗ ਵਿਚ ਸਾਡੇ ਭਾਰਤੀ ਵਿਦੇਸ਼ਾਂ ਵਿਚ ਦੇਸੀ ਸੱਭਿਆਚਾਰ ਨੂੰ ਲੱਗ ਰਹੇ ਖੋਰੇ ਨਾਲ ਜੂਝ ਰਹੇ ਹਨ। ਇਸ ਲਈ ਦੇਸ਼ ਅੰਦਰ ਅਤੇ ਵਿਦੇਸ਼ਾਂ ਵਿੱਚ ਨਵੀਂ ਪੀੜ੍ਹੀ ਨੂੰ ਪੁਸ਼ਤੈਨੀ ਕਦਰਾਂ ਕੀਮਤਾਂ ਨਾਲ ਜੋੜਦੇ ਹੋਏ ਵਿਆਹ ਬੰਧਨ ਦੇ ਪਵਿੱਤਰ ਰਿਸ਼ਤੇ ਨੂੰ ਮਜ਼ਬੂਤੀ ਨਾਲ ਨਿਭਾਏ ਜਾਣ ਦੀ ਸਿੱਖਿਆ ਪ੍ਰਦਾਨ ਕਰਨਾ ਤੇ ਮਸ਼ਵਰੇ ਦੇਣਾ ਸਮੇਂ ਦੀ ਮੁੱਖ ਲੋੜ ਹੈ।

## ਲੋਕ ਗਾਥਾਵਾਂ ਦੇ ਬਾਦਸ਼ਾਹ ਮਾਣਕ ਨੂੰ ਸਮਰਪਿਤ ਹੋਵੇਗਾ 6 ਜਨਵਰੀ ਦਾ 'ਛਣਕਾਟਾ ਵੰਗਾਂ ਦਾ ਪ੍ਰੋਗਰਾਮ'

### *ਸਮੂਹ ਪੰਜਾਬੀਆਂ ਨੂੰ ਪਰਿਵਾਰਾਂ ਸਮੇਤ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ*

**ਫਰੀਮੌਂਟ/ਬਿਊਰੋ ਨਿਊਜ਼ :** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ (ਇੰਕ) ਵਲੋਂ ਇੱਥੇ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਫਰੀਮੌਂਟ (ਕੈਲੀਫੋਰਨੀਆ) ਵਿਖੇ 6 ਜਨਵਰੀ ਦਿਨ ਐਤਵਾਰ ਨੂੰ ਕਰਵਾਇਆ ਜਾਣ ਵਾਲਾ 6ਵਾਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਸੰਸਥਾ ਦੀ ਪੁਰਾਣੀ ਰਵਾਇਤ ਅਨੁਸਾਰ ਇਸ ਵਾਰ ਨਵੇਂ ਵਰ੍ਹੇ ਨੂੰ 'ਜੀ ਆਇਆਂ ਨੂੰ' ਆਖਦਾ ਲੋਕ ਗਾਥਾਵਾਂ ਦੇ ਬਾਦਸ਼ਾਹ, ਯੁੱਗ ਗਾਇਕ ਮਰਹੂਮ ਜਨਾਬ ਕੁਲਦੀਪ ਮਾਣਕ ਨੂੰ ਸਮਰਪਿਤ ਹੋਵੇਗਾ। ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ ਹੋਈ ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਵਾਲੀ ਮੀਟਿੰਗ ਵਿਚ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਸ. ਇਕਬਾਲ ਸਿੰਘ ਗਾਖਲ, ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਤੇ ਐੱਸ.ਅਸ਼ੋਕ ਭੌਰਾ ਸ਼ਾਮਿਲ ਹੋਏ।

ਮੀਟਿੰਗ ਉਪਰੰਤ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮਾਣ ਵਾਲੀ ਗੱਲ ਇਹ ਹੈ ਕਿ ਜਿੱਥੇ ਇਹ ਪ੍ਰੋਗਰਾਮ ਪੰਜਾਬੀ ਸੱਭਿਆਚਾਰ ਦੀਆਂ ਮੂਲ ਵੰਨ੍ਹਗੀਆਂ ਦੀ ਪੇਸ਼ਕਾਰੀ ਦਾ ਸਬੱਬ ਬਣਦਾ ਹੈ ਉੱਥੇ ਅਮੀਰ ਪੰਜਾਬੀ ਗਾਇਕੀ ਲਈ ਵੀ ਇਕ ਮੰਚ ਸਿਰਜਿਆ ਜਾਂਦਾ ਹੈ ਤੇ ਹਰ ਵਰ੍ਹੇ ਇਸ ਪ੍ਰੋਗਰਾਮ ਦੌਰਾਨ ਕਿਸੇ ਨਾਮੀ ਸਖਸ਼ੀਅਤ ਨੂੰ ਯਾਦ ਕਰਨਾ ਇਸ ਪ੍ਰੋਗਰਾਮ ਦੀ ਮਾਣਮੱਤੀ ਰਵਾਇਤ ਹੈ ਤੇ ਇਸੇ ਰਵਾਇਤ ਅਨੁਸਾਰ ਇਹ ਮੇਲਾ ਲੋਕ ਗਾਥਾਵਾਂ ਦੇ ਬਾਦਸ਼ਾਹ ਜਨਾਬ ਕੁਲਦੀਪ ਮਾਣਕ ਨੂੰ ਸਮਰਪਿਤ ਕੀਤਾ ਜਾਵੇਗਾ। ਦੁਪਹਿਰ 12 ਵਜੇ ਸ਼ੁਰੂ ਹੋਣ ਵਾਲਾ ਇਹ ਪ੍ਰੋਗਰਾਮ ਦੇਰ ਸ਼ਾਮ ਤੱਕ ਚੱਲੇਗਾ ਤੇ ਨਿਵੇਕਲੀ ਕਿਸਮ ਦੀ ਸਟੇਜ, ਲਾਈਟਿੰਗ ਸਿਸਟਮ ਅਤੇ ਵੱਡੀਆਂ ਸਕਰੀਨਾਂ ਇਸ ਪ੍ਰੋਗਰਾਮ ਦਾ ਆਕਰਸ਼ਣ ਵੀ ਬਣੀਆਂ ਰਹਿਣਗੀਆਂ। ਸਮੂਹ ਪ੍ਰਬੰਧਕਾਂ ਵਲੋਂ ਇਸ ਪ੍ਰੋਗਰਾਮ 'ਚ ਪਰਿਵਾਰਾਂ ਸਮੇਤ ਸ਼ਾਮਿਲ ਹੋਣ ਦੀ ਬੇਨਤੀ ਹੈ। ਸਹਾਇਤਾ ਸੰਸਥਾ ਲਈ ਵਿਸ਼ੇਸ਼ ਫੰਡਰੇਜ਼ ਕੀਤਾ ਜਾਵੇਗਾ ਤੇ ਦਾਖਲਾ ਬਿਲਕੁਲ ਮੁਫਤ ਹੋਵੇਗਾ। ਹੋਰ ਜਾਣਕਾਰੀ ਲਈ 510-695-4836 ਜਾਂ 510-512-3401 ਤੇ ਕਾਲ ਕੀਤੀ ਜਾ ਸਕਦੀ ਹੈ।

## 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ 'ਚ ਉੱਘੇ ਲੇਖਕ ਜਗਤਾਰ ਗਿੱਲ ਦਾ ਹੋਵੇਗਾ ਵਿਸ਼ੇਸ਼ ਸਨਮਾਨ

**ਫਰੀਮੌਂਟ/ਬਿਊਰੋ ਨਿਊਜ਼ :** ਮੋਗਾ ਜ਼ਿਲ੍ਹੇ ਦੇ ਪੁਰਾਣੇਵਾਲਾ ਪਿੰਡ ਦੇ ਜੰਮਪਲ ਅਤੇ ਮਰਹੂਮ ਦੀਦਾਰ ਸੰਧੂ ਸਮੇਤ ਕਈ ਉੱਘੇ ਗਾਇਕਾਂ ਦੇ ਨੇੜਲੇ ਮਿੱਤਰ ਰਹੇ ਅਮਰੀਕਾ ਵਸਦੇ ਨਾਮੀ ਲੇਖਕ ਜਗਤਾਰ ਗਿੱਲ ਦਾ '6ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੌਰਾਨ ਵਿਸ਼ੇਸ਼ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਇਕ ਦਹਾਕੇ ਤੋਂ ਅਮਰੀਕਾ ਰਹਿ ਕੇ ਵੀ ਪੰਜਾਬ ਦੀ ਮਿੱਟੀ ਨਾਲ ਜੁੜੇ ਰਹੇ ਇਸ ਲੇਖਕ ਨੇ ਲਗਾਤਾਰ ਪੰਜਾਬੀ ਗਾਇਕੀ ਅਤੇ ਗਾਇਕਾਂ ਦੀਆਂ ਜੀਵਨੀਆਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਸ. ਗਿੱਲ ਦੇ ਲਿਖੇ ਇਸ ਲੋਕ ਸਾਹਿਤ ਦਾ ਸਾਹਿਤਕ-ਸੱਭਿਆਚਾਰਕ ਹਲਕਿਆਂ ਵਿਚ ਅਕਸਰ ਜ਼ਿਕਰ ਹੁੰਦਾ ਰਿਹਾ ਹੈ। ਛਣਕਾਟਾ ਵੰਗਾਂ ਦਾ ਪ੍ਰੋਗਰਾਮ ਦੌਰਾਨ ਜਗਤਾਰ ਗਿੱਲ ਨੂੰ ਯਾਦਗਾਰੀ ਚਿੰਨ੍ਹ ਤੇ ਦੁਸ਼ਾਲਾ ਭੇਟ ਕੀਤਾ ਜਾਵੇਗਾ।



# ਐਤਕੀਂ ਅਕਾਲ ਤਖਤ 'ਤੇ ਪਾਰਟੀ ਦਾ ਸਥਾਪਨਾ ਦਿਵਸ ਮਨਾਉਣ ਦਾ ਹੀਆਂ ਵੀ ਨਹੀਂ ਕਰ ਸਕੇ ਬਾਦਲਕੇ

- ਸੁਖਬੀਰ ਦੀ ਅਗਵਾਈ 'ਚ ਸਿਧਾਂਤਾਂ ਤੋਂ ਡੋਲੀ ਪਾਰਟੀ
- ਬਾਦਲਕਿਆਂ ਨੇ ਪੰਥ ਨੂੰ ਵਿਸਾਰਿਆ : ਭੌਰ
- ਅਕਾਲੀ ਦਲ ਤੇ ਭਾਜਪਾ 'ਚ ਵਧੀਆਂ ਦੂਰੀਆਂ



**ਅੰਮ੍ਰਿਤਸਰ ਤੋਂ ਵਿਸ਼ੇਸ਼ ਰਿਪੋਰਟ**

ਹਰ ਸਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪਾਰਟੀ ਦਾ ਸਥਾਪਨਾ ਦਿਵਸ ਹਰਿਮੰਦਰ ਸਾਹਿਬ ਸਮੂਹ ਵਿਚ ਮਨਾਇਆ ਜਾਂਦਾ ਹੈ। ਪਿਛਲੇ ਵਰੇ ਵਿਧਾਨ ਸਭਾ ਚੋਣਾਂ ਵਿਚ ਹੋਈ ਵੱਡੀ ਹਾਰ ਤੋਂ ਬਾਅਦ ਅਕਾਲੀ ਦਲ ਵੱਲੋਂ ਕਈ ਵਰਿਆਂ ਬਾਅਦ ਪਾਰਟੀ ਦਾ ਸਥਾਪਨਾ ਦਿਵਸ ਮੁੜ ਹਰਿਮੰਦਰ ਸਾਹਿਬ ਸਮੂਹ ਵਿਚ ਮਨਾਇਆ ਗਿਆ ਸੀ। ਉਸ ਮੌਕੇ ਅਕਾਲੀ ਦਲ ਵੱਲੋਂ ਪਾਰਟੀ ਦਾ ਦਫ਼ਤਰ ਮੁੜ ਅੰਮ੍ਰਿਤਸਰ ਵਿਚ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਵਰੇ ਅਕਾਲੀ ਦਲ ਆਪਣਾ ਸਥਾਪਨਾ ਦਿਵਸ ਹਰਿਮੰਦਰ ਸਾਹਿਬ ਸਮੂਹ ਵਿਚ ਮਨਾਉਣਾ ਭੁੱਲ ਗਿਆ ਤੇ ਇਹ ਸਥਾਪਨਾ ਦਿਵਸ ਵਿਧਾਨ ਸਭਾ ਹਲਕਿਆਂ ਵਿਚ ਮਨਾਇਆ ਗਿਆ। ਅੰਮ੍ਰਿਤਸਰ ਜ਼ਿਲੇ ਵਿਚ ਅਕਾਲੀ ਦਲ ਦੇ ਸਕੱਤਰ ਜਨਰਲ ਬਿਕਰਮ ਮਜੀਠੀਆ ਵੱਲੋਂ ਆਪਣੇ ਹਲਕੇ ਮਜੀਠਾ ਅਧੀਨ ਆਉਂਦੇ ਕਸਬਾ ਕੱਥੂਨੰਗਲ ਸਥਿਤ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਜੀ ਵਿਖੇ ਸਮਾਗਮ ਕਰਾਇਆ ਗਿਆ, ਜਦੋਂਕਿ ਜ਼ਿਲਾ ਯੂਨਿਟ ਵੱਲੋਂ ਸਥਾਪਨਾ ਦਿਵਸ ਸਬੰਧੀ ਅਖੰਡ ਪਾਠ ਇੱਥੇ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਪ੍ਰਕਾਸ਼ ਕਰਾਇਆ ਗਿਆ।

### ਅਕਾਲੀ ਆਗੂਆਂ ਦੀ ਕਹਿਣੀ ਤੇ ਕਰਨੀ ਵਿਚ ਫ਼ਰਕ-ਭੌਰ

ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਕਹਿਣੀ ਤੇ ਕਰਨੀ ਵਿਚ ਫਰਕ ਹੈ।

ਪਾਰਟੀ ਦਾ ਸਥਾਪਨਾ ਦਿਵਸ ਅਕਾਲ ਤਖ਼ਤ 'ਤੇ ਮਨਾਉਣ ਦੇ ਐਲਾਨ ਮਗਰੋਂ ਇਸ ਤੋਂ ਭੱਜਣਾ ਨਹੀਂ ਚਾਹੀਦਾ ਸੀ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਉਸ ਮੰਤਵ ਨੂੰ ਭੁੱਲ ਚੁੱਕੇ ਹਨ, ਜਿਸ ਨੂੰ ਲੈ ਕੇ ਇਸ ਦੀ ਸਥਾਪਨਾ ਕੀਤੀ ਗਈ ਸੀ।

**ਸ਼੍ਰੋਮਣੀ ਅਕਾਲੀ ਦਲ ਦੇ ਉਤਰਾਅ-ਚੜ੍ਹਾਅ :** ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਦੀ ਭਰੋਸੇਯੋਗਤਾ ਨੂੰ ਲੈ ਕੇ ਇਤਿਹਾਸ ਦੇ ਸਭ ਤੋਂ ਅਜਮਾਇਸ਼ੀ ਦੌਰ ਵਿਚੋਂ ਗੁਜ਼ਰ ਰਿਹਾ ਹੈ। ਹਾਲਾਂਕਿ ਇਤਿਹਾਸ ਵਿਚ ਪਹਿਲਾਂ ਵੀ ਅਕਾਲੀ ਲੀਡਰਸ਼ਿਪ ਬਹੁਤ ਵਾਰੀ ਅਜਿਹੇ ਸੰਕਟ ਵਿਚੋਂ ਲੰਘੀ ਹੈ ਪਰ ਪਾਰਟੀ ਅੰਦਰਲੀ ਜਮਹੂਰੀਅਤ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚ ਦ੍ਰਿੜ ਆਗੂਆਂ ਕਾਰਨ ਅਕਾਲੀ ਦਲ ਹਰੇਕ ਮੁਸੀਬਤ ਵਿਚੋਂ 'ਕੁਠਾਲੀ ਵਿਚੋਂ ਕੁੰਦਨ ਵਾਂਗ ਚਮਕ ਕੇ' ਨਿਕਲਦਾ ਰਿਹਾ ਹੈ। ਸੰਨ 1961 ਵਿਚ ਪੰਜਾਬੀ ਸੂਬੇ ਲਈ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਵਲੋਂ ਰੱਖਿਆ ਮਰਨ ਵਰਤ ਵਿਚਾਲੇ ਛੱਡ ਦੇਣ ਤੋਂ ਬਾਅਦ ਉਨਾਂ ਦੀ ਵਿਰੋਧਤਾ ਵਧਣ ਲੱਗੀ ਤਾਂ ਸੰਤ ਫ਼ਤਹਿ ਸਿੰਘ ਨੇ ਵੱਖਰਾ ਅਕਾਲੀ ਦਲ ਬਣਾ ਲਿਆ। ਸੰਨ 1965 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸੰਤ ਫ਼ਤਿਹ ਸਿੰਘ ਦੇ ਧੜੇ ਨੂੰ ਭਾਰੀ ਬਹੁਮਤ ਮਿਲਣ ਤੋਂ ਬਾਅਦ ਮਾਸਟਰ ਜੀ ਇਹ ਐਲਾਨ ਕਰਕੇ ਸਿਆਸਤ ਤੋਂ ਲਾਂਭੇ ਹੋ ਗਏ ਕਿ ਕੌਮ ਨੇ ਸੰਤ ਫ਼ਤਹਿ ਸਿੰਘ ਨੂੰ ਆਪਣਾ ਆਗੂ ਪ੍ਰਵਾਨ ਕਰ ਲਿਆ ਹੈ। ਸੰਨ 1972 ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜ਼ਬਰਦਸਤ ਹਾਰ ਹੋਈ ਤਾਂ ਕਈ ਅਕਾਲੀ ਆਗੂ ਇਸ ਹਾਰ ਨੂੰ ਸੰਤ ਫ਼ਤਿਹ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖ ਕੇ ਉਨਾਂ ਤੋਂ ਅਸਤੀਫ਼ੇ ਦੀ ਮੰਗ ਕਰਨ ਲੱਗੇ। ਆਖ਼ਰਕਾਰ ਸੰਤ ਫ਼ਤਹਿ ਸਿੰਘ ਨੂੰ ਪਾਰਟੀ ਦੀ ਭਲਾਈ ਲਈ ਸਿਆਸਤ ਛੱਡਣ ਦਾ ਐਲਾਨ ਕਰਨਾ ਪਿਆ। ਜਥੇਦਾਰ ਮੋਹਨ ਸਿੰਘ ਤੁੜ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਥਾਪਿਆ ਗਿਆ। ਅਕਾਲੀ ਦਲ ਅੰਦਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਬਰਾਬਰ ਧੜਾ ਖੜਾ ਹੋ ਗਿਆ ਤਾਂ ਜਥੇਦਾਰ ਮੋਹਨ ਸਿੰਘ ਤੁੜ ਨੇ ਇਹ ਆਖ ਕੇ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਕਿ ਜੇਕਰ ਮੇਰੇ ਕਾਰਨ ਪੰਥ ਵਿਚ ਫੁੱਟ ਪੈਂਦੀ ਹੈ ਤਾਂ ਮੈਂ ਪ੍ਰਧਾਨਗੀ ਛੱਡਣੀ ਬਿਹਤਰ ਸਮਝਦਾ ਹਾਂ। ਸੰਨ 1986 ਵਿਚ ਬਤੌਰ ਮੁੱਖ ਮੰਤਰੀ ਸ੍ਰੀ ਦਰਬਾਰ ਸਾਹਿਬ ਵਿਚ ਪੁਲਿਸ ਭੇਜਣ ਮਗਰੋਂ ਸ: ਸੁਰਜੀਤ ਸਿੰਘ ਬਰਨਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਲਾਹ ਦਿੱਤਾ ਗਿਆ ਤਾਂ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀਆਂ ਸੰਭਾਵਨਾਵਾਂ ਤੇ ਸਮਰੱਥਾਵਾਂ ਦਾ ਪ੍ਰਗਟਾਵਾ ਕਰਨ ਦਾ ਮੌਕਾ ਮਿਲ ਗਿਆ। ਹਾਲਾਂਕਿ ਇਹ ਉਹ ਦੌਰ ਸੀ ਜਦੋਂ ਇਕੋ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਅੱਧੀ ਦਰਜਨ ਦੇ ਕਰੀਬ ਧੜੇ ਬਣੇ ਹੋਏ ਸਨ। ਸੰਨ 1989 ਦੀਆਂ ਲੋਕ ਸਭਾ ਚੋਣਾਂ ਵਿਚ ਸ: ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਸੰਯੁਕਤ ਨੂੰ ਵੱਡਾ ਬਹੁਮਤ ਮਿਲਿਆ ਪਰ ਉਹ 'ਕਿਰਪਾਨ' ਦੇ ਮੁੱਦੇ 'ਤੇ ਸੰਸਦ ਵਿਚ ਜਾਣੋਂ ਨਾਂਹ ਕਰਕੇ ਖੁੰਝ ਗਏ। ਇਸ ਤਰਾਂ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਉਤਰਾਅ-ਚੜ੍ਹਾਅ ਵਿਚੋਂ ਹੁੰਦਾ ਹੋਇਆ ਸੰਨ 1997 ਵਿਚ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਕਰਕੇ ਪੰਜਾਬ ਵਿਚ ਸਰਕਾਰ ਬਣਾਉਣ ਵਿਚ ਸਫ਼ਲ ਰਿਹਾ। ਉਸ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣ ਕੇ 20ਵੀਂ ਸਦੀ ਦੇ ਸਭ ਤੋਂ ਕੱਦਾਵਾਰ ਸਿੱਖ ਨੇਤਾ ਵਜੋਂ ਸਥਾਪਤ ਹੋਏ।

### ਸੁਖਬੀਰ ਦੀ ਪ੍ਰਧਾਨਗੀ 'ਚ ਪਾਰਟੀ ਸਿਧਾਂਤਾਂ ਤੋਂ ਹੋਈ ਡਾਂਵਾਡੋਲ

31 ਜਨਵਰੀ, 2008 ਨੂੰ ਪਾਰਟੀ ਦੇ 20ਵੇਂ ਪ੍ਰਧਾਨ ਵਜੋਂ ਸ: ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਆਪਣੇ ਪਿਤਾ ਦੀ ਵਿਰਾਸਤ ਦੇ ਰੂਪ ਵਿਚ ਮਿਲ ਗਈ। ਸ: ਸੁਖਬੀਰ ਸਿੰਘ ਬਾਦਲ ਨੇ 'ਮਰਜੀਵੜੇ ਜਥੇਦਾਰਾਂ' ਦੀ ਪਾਰਟੀ ਸਮਝੇ ਜਾਂਦੇ ਅਕਾਲੀ ਦਲ ਨੂੰ ਇਕ ਚੀਫ਼ ਐਗਜੀਕਿਊਟਿਵ ਅਫ਼ਸਰ ਵਾਂਗ ਮਾਈਕਰੋ-ਮੈਨੇਜਮੈਂਟ ਦੁਆਰਾ ਚਲਾਉਣਾ ਸ਼ੁਰੂ ਕੀਤਾ ਅਤੇ ਇਸ ਵਿਚ ਕੁਝ ਵੱਡੀਆਂ ਤੇ ਬੁਨਿਆਦੀ ਤਬਦੀਲੀਆਂ ਕੀਤੀਆਂ। ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਹੋਂਦ ਨੂੰ ਪਹਿਲਾਂ ਸ: ਪ੍ਰਕਾਸ਼ ਸਿੰਘ ਬਾਦਲ ਵਲੋਂ ਸੰਨ 1996 ਦੀ ਮੋਗਾ ਕਾਨਫ਼ਰੰਸ ਦੌਰਾਨ 'ਪੰਜਾਬੀ ਪਾਰਟੀ' ਵਿਚ ਬਦਲ ਦੇਣ ਅਤੇ ਸੁਖਬੀਰ ਸਿੰਘ ਬਾਦਲ ਵਲੋਂ ਗ਼ੈਰ-ਸਿੱਖਾਂ ਨੂੰ ਰਵਾਇਤੀ ਪੰਥਕ ਪਾਰਟੀ ਵਿਚ ਵੱਡੀ ਪੱਧਰ 'ਤੇ ਦਾਖ਼ਲਾ ਦੇਣ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਰਾਜਨੀਤਕ ਘੇਰਾ ਅਤੇ ਸਰੋਕਾਰਾਂ ਦੀ ਵਿਆਪਕਤਾ ਵਿਚ ਵਾਧਾ ਤਾਂ ਹੋਇਆ ਪਰ ਇਸ ਵਲੋਂ ਆਪਣੇ ਪੰਥਕ ਸਰੋਕਾਰਾਂ ਅਤੇ ਰਵਾਇਤੀ ਮੁੱਦਿਆਂ ਤੋਂ ਉੱਕਾ ਹੀ ਮੁੱਖ ਮੋੜ ਲੈਣਾ, ਇਸ ਲਈ ਆਤਮਘਾਤੀ ਸਾਬਤ ਹੋਇਆ। ਭਾਰਤੀ ਜਨਤਾ ਪਾਰਟੀ ਨਾਲ ਸਿਆਸੀ ਗੱਠਜੋੜ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣਾ ਬੁਨਿਆਦੀ ਖ਼ਾਸਾ ਅਤੇ ਵਿਚਾਰਧਾਰਾ ਨੂੰ ਕਾਇਮ ਰੱਖਣ ਦੀ ਬਜਾਇ ਅਜਿਹਾ ਪ੍ਰਭਾਵ ਵਧਦਾ ਗਿਆ ਕਿ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਦੀ ਹੀ ਟੀਮ ਵਜੋਂ ਕੰਮ ਕਰ ਰਿਹਾ ਹੈ। ਸਿੱਟਾ ਇਹ ਨਿਕਲਿਆ ਕਿ 'ਪੰਜਾਬੀ ਸੂਬਾ' ਬਣਨ ਤੋਂ ਬਾਅਦ ਫਰਵਰੀ 2017 ਚੋਣਾਂ ਵਿਚ ਸ: ਸੁਖਬੀਰ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਇਤਿਹਾਸ ਦੀ ਸਭ ਤੋਂ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ। 15 ਸੀਟਾਂ ਤੱਕ ਸੀਮਤ ਹੋ ਗਿਆ ਅਤੇ ਵੋਟ ਪ੍ਰਤੀਸ਼ਤਤਾ ਵੀ 2012 ਦੀਆਂ ਸੂਬਾਈ ਚੋਣਾਂ ਦੇ 34.73 ਫ਼ੀਸਦੀ ਤੋਂ ਘਟ ਕੇ 25.2 ਫ਼ੀਸਦੀ ਰਹਿ ਗਈ। ਅਕਾਲੀ ਦਲ ਲਈ ਇਹ ਚਿੰਤਾ ਦਾ ਸਬੱਬ ਹੈ ਕਿ ਉਸ ਦਾ ਰਵਾਇਤੀ ਸਿੱਖ ਵੋਟ ਬੈਂਕ, ਜੋ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਅਤੇ ਨਵੰਬਰ '84 ਦੇ ਕਤਲੇਆਮ ਤੋਂ ਬਾਅਦ ਕਾਂਗਰਸ ਪ੍ਰਤੀ ਲਕੀਰ ਖਿੱਚਵੀਂ ਨਫ਼ਰਤ ਰੱਖਦਾ ਰਿਹਾ ਹੈ, ਉਹ ਕਾਂਗਰਸ ਵੱਲ ਚਲਾ ਗਿਆ ਹੈ। ਹਾਲਾਂਕਿ 2017 ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਪਲੇਠੀ ਮੀਟਿੰਗ ਵਿਚ ਜਦੋਂ ਕੁਝ ਟਕਸਾਲੀ ਆਗੂਆਂ ਨੇ ਪਾਰਟੀ ਦੀ ਬਿਹਤਰੀ ਲਈ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਮੁੜ ਪਾਰਟੀ ਦੀ ਅਗਵਾਈ ਸੰਭਾਲਣ ਦੀ ਅਪੀਲ ਕੀਤੀ ਤਾਂ ਪਾਰਟੀ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਆਪਣੀ ਅਗਵਾਈ ਦੀ ਸਮਰੱਥਾ ਅਤੇ ਕਮਜ਼ੋਰੀਆਂ ਦੀ ਸਵੈ-ਪੜਚੋਲ ਕਰਨ ਦੀ ਬਜਾਇ ਨਾਰਾਜ਼ ਹੋ ਕੇ ਉੱਠ ਤੁਰੇ ਸਨ। ਸ: ਸੁਖਬੀਰ ਸਿੰਘ ਬਾਦਲ ਦੇ ਅਜਿਹੇ ਰਵੱਈਏ ਕਾਰਨ ਇਹ ਪ੍ਰਭਾਵ ਸਥਾਪਿਤ ਹੋ ਗਿਆ ਕਿ ਅਕਾਲੀ ਦਲ ਦੇ ਪ੍ਰਧਾਨ ਅੰਦਰ ਦੂਜਿਆਂ ਦੀ ਗੱਲ ਸੁਣਨ ਦਾ ਮਾਦਾ ਕਮਜ਼ੋਰ ਹੈ। ਅਜਿਹੇ ਵਿਚ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਨੂੰ ਵੀ ਸੱਟ ਵੱਜੀ ਅਤੇ ਟਕਸਾਲੀ ਤੇ ਕੁਰਬਾਨੀਪ੍ਰਸਤ ਅਕਾਲੀ ਆਗੂ ਇਕ-ਇਕ ਕਰਕੇ ਪੰਥਕ ਸਿਆਸਤ ਵਿਚ ਅਲੱਗ-ਥਲੱਗ ਮਹਿਸੂਸ ਕਰਨ ਲੱਗੇ। ਅਜਿਹੇ ਮਰਹੱਲੇ ਦੌਰਾਨ ਹੀ ਪਹਿਲਾਂ ਸ: ਸੁਖਦੇਵ ਸਿੰਘ ਢੀਂਡਸਾ, ਫਿਰ ਮਾਝੇ ਦੇ ਟਕਸਾਲੀ ਅਕਾਲੀ ਆਗੂ ਸ: ਰਣਜੀਤ ਸਿੰਘ ਬ੍ਰਹਮਪੁਰਾ, ਸ: ਸੇਵਾ ਸਿੰਘ ਸੇਖਵਾਂ ਅਤੇ ਡਾ: ਰਤਨ ਸਿੰਘ ਅਜਨਾਲਾ ਆਦਿ ਨੇ ਪਾਰਟੀ ਅਹੁਦਿਆਂ ਤੋਂ ਅਸਤੀਫ਼ੇ ਦੇ ਦਿੱਤੇ। ਦੂਜੇ ਪਾਸੇ ਵੱਡੇ-ਵੱਡੇ ਪੰਥਕ ਸੰਕਟਾਂ ਤੇ ਮੋਰਚਿਆਂ ਨੂੰ ਫ਼ਤਹਿ ਕਰਨ ਵਾਲੇ ਪੰਥਕ, ਸਮਰਪਿਤ, ਤਿਆਗੀ ਤੇ ਰੌਸ਼ਨ ਦਿਮਾਗ਼ ਰਹੇ ਆਗੂਆਂ ਤੇ ਸੇਵਾਦਾਰਾਂ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਦੇ ਸਾਹਮਣੇ ਅਕਾਲੀ ਦਲ ਦਾ ਮੁੜ ਤੋਂ ਪੰਥਕ ਚਿਹਰਾ ਬਹਾਲ ਕਰਨ ਦੀ ਵੱਡੀ ਚੁਣੌਤੀ ਹੈ।

### ਭਾਜਪਾ ਨੇ ਬਣਾਈ ਅਕਾਲੀ ਦਲ ਤੋਂ ਦੂਰੀ

ਡੂੰਘੇ ਧਾਰਮਿਕ ਤੇ ਰਾਜਸੀ ਸੰਕਟ ਵਿਚ ਫ਼ਸੀ ਅਕਾਲੀ ਲੀਡਰਸ਼ਿਪ ਜਦ ਆਪਣੀ ਗੁਆਚੀ ਪੜਤ ਬਹਾਲ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ ਤਾਂ ਸੱਤਾ ਦੇ 10 ਸਾਲ ਰਾਜ ਭਾਗ ਦਾ ਅਨੰਦ ਮਾਣਦੀ ਰਹੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੇ ਅਕਾਲੀ ਦਲ ਦੇ ਸਮਾਗਮਾਂ ਵਿਚ ਸ਼ਾਮਿਲ ਹੋਣ ਤੇ ਸਾਂਝੇ ਬਿਆਨ ਜਾਰੀ ਕਰਨ ਤੋਂ ਸੰਕੋਚ ਵਰਤਣਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਲੀਡਰਸ਼ਿਪ ਅਕਾਲੀ ਆਗੂਆਂ ਨਾਲ ਸਾਂਝੇ ਬਿਆਨ ਜਾਰੀ ਕਰਨ ਬਾਰੇ ਬੇਹੱਦ ਸੰਕੋਚ ਵਰਤ ਰਹੀ ਹੈ। ਸਗੋਂ ਅਕਾਲੀ ਲੀਡਰਸ਼ਿਪ ਨੂੰ ਦੱਸ ਦਿੱਤਾ ਹੈ ਕਿ ਕਿਸੇ ਵੀ ਸਾਂਝੇ ਬਿਆਨ ਦਾ ਖਰੜਾ ਪ੍ਰਵਾਨਗੀ ਬਿਨਾਂ ਜਾਰੀ ਨਾ ਕੀਤਾ ਜਾਵੇ। ਪ੍ਰਭਾਵ ਜਾ ਰਿਹਾ ਹੈ ਕਿ ਅਕਾਲੀ-ਭਾਜਪਾ ਗਠਜੋੜ ਟੁਟ ਸਕਦਾ ਹੈ।

### *ਆਪਣੀ ਪਾਰਟੀ ਨਾਲ ਕੀਤਾ ਵਾਅਦਾ ਵੀ ਬਾਦਲਕਿਆਂ ਨੇ ਵਿਸਾਰਿਆ*

ਜਨਤਾ ਨਾਲ ਕੀਤੇ ਵਾਅਦੇ ਤਾਂ ਆਪਣੀ ਸਰਕਾਰ ਵੇਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਕੀ ਪੂਰੇ ਕਰਨੇ ਸਨ, ਆਪਣੀ ਹੀ ਪਾਰਟੀ ਨਾਲ ਕੀਤਾ ਵਾਅਦਾ ਵੀ ਪੂਰਾ ਨਹੀਂ ਕੀਤਾ। ਅਸਲ ਵਿੱਚ ਪਾਰਟੀ ਦਾ ਬੀਤੇ ਵਰੇ 14 ਦਸੰਬਰ ਨੂੰ 97ਵਾਂ ਸਥਾਪਨਾ ਦਿਵਸ ਅੰਮ੍ਰਿਤਸਰ ਵਿਖੇ ਮਨਾਉਂਦਿਆਂ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦਾ ਦਫ਼ਤਰ ਅੰਮ੍ਰਿਤਸਰ ਵਿਖੇ ਮੁੜ ਅਰੰਭ ਕਰਨ ਦਾ ਸੰਗਤ ਨਾਲ ਕੀਤਾ ਵਾਅਦਾ ਕੀਤਾ ਸੀ, ਜੋ ਇਕ ਵਰਾ ਬੀਤ ਜਾਣ 'ਤੇ ਵੀ ਵਫ਼ਾ ਨਹੀਂ ਹੋ ਸਕਿਆ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਬੁਨਿਆਦ ਸਾਡੇ ਆਗੂਆਂ ਵਲੋਂ 97 ਸਾਲ ਪਹਿਲਾਂ ਅੰਮ੍ਰਿਤਸਰ ਵਿਖੇ ਰੱਖੀ ਗਈ ਸੀ, ਇਸ ਲਈ ਪਾਰਟੀ ਵਲੋਂ ਅੰਮ੍ਰਿਤਸਰ ਵਿਖੇ ਪਾਰਟੀ ਦਾ ਮੁੜ ਦਫ਼ਤਰ ਖੋਲਿਆ ਜਾਵੇਗਾ ਅਤੇ ਚੰਡੀਗੜ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਅਤੇ ਅਕਾਲੀ ਆਗੂਆਂ ਤੇ ਵਰਕਰਾਂ ਵਲੋਂ ਦੇਸ਼ ਕੌਮ ਲਈ ਕੀਤੀਆਂ ਕੁਰਬਾਨੀਆਂ ਨੂੰ ਦਰਸਾਉਂਦਾ ਅਜਾਇਬ ਘਰ ਸਥਾਪਿਤ ਕੀਤਾ ਜਾਵੇਗਾ। ਇਸ ਲਈ ਉਨਾਂ ਟਕਸਾਲੀ ਅਕਾਲੀ ਪਰਿਵਾਰਾਂ ਨੂੰ ਇਤਿਹਾਸਕ ਤਸਵੀਰਾਂ ਭੇਜਣ ਦੀ ਅਪੀਲ ਵੀ ਕੀਤੀ ਸੀ , ਪਰ ਇਕ ਸਾਲ ਬੀਤ ਜਾਣ 'ਤੇ ਵੀ ਪਾਰਟੀ ਪ੍ਰਧਾਨ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਇਸ ਸਬੰਧੀ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਫਿਲਹਾਲ ਪਾਰਟੀ ਨੂੰ ਅੰਮ੍ਰਿਤਸਰ ਵਿਚ ਦਫ਼ਤਰ ਸਥਾਪਨਾ ਵਾਸਤੇ ਢੁਕਵਾਂ ਸਥਾਨ ਨਹੀਂ ਮਿਲਿਆ ਹੈ।

## ਬਰਗਾੜੀ ਇਨਸਾਫ ਮੋਰਚੇ ਦੀਆਂ ਪ੍ਰਾਪਤੀਆਂ ਅਤੇ ਪਹਿਲੇ ਪੜਾਅ ਦੀ ਸਮਾਪਤੀ ਸੰਤੋਖਜਨਕ : ਅਕਾਲੀ ਦਲ ਅੰਮ੍ਰਿਤਸਰ

**ਟੋਰਾਂਟੋ/ਬਿਊਰੋ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਨੇਡਾ) ਵੱਲੋਂ ਕਿਹਾ ਗਿਆ ਹੈ ਕਿ ਸਮੁੱਚੀ ਜਥੇਬੰਦੀ, ਜਥੇਦਾਰ ਧਿਆਨ ਸਿੰਘ ਮੰਡ ਅਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਬਰਗਾੜੀ ਇਨਸਾਫ ਮੋਰਚੇ ਦਾ ਪਹਿਲਾ ਪੜਾਅ ਪੂਰੀ ਸਿਦਕਦਿਲੀ ਤੇ ਸੂਝਬੂਝ ਨਾਲ ਪੂਰਾ ਕਰਨ ਉਤੇ ਧੰਨਵਾਦ ਕਰਦੀ ਹੈ ਤੇ ਅੱਗੇ ਲਈ ਵੀ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਵਚਨਵੱਧ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹੀ ਭਰੇਗਾ ਕਿ ਬਰਗਾੜੀ ਇਨਸਾਫ ਮੋਰਚਾ ਕਿੰਨੀਆਂ ਵੱਡੀਆਂ ਪ੍ਰਾਪਤੀਆਂ ਦਰਜ ਕਰਵਾ ਗਿਆ ਹੈ। ਆਖਰੀ ਦਿਨ ਜਥੇਦਾਰ ਸਾਹਿਬਾਨਾਂ ਵਲੋਂ ਆਪਣੀ ਤਕਰੀਰ ਵਿੱਚ ਖਾਲਸਾ ਪੰਥ ਦੇ ਰਾਜ ਭਾਗ ਭਾਵ ਖਾਲਿਸਤਾਨ ਦੇ ਸੰਕੇਤ ਦੇ ਕੇ ਇਸ ਮੋਰਚੇ ਦੇ ਅਗਲੇ ਪੜਾਅ ਨੂੰ ਹੋਰ ਵੀ ਅਹਿਮੀਅਤ ਦੇ ਦਿੱਤੀ ਹੈ। ਨਿਰਸੰਦੇਹ, ਸ੍ਰੀ ਅਕਾਲ ਤਖਤ ਸਾਹਿਬ ਸਿੱਖ ਪੰਥ ਦੇ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਉਜਾਗਰ ਕਰਦਾ ਹੈ, ਜਿਸ ਤੋਂ ਸ਼ਕਤੀ ਲੈ ਕੇ ਸਿੱਖਾਂ ਨੇ ਜ਼ੁਲਮ ਦਾ ਨਾਸ਼ ਕਰਦਿਆਂ ਆਪਣਾ ਰਾਜਭਾਗ ਸਥਾਪਤ ਕਰਨਾ ਹੈ।

ਇਸ ਕਰਕੇ ਆਉਣ ਵਾਲੇ ਦਿਨਾਂ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਕੈਨੇਡਾ ਇਕਾਈ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਅਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੌਮੀ ਸੰਘਰਸ਼ ਨੂੰ ਅੱਗੇ ਤੋਰਨ ਵਿੱਚ ਯਤਨਸ਼ੀਲ ਰਹੇਗੀ।

ਉਨ੍ਹਾਂ ਕਿਹਾ ਕਿ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਦੋਸ਼ੀਆਂ ਨੂੰ ਬਾਦਲ ਸਰਕਾਰ ਦੀ ਪੁਸ਼ਤਪਨਾਹੀ ਚੋਂ ਬੇਨਕਾਬ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਗੈਰਹਾਜ਼ਰੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਸਾਥੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਅਤੇ ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਬਰਗਾੜੀ ਇਨਸਾਫ ਮੋਰਚਾ 1 ਜੂਨ 2018 ਨੂੰ ਬਰਗਾੜੀ ਦੀ ਦਾਣਾ ਮੰਡੀ ਵਿੱਚ ਲਾਇਆ ਗਿਆ ਸੀ। ਇਸ ਦਾ ਪਹਿਲਾਂ ਪੜਾਅ ਸਮਾਪਤ ਕਰਕੇ, ਇਸ ਦੀ ਦਿਸ਼ਾ ਅਤੇ ਦਸ਼ਾ ਬਦਲਣ ਲਈ ਅਗਲੇ ਪੜਾਅ ਦਾ ਜਲਦੀ ਐਲਾਨ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਨੇਡਾ) ਨੇ 6 ਮਹੀਨੇ ਲਗਾਤਾਰ ਇਸ ਮੋਰਚੇ ਦਾ ਗਹਿ ਗੱਡਵਾਂ ਸਮਰਥਨ ਕੀਤਾ ਹੈ ਤੇ ਇਸ ਮੋਰਚੇ ਦੀਆਂ ਪ੍ਰਾਪਤੀਆਂ ਤੇ ਮੁਕੰਮਲ ਤੌਰ ਉਤੇ ਸੰਤੁਸ਼ਟੀ ਪ੍ਰਗਟ ਕਰਦਾ ਹੈ। ਇਨਸਾਫ ਮੋਰਚੇ ਦੀ ਸਮਾਪਤੀ ਦੇ ਐਲਾਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਨੇਡਾ) ਦੇ ਮੈਂਬਰਾਂ ਵਿੱਚ ਵੀ ਚਿੰਤਾ ਪੈਦਾ ਹੋ ਗਈ ਸੀ। ਇਸ ਪ੍ਰਥਾਏ ਸਮੂਹ ਮੈਂਬਰਾਂ ਦੀ ਲਗਤਾਰ ਤਿੰਨ ਦਿਨ ਟੈਲੀਕਾਨਫਰੰਸ ਚੱਲੀ, ਜਿਸ ਵਿੱਚ ਮੋਰਚੇ ਨਾਲ ਜੁੜੀ ਲੀਡਰਸ਼ਿਪ ਨਾਲ ਦੀਰਘ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੋਰਚੇ ਉਪਰ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਨੇ ਮਜ਼ਬੂਤ ਪਕੜ ਬਣਾ ਕੇ ਰੱਖੀ, ਜਿਸ ਸਦਕਾ ਇਸ ਮੋਰਚੇ ਨੂੰ ਢਾਹ ਲਾਉਣ ਵਾਲੀਆਂ ਸਮੂਹ ਸ਼ਕਤੀਆਂ ਨੇਸਤੋ-ਨਾਬੂਦ ਹੋ ਗਈਆਂ, ਸਗੋਂ ਮੋਰਚਾ ਆਪਣੀ ਰਫਤਾਰ ਨਾਲ ਅੱਗੇ ਵੱਧਦਾ ਗਿਆ। ਅਖੀਰ ਸਰਕਾਰ ਨੇ ਮੋਰਚੇ ਵਾਲੇ ਸਥਾਨ ਉਤੇ ਆ ਕੇ ਸ਼ਰਤਾਂ ਪ੍ਰਵਾਨ ਕਰਨ ਦੀ ਗੱਲ ਆਖੀ। ਇਸ ਕਰਕੇ ਅਕਾਲੀ ਦਲ ਅੰਮ੍ਰਿਤਸਰ (ਕੈਨੇਡਾ) ਦੀ ਪੂਰੀ ਜਥੇਬੰਦੀ ਮੋਰਚਾ ਲੀਡਰਸ਼ਿਪ ਦੇ ਇਸ ਫੈਸਲੇ ਨਾਲ ਪੂਰੀ ਤਰ੍ਹਾਂ ਸਹਿਮਤ ਹੈ।

# ਦਿੱਲੀ ਸਿੱਖ ਕਤਲੇਆਮ ਦੇ ਕਥਿਤ ਮੁਖ ਦੋਸ਼ੀ ਕਮਲਨਾਥ ਬਣਿਆ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ

- **ਕਮਲ ਨਾਥ ਖ਼ਿਲਾਫ਼ '84 ਦੇ ਕਤਲੇਆਮ ਵਿਚ ਸ਼ਮੂਲੀਅਤ ਦੇ ਸਬੂਤ : ਫੂਲਕਾ**
- **ਕਮਲਨਾਥ ਦੇ ਸਾਹਮਣੇ ਸਾੜੇ ਗਏ ਸਨ ਸਿੱਖ, ਪੁਲਿਸ ਨੇ ਵੀ ਦਿੱਤਾ ਸਾਥ' -ਪੱਤਰਕਾਰ ਸੰਜੇ ਸੂਰੀ**



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਕਮਲਨਾਥ ਨੂੰ ਕਾਂਗਰਸ ਵੱਲੋਂ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਗਿਆ ਹੈ। ਇਸ ਸਬੰਧੀ ਕਾਂਗਰਸ ਦੀ ਇਕ ਮੀਟਿੰਗ ਵਿੱਚ ਉਨ੍ਹਾਂ ਨੂੰ ਸਰਬਸੰਮਤੀ ਨਾਲ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਗਿਆ। ਇਸ ਤੋਂ ਬਾਅਦ ਪ੍ਰੈਸ ਕਾਨਫਰੰਸ ਵਿੱਚ ਉਨ੍ਹਾਂ ਦੇ ਨਾਂ ਦਾ ਐਲਾਨ ਕੀਤਾ ਗਿਆ। ਯਾਦ ਰਹੇ ਕਿ ਦਿੱਲੀ 'ਚ ਸਾਲ 1984 ਦੇ ਸਿੱਖ ਕਤਲੇਆਮ 'ਚ ਇੱਕ ਕਾਤਲਾਨਾ ਭੀੜ ਨੂੰ ਭੜਕਾਉਣ ਦੇ ਇਲਜ਼ਾਮਾਂ ਬਾਰੇ ਮੁੜ ਸਿਆਸਤ ਭਖਣ ਕਰਕੇ ਜੂਨ 2016 'ਚ ਕਮਲ ਨਾਥ ਨੇ ਪੰਜਾਬ ਕਾਂਗਰਸ ਦੇ ਇੰਚਾਰਜ ਵਜੋਂ ਅਸਤੀਫਾ ਦੇ ਦਿੱਤਾ ਸੀ।ਭਾਵੇਂ ਇਲਜ਼ਾਮਾਂ ਨੂੰ ਕਦੇ ਅਦਾਲਤ 'ਚ ਸਾਬਤ ਨਹੀਂ ਕੀਤਾ ਜਾ ਸਕਿਆ, ਫਿਰ ਵੀ ਕਮਲ ਨਾਥ ਦੇ ਸਿਆਸੀ ਜੀਵਨ 'ਤੇ ਪ੍ਰਭਾਵ ਜ਼ਰੂਰ ਰਿਹਾ ਹੈ।

'ਆਪ' ਆਗੂ ਅਤੇ ਸੁਪਰੀਮ ਕੋਰਟ ਦੇ ਵਕੀਲ ਐੱਚ ਐੱਸ ਫੂਲਕਾ ਨੇ ਦਾਅਵਾ ਕੀਤਾ ਹੈ ਕਿ ਕਾਂਗਰਸੀ ਆਗੂ ਕਮਲ ਨਾਥ ਦੀ 1984 ਦੇ ਸਿੱਖ ਵਿਰੋਧੀ ਕਤਲੇਆਮ ਵਿਚ ਸ਼ਮੂਲੀਅਤ ਦੇ ਪੁਖਤਾ ਸਬੂਤ ਹਨ ਤੇ ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਹੋਣੀ ਬਾਕੀ ਹੈ। ਫੂਲਕਾ ਨੇ ਕਿਹਾ ਕਿ ਸਿੱਖ ਵਿਰੋਧੀ ਕਤਲੇਆਮ ਵਿਚ ਸ਼ਾਮਲ ਰਹੇ ਆਗੂਆਂ ਨੂੰ ਸਜ਼ਾ ਦੇਣ ਦੀ ਬਜਾਏ ਕਾਂਗਰਸ ਨੇ ਉਨ੍ਹਾਂ ਨੂੰ ਤਰੱਕੀਆਂ ਦਿੱਤੀਆਂ ਹਨ।

ਪੱਤਰਕਾਰ ਰਹੇ ਵਿਧਾਇਕ ਕੰਵਰ ਸੰਧੂ ਨੇ ਵੀ ਸੰਨ 1984 ਦੇ ਹਵਾਲੇ ਨਾਲ ਕਿਹਾ, "ਇਹ ਕਾਂਗਰਸ ਦੀ ਜ਼ਿੰਮੇਵਾਰੀ ਹੈ ਕਿ ਉਹ ਯਾਦ ਰੱਖੇ ਕਿ ਧਾਰਨਾ ਅਜੇ ਵੀ ਹੈ ਕਿ ਕਮਲ ਨਾਥ 1984 ਕਤਲੇਆਮ 'ਚ ਭੂਮਿਕਾ ਬਾਰੇ ਸਫ਼ਾਈ ਦੇਣ 'ਚ ਨਾਕਾਮਯਾਬ ਰਹੇ ਹਨ, ਭਾਵੇਂ ਉਨ੍ਹਾਂ ਉੱਪਰ ਕੋਈ ਅਦਾਲਤੀ ਕਾਰਵਾਈ ਨਹੀਂ ਚਲ ਰਹੀ।"

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਾਂਗਰਸ 'ਤੇ ਸਿੱਖ ਵਿਰੋਧੀ ਕਤਲੇਆਮ ਦੇ ਮੁਲਜ਼ਮਾਂ ਨੂੰ ਬਚਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ,"ਜਦੋਂ ਵੀ ਗਾਂਧੀ ਪਰਿਵਾਰ ਸੱਤਾ ਵਿਚ ਆਉਂਦੀ ਹੈ, ਇਹ ਸਿੱਖ ਵਿਰੋਧੀ ਕਤਲੇਆਮ ਦੇ ਮੁਲਜ਼ਮਾਂ ਨੂੰ ਬਚਾਉਂਦੀ ਹੈ। ਹੁਣ ਰਾਹੁਲ ਗਾਂਧੀ ਅਤੇ ਗਾਂਧੀ ਪਰਿਵਾਰ ਕਮਲ ਨਾਥ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਦਾ ਅਹੁਦਾ ਦੇ ਕੇ ਨਿਵਾਜਣਾ ਚਾਹੁੰਦੇ ਹਨ। ਰਾਹੁਲ ਗਾਂਧੀ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ 1984 ਵਿਚ ਸਿੱਖਾਂ ਦੇ ਕਤਲਾਂ ਵਿਚ ਸ਼ਾਮਲ ਰਹਿਣ ਵਾਲੇ ਲੋਕਾਂ ਨੂੰ ਹੁਣ ਚਿੰਤਾ ਕਰਨ ਦੀ ਲੋੜ ਨਹੀਂ ਹੈਉਹ ਉਨ੍ਹਾਂ ਦੀ ਪਿੱਠ 'ਤੇ ਹਨ ਅਤੇ ਉਨ੍ਹਾਂ ਨੂੰ ਇਨਾਮ ਦੇਣਗੇ।" ਆਪ ਪੰਜਾਬ ਨੇ ਸੰਨ 1984 'ਚ ਸਿੱਖ ਨਸਲਕੁਸ਼ੀ ਦੇ ਮਾਮਲੇ ਵਿਚ ਘਿਰੇ ਕਮਲ ਨਾਥ ਸਿਰ ਕਾਂਗਰਸ ਵੱਲੋਂ ਮੁੱਖ ਮੰਤਰੀ ਦਾ ਤਾਜ ਰੱਖੇ ਜਾਣ ਦੀ ਤਿਆਰੀ ਦਾ ਵਿਰੋਧ ਕਰਦਿਆਂ ਦੋਸ਼ ਲਗਾਇਆ ਹੈ ਕਿ ਕਾਂਗਰਸ ਪੀੜਤ ਸਿੱਖ ਪਰਿਵਾਰਾਂ ਨੂੰ ਇਨਸਾਫ਼ ਦੇਣ ਦੀ ਥਾਂ ਵਾਰ-ਵਾਰ ਉਨ੍ਹਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕ ਰਹੀ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਮਲ ਨਾਥ 1984 ਸਿੱਖ ਨਸਲਕੁਸ਼ੀ 'ਚ ਕਥਿਤ ਤੌਰ 'ਤੇ ਸ਼ਾਮਲ ਸੀ। ਨਾਨਾਵਤੀ ਕਮਿਸ਼ਨ ਸਮੇਤ ਮੀਡੀਆ ਅਤੇ ਦੋ ਨਿਆਂਇਕ ਜਾਂਚਾਂ ਵਿਚ ਕਮਲ ਨਾਥ ਦੀ ਸਪੱਸ਼ਟ ਸ਼ਮੂਲੀਅਤ ਤੱਥਾਂ-ਸਬੂਤਾਂ ਸਹਿਤ ਸਾਹਮਣੇ ਆਈ ਹੈ ਪਰ ਨਾ ਤਾਂ ਕਾਂਗਰਸ ਅਤੇ ਨਾ ਹੀ ਕੇਂਦਰ ਵਿਚ ਕਰੀਬ 10 ਸਾਲ ਸੱਤਾ ਭੋਗਣ ਵਾਲੀ ਭਾਜਪਾ-ਅਕਾਲੀ ਦਲ ਦੀ ਸਰਕਾਰ ਨੇ ਕਮਲ ਨਾਥ ਨੂੰ ਹੱਥ ਪਾਉਣ ਦੀ ਹਿੰਮਤ ਦਿਖਾਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਕਾਂਗਰਸ ਨੇ ਹਮੇਸ਼ਾ ਹੀ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਦੀ ਪਿੱਠ ਥਾਪੜ ਕੇ ਸਿੱਖ ਕੌਮ ਦੇ ਰਿਸਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ ਅਤੇ ਹੁਣ ਕਾਂਗਰਸ ਵੱਲੋਂ ਇਸੇ ਸਿੱਖ ਵਿਰੋਧੀ ਮਨਸ਼ਾ ਨਾਲ ਹੀ ਕਮਲ ਨਾਥ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਾਂਗਰਸ ਦੇ ਇਸ ਫ਼ੈਸਲੇ ਦਾ ਸਖ਼ਤ ਵਿਰੋਧ ਕਰਦੀ ਹੈ।

**ਕਮਿਸ਼ਨ ਦੀ ਦਲੀਲ, ਚਸ਼ਮਦੀਦ ਦਾ ਬਿਆਨ :**
ਕਮਲ ਨਾਥ ਨੇ ਮੌਜੂਦਾ ਹਾਲਾਤ ਉੱਪਰ ਤਾਂ ਕੋਈ ਬਿਆਨ ਨਹੀਂ ਦਿੱਤਾ ਹੈ ਪਰ ਉਨ੍ਹਾਂ ਨੇ 2016 'ਚ ਪੰਜਾਬ ਦੇ ਅਹੁਦੇ ਤੋਂ ਹਟਣ ਤੋਂ ਬਾਅਦ ਇੱਕ ਟੀਵੀ ਚੈਨਲ ਨੂੰ ਇੰਟਰਵਿਊ 'ਚ ਕਿਹਾ ਸੀ, "ਇਸ ਮਾਮਲੇ 'ਚ ਇੱਕ ਵਿਸ਼ੇਸ਼ ਜਾਂਚ ਟੀਮ, ਮਿਸ਼ਰਾ ਕਮਿਸ਼ਨ ਅਤੇ ਨਾਨਾਵਟੀ ਕਮਿਸ਼ਨ ਪੜਤਾਲ ਕਰ ਚੁੱਕੇ ਹਨ। ਮੈਂ ਹੁਣ ਵੀ ਜਾਂਚ ਲਈ ਤਿਆਰ ਹਾਂ, ਭਾਵੇਂ ਸੀਬੀਆਈ ਕਰ ਲਵੇ।"

### ਕਮਲ ਨਾਥ ਦੋਸ਼ੀ ਕਿਉਂ ?

1 ਨਵੰਬਰ, 1984 ਨੂੰ ਗੁਰਦੁਆਰਾ ਰਕਾਬਗੰਜ ਦੇ ਬਾਹਰ ਮੌਜੂਦ ਹੋਣ ਬਾਰੇ ਕਮਲ ਨਾਥ ਨੇ ਉਦੋਂ ਵੀ ਸਫਾਈ ਦਿੱਤੀ ਕਿ ਉਹ ਤਾਂ ਭੀੜ ਨੂੰ ਹਮਲਾ ਕਰਨ ਤੋਂ ਰੋਕਣ ਗਏ ਸਨ। ਹਮਲੇ 'ਚ ਦੋ ਸਿੱਖਾਂ ਦੀ ਮੌਤ ਹੋਈ ਸੀ। ਨਾਨਾਵਟੀ ਕਮਿਸ਼ਨ ਭਾਜਪਾ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨੇ ਸਾਲ 2000 'ਚ ਬਣਾਇਆ ਸੀ ਅਤੇ ਇਸ ਨੇ ਕਮਲ ਨਾਥ ਦੀ ਕਥਿਤ ਭੂਮਿਕਾ ਨੂੰ ਨਹੀਂ ਮੰਨਿਆ ਸੀ। ਪੱਤਰਕਾਰ ਸੰਜੇ ਸੂਰੀ, ਜਿਨ੍ਹਾਂ ਨੇ ਚਸ਼ਮਦੀਦ ਵਜੋਂ ਇੱਕ ਕਿਤਾਬ ਵੀ ਲਿਖੀ ਹੈ, ਨੇ 2015 'ਚ ਦਿੱਤੇ ਇੱਕ ਇੰਟਰਵਿਊ ਵਿੱਚ ਮੁੜ ਸੁਆਲ ਚੁੱਕਿਆ ਸੀ ਕਿ ਕਮਲ ਨਾਥ ਦੇ ਕਹਿਣ ਉੱਪਰ ਭੀੜ ਦੇ ਰੁਕਣ ਤੋਂ ਇਹ ਸਵਾਲ ਉੱਠਦਾ ਹੈ ਕਿ ਕਮਲ ਨਾਥ ਤੇ ਭੀੜ ਦਾ ਕੀ ਰਿਸ਼ਤਾ ਸੀ ਅਤੇ ਕਮਲ ਨਾਥ ਦਾ ਭੀੜ ਉੱਪਰ "ਕੰਟਰੋਲ" ਸੀ।ਸੰਜੇ ਸੂਰੀ ਨੇ ਦਿੱਲੀ ਦੇ ਰਕਾਬਗੰਜ ਗੁਰਦੁਆਰੇ ਦੀ ਅੱਖੀ ਦੇਖੀ ਘਟਨਾ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਹੈ ਕਿ 1 ਨਵੰਬਰ 1984 ਦੇ ਦਿਨ ਰਕਾਬਗੰਜ ਗੁਰਦੁਆਰਾ ਸਾਹਿਬ 'ਚ ਦੰਗੇ ਹੋਏ ਸਨ ਤੇ ਕਤਲੇਆਮ ਦੌਰਾਨ ਕਮਲਨਾਥ ਹਿੰਸਕ ਭੀੜ ਦੀ ਅਗਵਾਈ ਕਰ ਰਹੇ ਸਨ। ਕਮਲਨਾਥ ਦੀ ਮੌਜੂਦਗੀ 'ਚ ਹਿੰਸਾ ਭੜਕੀ ਸੀ।

**ਦਿੱਲੀ ਚ ਥਾਂ-ਥਾਂ ਲੱਗੇ ਇਹ ਪੋਸਟਰ :** 1984 ਦੇ ਮੁਲਜ਼ਮ ਕਮਲ ਨਾਥ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਦੇ ਹੋਰਡਿੰਗ ਦਿੱਲੀ ਵਿੱਚ ਜਗ੍ਹਾ-ਜਗ੍ਹਾ ਲਗਾਏ ਗਏ ਹਨ। ਅਕਾਲੀ ਵਿਧਾਇਕ ਸਿਰਸਾ ਵੱਲੋਂ ਇਹ ਹੋਰਡਿੰਗ ਲਗਾਏ ਗਏ ਹਨ। ਹੋਰਡਿੰਗ ਵਿੱਚ ਤਿੰਨਾਂ ਮੁਲਜ਼ਮਾਂ ਦੀਆਂ ਤਸਵੀਰਾਂ ਦੇ ਨਾਲ ਲਿਖਿਆ ਹੈ ਕਿ ਜਦੋਂ ਵੀ ਸੱਤਾ ਵਿੱਚ ਗਾਂਧੀ ਪਰਿਵਾਰ ਆਉਂਦਾ ਹੈ ਉਦੋਂ ਸਿੱਖਾਂ ਦੇ ਕਾਤਲਾਂ ਨੂੰ ਬਚਾਇਆ ਜਾਂਦਾ ਹੈ।
ਅਕਾਲੀਆਂ ਦੇ ਸਵਾਲ 'ਤੇ ਕੈਪਟਨ ਨੇ ਜੇਬ੍ਹ 'ਚੋਂ ਕੱਢੀ ਇਹ ਤਸਵੀਰ, ਪੈਗਿਆ ਰੌਲਾ..ਆਦਿ।
ਕਮਲਨਾਥ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਏ ਜਾਣ ਦਾ ਮੁੱਦਾ ਵੀ ਸਦਨ ਅੰਦਰ ਗੂੰਜਿਆ। ਅਕਾਲੀ ਦਲ ਨੇ ਕਮਲਨਾਥ ਨੂੰ ਮੁੱਖ ਮੰਤਰੀ ਬਣਾਏ ਜਾਣ 'ਤੇ ਇਤਰਾਜ਼ ਜਤਾਇਆ, ਜਿਸ 'ਤੇ ਸੀਐਮ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਉੱਪਰ ਬੇਵਜ੍ਹਾ ਸਿਆਸਤ ਕਰਨ ਦੇ ਇਲਜ਼ਾਮ ਲਗਾਏ। ਉਹਨਾਂ 1984 ਦੇ ਮੁੱਦੇ ਦਾ ਸਿਆਸੀਕਰਨ ਲਈ ਅਕਾਲੀ ਦਲ ਦੀ ਅਲੋਚਨਾ ਕੀਤੀ ਅਤੇ ਕਿਹਾ ਕਿ ਕਮਲਨਾਥ 'ਤੇ ਸਿਰਫ ਇਲਜ਼ਾਮ ਹਨ ਤੇ ਕਾਨੂੰਨ ਆਪਣਾ ਕੰਮ ਕਰ ਰਿਹੈ। ਮੁੱਖ ਮੰਤਰੀ ਨੇ ਸਦਨ ਅੰਦਰ ਪ੍ਰਕਾਸ਼ ਸਿੰਘ ਬਾਦਲ ਅਤੇ ਕਮਲਨਾਥ ਦੀ ਇੱਕ ਤਸਵੀਰ ਵੀ ਵਿਖਾਈ, ਜਿਸ ਵਿੱਚ ਬਾਦਲ, ਕਮਲਨਾਥ ਨੂੰ ਗੁਲਦਸਤਾ ਭੇਟ ਕਰ ਰਹੇ ਹਨ।

# ਪੰਜਾਬ ਦੀ ਖੁਸ਼ਹਾਲੀ ਖਾਤਰ ਪੰਜਾਬੀ ਕਲਚਰਲ ਕੌਂਸਲ ਵੱਲੋਂ ਭਾਰਤ-ਪਾਕਿ ਵਪਾਰਕ ਲਾਂਘੇ ਖੋਲ੍ਹਣ ਦੀ ਮੰਗ

### ਦੋਹਾਂ ਦੇਸ਼ਾਂ ਦੇ ਵਪਾਰਕ ਚੈਂਬਰਾਂ ਤੇ ਕਾਰੋਬਾਰੀ ਸੰਘਾਂ ਨੂੰ ਉਤਸ਼ਾਹਤ ਕਰਨ ਦੀ ਲੋੜ 'ਤੇ ਜ਼ੋਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬੀ ਕਲਚਰਲ ਕੌਂਸਲ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਤੋਂ ਮੰਗ ਕੀਤੀ ਹੈ ਕਿ ਗੁਰਦਵਾਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਵਿਸ਼ੇਸ਼ ਲਾਂਘੇ ਦੇ ਖੁੱਲਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਸੂਝ ਅਤੇ ਮਿਲਵਰਤਣ ਵਾਲੇ ਮਾਹੌਲ ਦੀ ਸਿਰਜਣਾ ਨੂੰ ਦੇਖਦਿਆਂ ਦੁਵੱਲੇ ਵਪਾਰ ਨੂੰ ਹੋਰ ਹੁਲਾਰਾ ਦੇਣ ਲਈ ਹੁਸੈਨੀਵਾਲਾ (ਫ਼ਿਰੋਜ਼ਪੁਰ) ਤੇ ਸਾਦਕੀ (ਫ਼ਾਜ਼ਿਲਕਾ) ਸਰਹੱਦੀ ਲਾਂਘੇ ਵੀ ਖੋਲਣ ਲਈ ਚਾਰਾਜੋਈ ਸ਼ੁਰੂ ਕੀਤੀ ਜਾਵੇ ਜਿਸ ਨਾਲ ਪੰਜਾਬੀ ਅਤੇ ਭਾਰਤ ਦੇ ਕਿਸਾਨ, ਸਨਅਤਕਾਰ ਅਤੇ ਵਪਾਰੀ ਆਪਣੀਆਂ ਵਸਤਾਂ ਅਟਾਰੀ ਸਮੇਤ ਤਿੰਨੇ ਸਰਹੱਦੀ ਸੜਕੀ ਲਾਂਘਿਆਂ ਰਾਹੀਂ ਪਾਕਿਸਤਾਨ ਰਸਤੇ ਹੋਰਨਾਂ ਮੁਲਕਾਂ ਨੂੰ ਭੇਜ ਕੇ ਖੁਸ਼ਹਾਲ ਹੋ ਸਕਦੇ ਹਨ। ਕੌਂਸਲ ਨੇ ਯਾਤਰੂਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਾਕਿਸਤਾਨ ਨੂੰ ਜੋੜਦੇ ਡੇਰਾ ਬਾਬਾ ਨਾਨਕ ਤੇ ਹੁਸੈਨੀਵਾਲਾ ਦੇ ਪੁਰਾਣੇ ਰੇਲ ਲਾਂਘੇ ਵੀ ਮੁੜ ਚਾਲੂ ਕਰਨ ਦੀ ਮੰਗ ਕੀਤੀ ਹੈ।

ਇਸ ਸਬੰਧੀ ਇੱਕ ਬਿਆਨ ਵਿੱਚ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਨੇ ਕਿਹਾ ਕਿ ਦੋਹਾਂ ਮੁਲਕਾਂ ਖਾਸ ਕਰ ਦੋਹਾਂ ਪੰਜਾਬਾਂ ਦੇ ਕਿਸਾਨ, ਸਨਅਤਕਾਰ ਅਤੇ ਵਪਾਰੀ ਬਹੁਤ ਚਿਰਾਂ ਤੋਂ ਖਾਹਸ਼ਮੰਦ ਹਨ ਕਿ 'ਰੈੱਡਕਲਿਫ ਲਾਈਨ' ਦੇ ਦੋਵਾਂ ਪਾਸਿਆਂ ਦੇ ਪੰਜਾਬਾਂ ਵਿਚਕਾਰ ਆਪਸੀ ਵਪਾਰ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਖਿੱਤੇ ਅੰਦਰ ਦੁਵੱਲੇ ਵਪਾਰ ਵਿਚ ਬਹੁਤ ਜਿਆਦਾ ਸਮਰੱਥਾ ਅਤੇ ਲੋੜ ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਵਪਾਰੀਆਂ ਨੂੰ ਗਿਲਾ ਹੈ ਇਸ ਵਕਤ ਗਵਾਂਢੀ ਮੁਲਕ ਨਾਲ ਵਪਾਰ ਲਈ ਸਿਰਫ਼ ਅਟਾਰੀ ਸਰਹੱਦੀ ਲਾਂਘਾ ਹੀ ਖੁੱਲ੍ਹਾ ਹੈ ਪਰ ਉਸ ਰਸਤੇ ਵੀ ਵਪਾਰ ਨੂੰ ਪੂਰੀ ਤਰਾਂ ਉਤਸ਼ਾਹਤ ਨਹੀਂ ਕੀਤਾ ਜਾ ਰਿਹਾ ਕਿਉਂਕਿ ਸੰਗਠਿਤ ਚੈਕ ਪੋਸਟ ਅਟਾਰੀ ਵਿਖੇ ਸੁਖਾਲੇ ਵਪਾਰ ਨਾਲ ਸਬੰਧਿਤ ਵਾਧੂ ਵਿਸ਼ੇਸ਼ ਸਹੂਲਤਾਂ ਦੀ ਅਣਹੋਂਦ ਹੈ ਜਿਸ ਕਰਕੇ ਵਸਤਾਂ ਦੀ ਬਰਾਮਦ ਅਤੇ ਦਰਾਮਦ ਬਹੁਤੀ ਸੁਸਤ ਹੋਣ ਕਰਕੇ ਵਪਾਰੀ ਵਰਗ ਨਿਰਾਸ਼ ਹੈ। ਵੇਰਵੇ ਦਿੰਦਿਆਂ ਕੌਂਸਲ ਦੇ ਚੇਅਰਮੈਨ ਨੇ ਕਿਹਾ ਕਿ ਸਾਲ 2017-18 ਦਰਮਿਆਨ ਅਟਾਰੀ ਲਾਂਘੇ ਰਾਹੀਂ ਬਰਾਮਦ ਤੇ ਦਰਾਮਦ ਕ੍ਰਮਵਾਰ 744 ਕਰੋੜ ਰੁਪਏ ਤੇ 3,404 ਕਰੋੜ ਰੁਪਏ ਰਹੀ ਜਦਕਿ 2014-15 ਵਿੱਚ ਇਹ ਅੰਕੜਾ ਕ੍ਰਮਵਾਰ 2,117 ਕਰੋੜ ਰੁਪਏ ਅਤੇ 2,368 ਕਰੋੜ ਰੁਪਏ ਸੀ।

ਕੌਂਸਲ ਦੀ ਦਲੀਲ ਹੈ ਕਿ ਕਰਤਾਰਪੁਰ ਲਾਂਘਾ (ਕੋਰੀਡੋਰ) ਖੋਹਲਣਾ ਇਕ ਬਹੁਤ ਵਧੀਆ ਕਦਮ ਹੈ ਅਤੇ ਇਸ ਨੇ ਦੋਵੇਂ ਪਾਸੇ ਦੇ ਵਸਨੀਕਾਂ ਅੰਦਰ ਬਹੁਤ ਸਦਭਾਵਨਾ ਪੈਦਾ ਕੀਤੀ ਹੈ। ਇਸ ਲਈ ਜੇਕਰ ਅਟਾਰੀ ਵਾਂਗ ਹੁਸੈਨੀਵਾਲਾ ਤੇ ਸਾਦਕੀ ਸਰਹੱਦੀ ਲਾਂਘੇ ਵੀ ਵਪਾਰ ਲਈ ਖੁੱਲ੍ਹ ਜਾਣ ਤਾਂ ਪਾਕਿਸਤਾਨ ਦੇ ਖੇਤੀ ਪ੍ਰਧਾਨ ਮੁਲਕ ਹੋਣ ਕਰਕੇ ਭਾਰਤ ਦੇ ਕਿਸਾਨ ਤੇ ਸਨਅਤਕਾਰ ਦੇਸ਼ ਦੀ ਆਰਥਿਕ ਖੁਸ਼ਹਾਲੀ ਵਿੱਚ ਦੁੱਗਣਾ ਵਾਧਾ ਕਰ ਸਕਦੇ ਹਨ ਕਿਉਂਕਿ ਲਹਿੰਦੇ ਪੰਜਾਬ ਨੂੰ ਖੇਤੀ ਤਕਨੀਕਾਂ ਅਤੇ ਆਧੁਨਿਕ ਸਹਾਇਕ ਧੰਦਿਆਂ ਦੀ ਅਤਿਅੰਤ ਲੋੜ ਹੈ ਜਿਸ ਲਈ ਚੜ੍ਹਦਾ ਪੰਜਾਬ ਇਹ ਖੱਪਾ ਪੂਰਾ ਕਰਨ ਦੇ ਪੂਰੀ ਤਰਾਂ ਸਮਰੱਥ ਹੈ।




ਹਰਜੀਤ ਗਰੇਵਾਲ ਨੇ ਕਿਹਾ ਕਿ ਇਸ ਵੇਲੇ ਪੰਜਾਬ ਦੇ ਉਦਯੋਗਪਤੀ ਅਤੇ ਵਪਾਰੀ ਕਾਂਡਲਾ (ਗੁਜਰਾਤ) ਜਾਂ ਨਾਵਾ ਸ਼ੇਵਾ (ਮਹਾਰਾਸ਼ਟਰ) ਸਥਿਤ ਬੰਦਰਗਾਹਾਂ ਰਾਹੀਂ ਕਾਰੋਬਾਰ ਕਰਦੇ ਹਨ ਜਿੱਥੇ ਇਹ ਮਾਲ ਕਰਾਚੀ ਬੰਦਰਗਾਹ ਅਤੇ ਫਿਰ ਪਾਕਿਸਤਾਨੀ ਪੰਜਾਬ ਭੇਜਿਆ ਜਾਂਦਾ ਹੈ ਜੋ ਕਿ ਮਹਿੰਗਾ ਸੌਦਾ ਹੈ ਅਤੇ ਵਸਤਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਇਸ ਤਰਾਂ ਪੰਜਾਬ ਵਿਚਲੇ ਤਿੰਨੇ ਸਰਹੱਦੀ ਲਾਂਘੇ ਖੁੱਲਣ ਨਾਲ ਸਿਰਫ਼ 40-50 ਕਿਲੋਮੀਟਰ ਦੀ ਦੂਰੀ ਨਾਲ ਹੀ ਸਮਾਨ ਦਰਾਮਦ ਅਤੇ ਬਰਾਮਦ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਅਟਾਰੀ ਰਾਹੀਂ ਜ਼ਮੀਨੀ ਰਸਤੇ ਦੁਵੱਲੇ ਵਪਾਰ ਦਾ ਪੂਰਾ ਨਾ ਖੁੱਲਣਾ ਪੰਜਾਬ ਅਤੇ ਇੱਥੋਂ ਦੇ ਕਾਰੋਬਾਰੀਆਂ ਅਤੇ ਵਪਾਰੀਆਂ ਨਾਲ ਸਿੱਧਾ ਧੱਕਾ ਹੈ ਕਿਉਂਕਿ ਜੇਕਰ ਪ੍ਰਧਾਨ ਮੰਤਰੀ ਦੇ ਜੱਦੀ ਸੂਬੇ ਗੁਜਰਾਤ ਦੀ ਕਾਂਡਲਾ ਬੰਦਰਗਾਹ ਪਾਕਿਸਤਾਨ ਨਾਲ ਦੁਵੱਲੇ ਵਪਾਰ ਲਈ ਸਾਰਾ ਸਾਲ ਖੁੱਲੀ ਰਹਿ ਸਕਦੀ ਹੈ ਤਾਂ ਅਟਾਰੀ-ਵਾਹਗਾ ਲਾਂਘੇ ਰਾਹੀਂ 24 ਘੰਟੇ ਵਪਾਰ ਕਰਨ ਵਿੱਚ ਕੀ ਦਿੱਕਤ ਹੈ। ਕੌਂਸਲ ਆਗੂ ਦਾ ਕਹਿਣਾ ਹੈ ਕਿ ਹਜ਼ਾਰਾਂ ਕਿਲੋਮੀਟਰ ਦੂਰੀ ਰਾਹੀਂ ਵਸਤਾਂ ਢੋਣ ਦੀ ਥਾਂ ਪੰਜਾਬ ਦੇ ਲਾਂਘਿਆਂ ਰਾਹੀਂ ਨਾ ਸਿਰਫ ਦੁਵੱਲੇ ਕਾਰੋਬਾਰ ਨੂੰ ਸਫਲਤਾ ਮਿਲੇਗੀ ਸਗੋਂ ਸਮੇਂ ਦੀ ਬੱਚਤ ਹੋਣ ਦੇ ਨਾਲ-ਨਾਲ ਤੇਲ ਦੀ ਘੱਟ ਖੱਪਤ ਸਦਕਾ ਟਰੱਕਾਂ ਤੇ ਸਮੁੰਦਰੀ ਜਹਾਜਾਂ ਦੇ ਈਂਧਨ ਕਾਰਨ ਵਾਤਾਵਰਣ ਦੇ ਮਾੜੇ ਪ੍ਰਭਾਵਾਂ ਸਮੇਤ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਤੋਂ ਵੀ ਬਚਿਆ ਜਾ ਸਕੇਗਾ।

ਪੰਜਾਬੀ ਕਲਚਰਲ ਕੌਂਸਲ ਨੇ ਮੰਗ ਕੀਤੀ ਹੈ ਕਿ ਸਥਾਨਕ ਵਪਾਰਕ ਪ੍ਰਤੀਨਿਧ ਮੰਡਲਾਂ, ਉਦਯੋਗਿਕ ਤੇ ਵਪਾਰਕ ਚੈਂਬਰਾਂ, ਪੀਐਚਡੀ ਚੈਂਬਰ ਆਫ ਕਾਮਰਸ, ਸੀ.ਆਈ.ਆਈ., ਨਿਰਮਾਤਾ ਅਤੇ ਕਾਰੋਬਾਰੀਆਂ ਨੂੰ ਖੁੱਲੇ ਅਤੇ ਲੰਮੀ ਮਿਆਦ ਦੇ ਵੀਜ਼ੇ ਦਿੱਤੇ ਜਾਣ ਤਾਂ ਜੋ ਉਹ ਅੰਤਰਾਸ਼ਟਰੀ ਵਪਾਰ ਲਈ ਮੌਕੇ ਤਲਾਸ਼ ਸਕਣ ਕਿਉਂਕਿ ਪੰਜਾਬ ਦੇ ਵੱਡੇ ਸਨਅਤੀ ਸ਼ਹਿਰਾਂ ਵਿੱਚੋਂ ਖੇਡਾਂ ਦਾ ਸਮਾਨ, ਆਟੋ ਕੰਪਨੀਆਂ, ਫਾਰਮ ਮਸ਼ੀਨਰੀ ਅਤੇ ਸਾਈਕਲ ਕੰਪਨੀਆਂ ਦਾ ਉਚ ਪਾਏ ਦਾ ਸਮਾਨ ਤਿਆਰ ਹੁੰਦਾ ਹੈ ਅਤੇ ਵਾਧੂ ਅਨਾਜ ਦੀ ਪੈਦਾਵਾਰ ਹੁੰਦੀ ਹੈ ਜਿਸ ਕਰਕੇ ਪਾਕਿਸਤਾਨ ਨਾਲ ਵਪਾਰ ਦੀ ਵੱਡੀ ਸਮਰੱਥਾ ਹੈ ਅਤੇ ਪੰਜਾਬ ਨੂੰ ਇਸ ਤੋਂ ਬੇਹੱਦ ਲਾਭ ਪ੍ਰਾਪਤ ਹੋ ਸਕਦਾ ਹੈ।

### ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਵਲੋਂ ਸਿੱਖ ਕਤਲੇਆਮ ਦੇ ਦੋਸ਼ੀ ਕਮਲ ਨਾਥ ਨੂੰ ਮੁੱਖ ਮੰਤਰੀ ਬਣਾਉਣ ਦੀ ਨਿਖੇਧੀ



**ਲੰਡਨ/ਬਿਊਰੋ ਨਿਊਜ਼ :** ਨਵੰਬਰ 1984 ਦੌਰਾਨ ਕਾਂਗਰਸੀ ਆਗੂਆਂ ਅਤੇ ਹਿੰਦੂਤਵੀ ਗੁੰਡਿਆਂ ਵਲੋਂ ਸਰਕਾਰੀ ਸ਼ਹਿ ਅਤੇ ਸਰਪ੍ਰਸਤੀ ਨਾਲ ਕੀਤੀ ਗਈ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਿੱਖ ਕੌਮ ਕਦੇ ਵੀ ਮਾਫ ਨਹੀਂ ਕਰ ਸਕਦੀ । ਇਸ ਸਿੱਖ ਨਸਲਕੁਸ਼ੀ ਦੌਰਾਨ ਹਜਾਰਾਂ ਸਿੱਖਾਂ ਦੇ ਕਾਤਲਾਂ, ਸਿੱਖਾਂ ਨੂੰ ਜਿਉਂਦੇ ਸਾੜਨ ਵਰਗੀਆਂ ਦਿਲ ਕੰਬਾਊ ਘਟਨਾਵਾਂ ਦੇ ਖਲਨਾਇਕਾਂ, ਸਿੱਖਾਂ ਬੀਬੀਆਂ ਨੂੰ ਬੇਪੱਤ ਕਰਨ ਵਾਲੇ ਦਰਿੰਦਿਆਂ ਅਤੇ ਸਿੱਖਾਂ ਦੀ ਅਰਬਾਂ ਖਰਬਾਂ ਦੀ ਸੰਪਤੀ ਤਬਾਹ ਕਰਨ ਵਾਲੇ ਲੁਟੇਰਿਆਂ ਦੀ ਅਗਵਾਈ ਕਰਨ ਵਾਲਿਆਂ ਵਿੱਚ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ, ਐੱਚ ਕੇ ਐਲ ਭਗਤ, ਲਲਿਤ ਮਾਕਨ, ਅਰਜਨ ਦਾਸ ਅਤੇ ਅਮਿਤਾਭ ਬੱਚਨ ਦੀ ਭੂਮਿਕਾ ਨੂੰ ਸਾਰੀ ਦੁਨੀਆ ਜਾਣਦੀ ਹੈ। ਜਿਹਨਾਂ ਨੇ ਆਪਣੇ ਮਾਲਕ ਰਾਜੀਵ ਗਾਂਧੀ ਨੂੰ ਖੁਸ਼ ਕਰਨ ਵਾਸਤੇ ਉਸ ਦੇ ਹੁਕਮਾਂ ਤੇ ਸਿੱਖ ਕਤਲੇਆਮ ਨੂੰ ਅੰਜਾਮ ਦਿੱਤਾ। ਸਿੱਖ ਘਰਾਂ ਦੀ ਨਿਸ਼ਾਨਦੇਹੀ ਕਰਕੇ ਇੱਕੋ ਤਰੀਕੇ ਨਾਲ ਦਿੱਲੀ, ਕਾਨਪੁਰ, ਬੋਕਾਰੋ ਵਰਗੇ ਹਿੰਦੂ ਬਹੁ ਗਿਣਤੀ ਵਸੋਂ ਵਾਲੇ ਇਲਾਕਿਆਂ ਵਿੱਚ ਨਿਰਦੋਸ਼ ਸਿੱਖਾਂ ਨੂੰ ਵੱਡੀ ਪੱਧਰ 'ਤੇ ਖਤਮ ਕੀਤਾ ਗਿਆ, ਹੋਂਦ ਚਿੱਲੜ ਵਰਗੇ ਪੂਰੇ ਪਿੰਡਾਂ ਨੂੰ ਖਤਮ ਕਰ ਦਿੱਤਾ ਗਿਆ। ਮੱਧ ਪ੍ਰਦੇਸ਼ ਦੀਆਂ ਚੋਣਾਂ ਤੋਂ ਬਾਅਦ ਕਾਂਗਰਸ ਵਲੋਂ ਸਿੱਖਾਂ ਦੇ ਕਾਤਲ ਕਮਲ ਨਾਥ ਨੂੰ ਮੁੱਖ ਮੰਤਰੀ ਬਣਾਉਣ ਨਾਲ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਵਿੱਚ ਰੋਸ ਅਤੇ ਰੋਹ ਦੀ ਲਹਿਰ ਫੈਲ ਗਈ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਵਲੋਂ ਇਸ ਦੀ ਸਖਤ ਨਿਖੇਧੀ ਕੀਤੀ ਗਈ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਦੇ ਕੋਆਰਡੀਨੇਟਰ ਕੁਲਦੀਪ ਸਿੰਘ ਚਹੇੜੂ, ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਜੋਗਾ ਸਿੰਘ ਵਲੋਂ ਜਾਰੀ ਪ੍ਰੈੱਸ ਰਿਲੀਜ਼ ਵਿੱਚ ਕਾਂਗਰਸ ਇਸ ਕਾਰੇ ਨੂੰ ਹਿੰਦੂਤਵੀ ਵੋਟਾਂ ਬਟੋਰਨ ਦੀ ਚਾਲ ਕਰਾਰ ਦਿੱਤਾ ਹੈ।

# ਅਰਦਾਸਾਂ ਹੋਈਆਂ ਪੂਰੀਆਂ ਜੀ

**ਮਿੰਟੂ ਬਰਾੜ**
mintubrar@gmail.com

ਸਿਆਸਤ ਸਭ ਤੋਂ ਵੱਡੀ ਨਹੀਂ ਹੁੰਦੀ, ਕੁਝ ਗੱਲਾਂ ਸਿਆਸਤ ਤੋਂ ਵੀ ਵੱਡੀਆਂ ਹੁੰਦੀਆਂ ਹਨ। ਜਦੋਂ ਸਤਿਗੁਰੂ ਨਾਨਕ ਦੀ ਗੱਲ ਆਉਂਦੀ ਹੈ ਤਾਂ ਸਹਿਜ ਸੁਭਾਅ ਹੀ "ਸਭ ਤੋਂ ਵੱਡਾ ਸਤਿਗੁਰ ਨਾਨ" ਸਾਡੇ ਮੂੰਹੋਂ ਮੱਲੋ-ਮੱਲੀ ਉਚਰਿਆ ਜਾਂਦਾ ਹੈ। ਜਿੱਥੇ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦੀ ਕਵਾਇਦ ਸ਼ੁਰੂ ਹੋਈ ਹੈ ਤੇ ਸਮੁੱਚੇ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਦੌੜ ਪਈ ਹੈ, ਉੱਥੇ ਇਸੇ ਮਸਲੇ ਤੇ ਕੁਝ ਕੁ ਨੇਤਾਵਾਂ ਵੱਲੋਂ ਹੋ ਰਹੀ ਸੌੜੀ ਸਿਆਸਤ ਨੇ ਦੁਖੀ ਵੀ ਕੀਤਾ ਹੈ ਤੇ ਸਿਆਸਤ 'ਚ ਆਏ ਨਿਘਾਰ ਨੂੰ ਨੇੜੇ ਤੋਂ ਮਹਿਸੂਸ ਵੀ ਕੀਤਾ ਹੈ। ਭਾਵੇਂ ਇਸ ਲਾਂਘੇ ਦੇ ਖੁੱਲ੍ਹਣ ਦਾ ਕਾਰਨ ਵੀ ਸਿਆਸਤ ਬਣੀ ਹੈ ਪਰ ਹੁਣ ਇਹ ਵੱਖਰੀ ਗੱਲ ਹੈ ਕਿ ਇਸ ਪਿੱਛੇ ਸਿਆਸਤਦਾਨਾਂ ਦਾ ਮਕਸਦ ਚੰਗਾ ਹੈ ਜਾਂ ਮਾੜਾ ਹੈ, ਇਹ ਤਾਂ ਵਕਤ ਦੇ ਗਰਭ ਵਿਚ ਹੈ। ਜੇ ਨਾਨਕ ਨਾਮ ਲੇਵਾ ਸੰਗਤ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਲਈ ਤਾਂ ਇਹ ਵਕਤ ਖ਼ੁਸ਼ੀ 'ਚ ਖੀਵੇ ਹੋਣ ਦਾ ਹੈ।ਇਸ ਖ਼ੁਸ਼ੀ ਦੇ ਮੌਕੇ ਨੂੰ ਇਕੱਲਾ ਸਿੱਖ ਜਗਤ ਨਹੀਂ ਮਾਣ ਰਿਹਾ ਸਗੋਂ ਜਗਤ ਗੁਰੂ ਦੀ ਇਸ ਇਤਿਹਾਸਿਕ ਭੋਏਂ ਦੇ ਰਾਹ ਖੁੱਲ੍ਹਣ 'ਤੇ ਸਾਰੇ ਭਾਈਚਾਰਿਆਂ ਵੱਲੋਂ ਮਿਲ ਰਹੀਆਂ ਵਧਾਈਆਂ ਇਹ ਸਾਬਿਤ ਕਰਦੀਆਂ ਹਨ ਕਿ ਲੋਕ ਗੁਰੂ ਬਾਬਾ ਨਾਨਕ ਨੂੰ ਸਿਰਫ਼ ਜਗਤ ਗੁਰੂ ਕਹਿੰਦੇ ਹੀ ਨਹੀਂ, ਮੰਨਦੇ ਵੀ ਹਨ।

ਇਹੋ ਜਿਹੇ ਮਾਹੌਲ 'ਚ ਕੜ੍ਹੀ ਘੋਲਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਹੈ। ਵਿਰਲੇ ਵਿਰਲੇ ਸਿਰਫ਼ ਇਸ ਲਈ ਵਿਰੋਧ ਕਰ ਰਹੇ ਹਨ ਕਿ ਇਸ ਦਾ ਮਾਣ ਉਨ੍ਹਾਂ ਦੇ ਹਿੱਸੇ ਕਿਉਂ ਨਹੀਂ ਆਇਆ। ਭਾਵੇਂ ਪਿਛਲੇ ਸੱਤਰ ਸਾਲਾਂ ਦੀਆਂ ਸੰਗਤ ਵੱਲੋਂ ਕੀਤੀਆਂ ਅਰਦਾਸਾਂ ਦਾ ਇਹ ਅਸਰ ਹੈ ਪਰ ਇਹਨਾਂ ਸਿਆਸਤਦਾਨਾਂ ਨੇ ਕਦੇ ਇਹ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਦੋ ਖਿਡਾਰੀਆਂ ਦੀ ਇਹ ਦੋਸਤੀ ਸਿਰਫ਼ ਇਕ ਮਿਲਣੀ ਏਡੇ ਵੱਡੇ ਕਾਰਜ ਦਾ ਰਾਹ ਪੱਧਰਾ ਕਰ ਦੇਵੇਗੀ। ਕਿਉਂਕਿ ਹੁਣ ਤੱਕ ਜਦੋਂ ਦੋਨਾਂ ਮੁਲਕਾਂ ਦੇ ਸਿਆਸਤਦਾਨ ਇਕ ਦੂਜੇ ਦੇ ਨੇੜੇ ਹੋਣ ਲਗਦੇ ਸਨ ਤਾਂ ਕੁਝ ਕੁ ਵੱਖਵਾਦੀ ਤਾਕਤਾਂ ਕੋਈ ਵੱਡੀ ਘਟਨਾ ਨੂੰ ਅੰਜਾਮ ਦੇ ਕੇ ਆਪਣੇ ਵੱਲੋਂ ਰੋੜੇ ਅਟਕਾ ਦਿੰਦੀਆਂ ਸਨ।ਫਿਰ ਧਰਮ ਦੇ ਨਾਂ 'ਤੇ ਵੋਟਾਂ ਦੀ ਰਾਜਨੀਤੀ ਆੜੇ ਆ ਜਾਂਦੀ ਸੀ। ਇਮਰਾਨ ਦਾ ਪ੍ਰਧਾਨ ਮੰਤਰੀ ਬਣਨਾ ਤੇ ਸਿੱਧੂ ਨੂੰ ਸਹੁੰ ਚੁੱਕ ਸਮਾਗਮ ਦਾ ਨਿਓਤਾ ਦੇਣਾ ਲੋਕ ਵਿਰੋਧੀ ਤਾਕਤਾਂ ਦੇ ਹਜ਼ਮ ਨਹੀਂ ਸੀ ਆਇਆ। ਭਾਵੇਂ ਇਹ ਨਿਓਤਾ ਹੋਰਾਂ ਨੂੰ ਵੀ ਮਿਲਿਆ ਸੀ ਤੇ ਸੱਚ ਤਾਂ ਇਹ ਹੈ ਕਿ ਸਿੱਧੂ ਨਾਲ ਤਾਂ ਇਮਰਾਨ ਬਹੁਤ ਘੱਟ ਖੇਡਿਆ ਸੀ ਤੇ ਉਸ ਵਕਤ ਦੇ ਹੋਰ ਸਾਥੀਆਂ ਨੇ ਇਸ ਨਿਓਤੇ ਨੂੰ ਸਿਰਫ਼ ਇਸ ਗੱਲੋਂ ਨਕਾਰ ਦਿੱਤਾ ਸੀ ਕਿ ਇਹ ਦੇਸ਼ ਨਾਲ ਧ੍ਰੋਹ ਹੋਵੇਗਾ। ਪਰ ਸਿੱਧੂ ਜੋ ਕਿ ਸਦਾ ਹੀ ਹਵਾ ਦੇ ਉਲਟ ਚੱਲਿਆ ਹੈ, ਨੇ ਇਸ ਬਾਰ ਫੇਰ ਸਾਬਿਤ ਕਰ ਦਿੱਤਾ ਕਿ ਜੋ ਜੋਖ਼ਮ ਉਠਾਉਂਦੇ ਹਨ ਉਹੀ ਕਾਮਯਾਬ ਹੁੰਦੇ ਹਨ। ਅੱਗੇ ਵਧਣ ਤੋਂ ਪਹਿਲਾਂ ਕੁਝ ਕੁ ਗੱਲਾਂ ਸਿੱਧੂ ਬਾਰੇ ਵੀ ਹੋ ਜਾਣ।

ਅੱਜ ਤੋਂ ਛੇ ਕੁ ਮਹੀਨੇ ਪਹਿਲਾਂ ਹਰਮਨ ਰੇਡੀਓ ਤੇ ਇਕ ਸ਼ੋਅ ਦੌਰਾਨ ਖ਼ਬਰਾਂ ਦੀ ਸਮੀਖਿਆ ਕਰਦਿਆਂ ਮੈਂ ਸਿੱਧੂ ਨੂੰ ਪ੍ਰਧਾਨ ਮੰਤਰੀ ਪੱਧਰ ਦਾ ਨੇਤਾ ਕਹਿ ਦਿੱਤਾ ਸੀ ਪਰ ਉਸ ਲਾਈਵ ਸ਼ੋਅ 'ਚ ਬਹੁਤੇ ਲੋਕ ਮੇਰੀ ਇਸ ਗੱਲ ਨਾਲ ਸਹਿਮਤ ਨਹੀਂ ਸਨ। ਉਸ ਵਕਤ ਮੈਂ ਇਹ ਵੀ ਕਿਹਾ ਸੀ ਕਿ ਮੋਦੀ ਇਸ ਲਈ ਘਾਗ ਸਿਆਸਤਦਾਨ ਨਹੀਂ ਹੈ ਕਿ ਉਹ ਬਹੁਤ ਪਹੁੰਚਿਆ ਹੋਇਆ, ਬਲਕਿ ਇਸ ਲਈ ਹੈ ਕਿ ਉਸ ਦੇ ਕਿਸੇ ਵੀ ਵਿਰੋਧੀ ਦਾ ਕੱਦ ਉਸ ਦੇ ਬਰਾਬਰ ਨਹੀਂ ਹੈ ਤੇ ਲੋਕਾਂ ਕੋਲ ਕੋਈ ਬਦਲ ਹੀ ਨਹੀਂ ਹੈ। ਖ਼ਾਸ ਤੌਰ 'ਤੇ ਮੁੱਖ ਵਿਰੋਧੀ ਰਾਹੁਲ ਗਾਂਧੀ ਬਹੁਤ ਹੀ ਅਨਾੜੀ ਸਿਆਸਤਦਾਨ ਹੈ। ਰਾਹੁਲ ਨੂੰ ਜੋ ਕੁਰਸੀ ਮਿਲੀ ਹੈ ਉਸ ਵਿਚ ਕੋਈ ਦੋ ਰਾਏ ਨਹੀਂ ਕਿ ਉਹ ਸਿਰਫ਼ ਭਾਈ-ਭਤੀਜਾਵਾਦ ਦਾ ਸਿਖਰ ਹੈ। ਮੈਂ ਉਸ ਵਕਤ ਕਿਹਾ ਸੀ ਕਿ ਕਾਂਗਰਸ ਸਿੱਧੂ ਦੀ ਕਾਬਲੀਅਤ ਦਾ ਸਹੀ ਫ਼ਾਇਦਾ ਨਹੀਂ ਉਠਾ ਰਹੀ। ਸਿੱਧੂ ਇਕ ਸੰਪੂਰਨ ਨੇਤਾ ਵਾਲੇ ਸਾਰੇ ਗੁਣਾਂ ਦਾ ਧਾਰੀ ਹੈ। ਉਸ ਕੋਲ ਮੋਦੀ ਦੇ ਹਰ ਅਸਤਰ-ਸ਼ਾਸਤਰ ਦਾ ਜਵਾਬ ਹੈ। ਉਹ ਮਿਹਨਤੀ ਹੈ, ਸਿਰੜੀ ਹੈ, ਉਸ ਕੋਲ ਜੁਮਲੇ ਹਨ, ਗੰਗਾ ਗਏ ਗੰਗਾ ਰਾਮ ਬਣਨ ਦੀ ਕਾਬਲੀਅਤ ਰੱਖਦਾ, ਉਸ ਦੀ ਪਛਾਣ ਦੇਸ਼ ਦੇ ਕੋਨੇ ਕੋਨੇ 'ਚ ਹੈ, ਸਭ ਤੋਂ ਵੱਡੀ ਗੱਲ ਕੀ ਉਹ ਚੁਣੌਤੀਆਂ ਨੂੰ ਸਵੀਕਾਰਨ ਦਾ ਮਾਦਾ ਰੱਖਦਾ ਹੈ। ਹੁਣ ਤੁਸੀਂ ਦੱਸੋ ਜੇ ਇਕ ਸਰਜਨ ਨੂੰ ਤੁਸੀਂ ਮਰੀਜ਼ਾਂ ਦੇ ਜ਼ੁਕਾਮ ਠੀਕ ਕਰਨ 'ਤੇ ਲਾਈ ਰੱਖੋਗੇ ਤਾਂ ਕੀ ਇਹ ਉਸ ਦੀ ਕਾਬਲੀਅਤ ਨਾਲ ਇਨਸਾਫ਼ ਹੋਵੇਗਾ? ਕੈਪਟਨ ਅਮਰਿੰਦਰ ਸਿੰਘ ਭਾਵੇਂ ਰਾਜਸੀ ਪਿਛੋਕੜ ਰੱਖਦੇ ਹਨ, ਭਾਵੇਂ ਦੋ ਬਾਰ ਮੁੱਖਮੰਤਰੀ ਬਣ ਚੁੱਕੇ ਹਨ ਪਰ ਉਨ੍ਹਾਂ ਨੂੰ ਦੇਸ਼ ਦੇ ਕਿਸੇ ਹੋਰ ਕੋਨੇ 'ਚ ਸ਼ਾਇਦ ਲੋਕ ਨਾ ਪਛਾਣਨ। ਸਿੱਧੂ ਦਾ ਪਿਛੋਕੜ ਕ੍ਰਿਕਟ ਨਾਲ ਜੁੜਿਆ ਹੋਣ ਕਾਰਨ ਅਤੇ ਉਸ ਤੋਂ ਬਾਅਦ ਲੰਮਾ ਚਿਰ ਨੈਸ਼ਨਲ ਟੀਵੀ. ਤੇ ਹਾਜ਼ਰ ਰਹਿਣ ਕਾਰਨ ਉਹ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ ਹਨ। ਮੈਂ ਉਸ ਰੇਡੀਓ ਸ਼ੋਅ 'ਚ ਇਹ ਦਾਅਵਾ ਵੀ ਕੀਤਾ ਸੀ ਕਿ ਜੇ ਕਾਂਗਰਸ ਆਪਣੀ ਕਮਾਨ ਸਿੱਧੂ ਦੇ ਹੱਥ ਦੇ ਦਿੰਦੀ ਹੈ ਤਾਂ ਨਤੀਜੇ ਹਾਂ ਪੱਖੀ ਹੋਣਗੇ ਪਰ ਉਸ ਵਕਤ ਲੋਕਾਂ ਦੇ ਇਹ ਗੱਲ ਹਜ਼ਮ ਨਹੀਂ ਸੀ ਹੋਈ ਤੇ ਉਨ੍ਹਾਂ ਸਿੱਧੂ ਨੂੰ ਬੜਬੋਲਾ, ਮਜ਼ਾਕੀਆ ਤੇ ਦਲ-ਬਦਲੂ ਜਿਹੇ ਫਿਕਰਿਆਂ ਨਾਲ ਨਿਵਾਜਿਆ ਸੀ। ਹੁਣ ਸਮਾਂ ਕਰਵਟ ਲੈ ਚੁੱਕਿਆ ਹੈ। ਸਿੱਧੂ ਦਾ ਕੱਦ ਇਕੱਲੇ ਕਰਤਾਰਪੁਰ ਲਾਂਘੇ ਕਾਰਨ ਜਿੱਥੇ ਸਾਰੀ ਦੁਨੀਆ 'ਚ ਉੱਚਾ ਹੋਇਆ ਹੈ, ਉੱਥੇ ਉਸ ਦੀ ਪਾਰਟੀ ਨੇ ਵੀ ਉਸ ਦੀ ਕਾਬਲੀਅਤ ਦਾ ਸਹੀ ਇਸਤੇਮਾਲ ਕੀਤਾ ਤੇ ਪੰਜਾਂ ਰਾਜਾਂ 'ਚੋਂ ਤਿੰਨ ਫ਼ਤਿਹ ਕਰ ਲਏ।

ਸਿਆਸਤ ਤੇ ਚੰਗੇ ਬੰਦੇ ਦਾ ਸੁਮੇਲ ਘੱਟ ਹੀ ਦੇਖਣ ਨੂੰ ਮਿਲਦਾ ਹੈ ਪਰ ਜਦੋਂ ਮਾੜਿਆਂ ਦੀ ਬਹੁਤਾਤ ਹੋਵੇ ਤਾਂ ਜੋ ਘੱਟ ਮਾੜਾ ਹੁੰਦਾ, ਉਹ ਪਰਵਾਨਿਤ ਹੁੰਦਾ ਹੈ। ਸੋ ਆਪਾਂ ਇਸ ਲੇਖ ਰਾਹੀਂ ਸਿੱਧੂ ਨੂੰ ਜਾ ਕਿਸੇ ਹੋਰ ਨੂੰ ਮਹਾਨ ਸਾਬਿਤ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਸਿਰਫ਼ ਉਨ੍ਹਾਂ ਦੀ ਜ਼ਿੰਦਗੀ





'ਚ ਹੁਣ ਤੱਕ ਦੀ ਪ੍ਰਾਪਤੀ ਤੇ ਕਾਬਲੀਅਤ ਤੇ ਝਾਤ ਮਾਰ ਰਹੇ ਹਾਂ। ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਕਾਰਨ ਬਣੇ ਕੱਲ੍ਹ ਦੇ ਦੋ ਖਿਡਾਰੀ ਤੇ ਅੱਜ ਦੇ ਨੇਤਾਵਾਂ ਦੇ ਜੇ ਪਿਛੋਕੜ ਨੂੰ ਫਰੋਲਿਆ ਜਾਵੇ ਤਾਂ ਉਨ੍ਹਾਂ ਦਾ ਜੁਝਾਰੂਪਣ ਸਾਫ਼ ਝਲਕਦਾ। ਉਨ੍ਹਾਂ ਦਾ ਖਿਡਾਰੀ ਦੇ ਤੌਰ ਤੇ ਜੀਵਿਆ ਸਮਾਂ ਕਿਸੇ ਵੀ ਨੌਜਵਾਨ ਲਈ ਪ੍ਰੇਰਨਾਦਾਇਕ ਹੋ ਸਕਦਾ ਹੈ।

ਪਹਿਲਾਂ ਇਮਰਾਨ ਦੀ ਗੱਲ ਕਰਦੇ ਹਾਂ। ਉਹ ਪਾਕਿਸਤਾਨ ਦੀ ਟੀਮ 'ਚ ਬੜੀ ਤੇਜ਼ੀ ਨਾਲ ਇਕ ਆਲ-ਰਾਊਂਡਰ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ। ਉਸ ਨੇ ਛੇਤੀ ਹੀ ਦੁਨੀਆ ਦੇ ਚਾਰ ਮਹਾਨ ਆਲ ਰਾਊਂਡਰਜ਼ 'ਚ ਆਪਣਾ ਨਾਮ ਲਿਖਵਾ ਲਿਆ। ਉਸ ਵਕਤ ਇੰਗਲੈਂਡ ਦੇ ਇਆਨ ਬਾਥਮ, ਭਾਰਤ ਦੇ ਕਪਿਲ ਦੇਵ, ਨਿਊਜ਼ੀਲੈਂਡ ਦੇ ਸਰ ਰਿਚਰਡ ਹੈਡਲੀ ਦੇ ਨਾਲ ਨੌਜਵਾਨ ਇਮਰਾਨ ਖ਼ਾਨ ਦੀ ਤੂਤੀ ਬੋਲਦੀ ਸੀ। ਅਚਾਨਕ ਇਕ ਸੱਟ ਨੇ ਨਾ ਕਿ ਇਮਰਾਨ ਨੂੰ ਟੀਮ ਚੋਂ ਬਾਹਰ ਕਰ ਦਿੱਤਾ ਉਲਟਾ ਉਸ ਦੇ ਭਵਿੱਖ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਸੀ ਪਰ ਜੁਝਾਰੂ ਅਤੇ ਜਨੂਨੀ ਇਨਸਾਨ ਨੇ ਨਾ ਸਿਰਫ਼ ਕ੍ਰਿਕਟ 'ਚ ਵਾਪਸੀ ਕੀਤੀ, ਉਲਟਾ ਸੰਨ 1992 'ਚ ਜੋ ਪਾਕਿਸਤਾਨ ਦੀ ਟੀਮ ਇਕ ਵਕਤ ਲੀਗ ਮੈਚਾਂ 'ਚੋਂ ਹੀ ਬਾਹਰ ਹੁੰਦੀ ਜਾਪਦੀ ਸੀ, ਨੂੰ ਆਪਣੇ ਦਮ ਉਤੇ ਵਰਲਡ ਕੱਪ ਜਿਤਾ ਕੇ ਦੁਨੀਆ ਨੂੰ ਦਰਸਾ ਦਿੱਤਾ ਕਿ ਉਹ ਹਾਰ ਮੰਨ ਕੇ ਬੈਠਣ ਵਾਲਾ ਨਹੀਂ ਹੈ। ਪਾਕਿਸਤਾਨੀ ਕ੍ਰਿਕਟ ਦਾ ਸਿਰਮੌਰ ਤਾਜ ਪਹਿਨਣ ਤੋਂ ਬਾਅਦ ਉਸ ਦੇ ਜੀਵਨ 'ਚ ਉਸ ਦੀ ਮਾਂ ਦੀ ਕੈਂਸਰ ਨਾਲ ਹੋਈ ਮੌਤ ਨੇ ਬਹੁਤ ਵੱਡਾ ਬਦਲਾਅ ਲਿਆਂਦਾ ਤੇ ਉਸ ਨੇ ਇਕੱਲੇ ਆਪਣੇ ਦਮ ਉਤੇ ਕੈਂਸਰ ਨਾਲ ਲੜਨ ਦਾ ਹੀਆ ਕਰ ਕੇ ਪਾਕਿਸਤਾਨ ਜਿਹੇ ਗ਼ਰੀਬ ਮੁਲਕ ਨੂੰ ਦੋ ਵੱਡੇ ਕੈਂਸਰ ਹਸਪਤਾਲ ਬਣਾ ਕੇ ਦਿੱਤੇ ਤੇ ਅੱਜ ਵੀ ਆਪਣੀ ਕਮਾਈ ਦਾ ਵੱਡਾ ਹਿੱਸਾ ਉਹ ਇਹਨਾਂ ਨੂੰ ਦਾਨ ਵਿੱਚ ਦੇ ਰਿਹਾ ਹੈ। ਇਸੇ ਦੌਰਾਨ ਉਸ ਨੇ ਪਾਕਿਸਤਾਨ ਦੀ ਜਨਤਾ ਦੀ ਗ਼ਰੀਬੀ ਨੇੜੇ ਹੋ ਕੇ ਦੇਖੀ ਤੇ ਸਿਆਸਤ 'ਚ ਕੁੱਦ ਪਿਆ। ਸਿਆਸਤ 'ਚ ਆਉਣ ਦੇ ਪਹਿਲੇ ਦਿਨ ਤੋਂ ਉਹ ਇੱਕੋ ਦਾਅਵਾ ਕਰ ਰਿਹਾ ਹੈ ਕਿ ਉਹ ਪਾਕਿਸਤਾਨ ਦੇ ਅਵਾਮ ਦਾ ਜੀਵਨ ਪੱਧਰ ਉੱਚਾ ਚੱਕ ਕੇ ਹੀ ਦਮ ਲਵੇਗਾ। ਉਹ ਅਸਮਾਨੋਂ (ਪੈਰਾਸ਼ੂਟ) ਉਤਰਿਆ ਨੇਤਾ ਨਹੀਂ ਸਗੋਂ 22 ਵਰ੍ਹੇ ਸਿਆਸਤ, ਫ਼ੌਜ ਅਤੇ ਵੱਖਵਾਦੀ ਤਾਕਤਾਂ ਨਾਲ ਦੋ ਚਾਰ ਹੁੰਦਿਆਂ ਆਇਆ ਹੈ, ਸੋ ਉਹ ਜ਼ਮੀਨ ਚੋਂ ਉੱਠਿਆ (ਗਰਾਸ ਰੂਟ) ਨੇਤਾ ਹੈ।

ਆਉਂਦਿਆਂ ਹੀ ਖ਼ਾਲੀ ਖ਼ਜ਼ਾਨੇ ਵਾਲੇ ਮੁਲਕ 'ਚ ਖ਼ਰਚੇ ਘਟਾਉਣ ਤੇ ਵੱਡੀਆਂ ਸਰਕਾਰੀ ਇਮਾਰਤਾਂ ਨੂੰ ਉੱਚ ਵਿੱਦਿਅਕ ਅਦਾਰੇ ਬਣਾ ਕੇ ਪਾਕਿਸਤਾਨ ਦੇ ਭਵਿੱਖ ਨੂੰ ਸੰਵਾਰਨ ਦਾ ਕੰਮ ਉਹ ਸ਼ੁਰੂ ਕਰ ਚੁੱਕੇ ਹਨ। ਆਪਣੇ ਰਵਾਇਤੀ ਵਿਰੋਧੀ ਵੱਲ ਦੋਸਤੀ ਦਾ ਹੱਥ ਵਧਾ ਚੁੱਕੇ ਹਨ। ਇਹ ਵੱਖਰੀ ਗੱਲ ਹੈ ਕਿ ਭਾਜਪਾ ਨੇ ਆਪਣੇ ਹਿੰਦੂ ਵੋਟ ਬੈਂਕ ਦੀ ਖ਼ੁਸ਼ੀ ਲਈ ਇਮਰਾਨ ਖ਼ਾਨ ਵੱਲੋਂ ਵਧਾਏ ਹੱਥ ਨੂੰ ਇਹ ਕਹਿ ਕੇ ਨਕਾਰ ਦਿੱਤਾ ਸੀ ਕਿ ਪਹਿਲਾਂ ਅੱਤਵਾਦ ਖ਼ਤਮ ਕਰੋ। ਪਰ ਉਨ੍ਹਾਂ ਨੂੰ ਇਹ ਕੌਣ ਪੁੱਛੇ ਕਿ ਕੋਈ ਵੀ ਪੁਰਾਣਾ ਰੋਗ ਕੋਈ ਬਟਨ ਦੱਬੇ ਤੋਂ ਠੀਕ ਨਹੀਂ ਹੋ ਜਾਂਦਾ। ਉਸ ਲਈ ਉਲਟ ਹਾਲਤਾਂ 'ਚ ਵੀ ਕੋਸ਼ਿਸ਼ਾਂ ਕਰਨੀਆਂ ਪੈਂਦੀਆਂ ਹਨ ਫੇਰ ਜਾਂ ਕੇ ਕਿਤੇ ਇਲਾਜ ਹੁੰਦਾ ਹੈ।

ਇੱਥੇ ਇਕ ਪੱਖ ਇਹ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਕਰਤਾਰਪੁਰ ਲਾਂਘਾ ਖੋਲ੍ਹ ਕੇ ਇਮਰਾਨ ਨੇ ਆਪਣੀ ਸਿਆਸੀ ਸੂਝ ਬੂਝ ਨੂੰ ਵੀ ਦਰਸਾਇਆ ਹੈ। ਭਾਵੇਂ ਇਸ ਪਿੱਛੇ ਉਨ੍ਹਾਂ ਦੀ ਮਨਸ਼ਾ ਇਹ ਨਾ ਹੋਵੇ ਪਰ ਉਨ੍ਹਾਂ ਵੱਲੋਂ ਲਏ ਗਏ ਇਸ ਫ਼ੈਸਲੇ ਨੇ ਭਾਰਤ ਸਰਕਾਰ ਦੇ ਮੂੰਹ 'ਚ ਕੋਹੜ ਕਿਰਲੀ ਵਾਲੀ ਹਾਲਤ ਪੈਦਾ ਕਰ ਦਿੱਤੀ। ਜਿਹੜੀ ਸਰਕਾਰ ਕੁਝ ਦਿਨ ਪਹਿਲਾਂ ਕੋਈ ਗੱਲ ਕਰਨ ਨੂੰ ਤਿਆਰ ਨਹੀਂ ਸੀ, ਉਹੀ ਸਰਕਾਰ ਇਕ ਪਾਸੇ ਰਾਹ ਬਣਾਉਣ ਦਾ ਉਦਘਾਟਨ ਕਰਦੀ ਦਿਸੀ ਤੇ ਦੂਜੇ ਪਾਸੇ ਆਪਣੇ ਦੋ ਮੰਤਰੀਆਂ ਨੂੰ ਉੱਥੇ ਭੇਜਦੀ ਵੀ ਦਿਸੀ।

ਮੈਂ ਕੁਝ ਕੁ ਦਿਨ ਪਹਿਲਾਂ ਆਪਣੇ ਇਕ ਪਾਕਿਸਤਾਨੀ ਮਿੱਤਰ ਨਾਲ ਗੱਲ ਕਰ ਰਿਹਾ ਸੀ ਤਾਂ ਉਹ ਕਹਿੰਦਾ "ਭਰਾ ਪਾਕਿਸਤਾਨੀ ਅਵਾਮ ਦੀ ਝੋਲੀ 'ਚ ਬਸ ਇਹੀ ਇਕ ਹੁਕਮ ਦਾ ਯੱਕਾ ਰਹਿ ਗਿਆ ਸੀ ਜੇ ਹੁਣ ਇਹ ਵੀ ਫ਼ੇਲ੍ਹ ਹੋ ਗਿਆ ਤਾਂ ਬਸ ਅੱਲਾਹ ਬੇਲੀ।"

ਅੱਜ ਦੀ ਘੜੀ ਤਾਂ ਇਹ ਹੁਕਮ ਦਾ ਯੱਕਾ ਇਕੱਲੀ ਪਾਕਿਸਤਾਨੀ ਅਵਾਮ ਲਈ ਨਹੀਂ ਬਲਕਿ ਭਾਰਤੀ ਅਵਾਮ ਲਈ ਵੀ ਆਸ ਦੀ ਕਿਰਨ ਬਣ ਕੇ ਸਾਹਮਣੇ ਆਇਆ ਹੈ ਪਰ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਵੱਖਵਾਦੀਆਂ ਅਤੇ ਮਾੜੀ ਸੋਚ ਦੇ ਸਿਆਸਤਦਾਨਾਂ ਨੇ ਵੀ ਕੋਈ ਚੂੜੀਆਂ ਨਹੀਂ ਪਾ ਰੱਖੀਆਂ। ਉਹ ਮਰਦੇ ਦਮ ਤਕ ਆਪਣੀ ਵਾਹ ਜ਼ਰੂਰ ਲਾਉਣਗੇ। ਬੱਸ ਹੁਣ ਤਾਂ ਇਹੀ ਕਹਿ ਸਕਦੇ ਹਾਂ ਕਿ ਜੇ ਇਮਰਾਨ ਖ਼ਾਨ ਦੀ ਨੀਅਤ ਵਾਕਿਆ ਸਾਫ਼ ਹੈ ਤਾਂ ਉਸ ਦੀ ਝੋਲੀ ਮੁਰਾਦਾਂ ਤੋਂ ਭਰਨ ਤੋਂ ਕੋਈ ਨਹੀਂ ਰੋਕ ਸਕਦਾ।

ਹੁਣ ਗੱਲ ਕਰਦੇ ਹਾਂ ਨਵਜੋਤ ਸਿੰਘ ਸਿੱਧੂ ਦੀ। ਪਟਿਆਲੇ ਦੇ ਇਕ ਉੱਘੇ ਵਕੀਲ ਅਤੇ ਸਿਆਸਤਦਾਨ ਪਰਿਵਾਰ 'ਚ ਪੈਦਾ ਹੋਇਆ ਨਵਜੋਤ ਫ਼ਿਲਹਾਲ ਜੇ ਹਿੰਦੁਸਤਾਨ ਨਹੀਂ ਤਾਂ ਪੰਜਾਬ ਲਈ 'ਨਵੀਂ ਜੋਤ' ਦੇ ਤੌਰ ਉਤੇ ਤਾਂ ਜ਼ਰੂਰ ਦੇਖਿਆ ਜਾ ਰਿਹਾ ਹੈ। ਸ਼ਾਇਦ ਉਹ ਦਿਨ ਦੂਰ ਨਹੀਂ ਜਦੋਂ ਉਹ ਪੰਜਾਬ ਦੇ ਮੁੱਖ ਮੰਤਰੀਆਂ ਦੀ ਕਤਾਰ 'ਚ ਆਣ ਖੜ੍ਹਾ ਹੋਵੇਗਾ। ਭਾਵੇਂ ਇਹ ਹਾਲੇ ਸਮੇਂ ਤੋਂ ਅਗਾਂਹ ਦੀ ਗੱਲ ਹੈ ਪਰ ਉਨ੍ਹਾਂ ਦੇ ਸਿਆਸੀ ਪਾਲਨੇ 'ਚ ਪਿਆਂ ਦੇ ਪੈਰ ਤਾਂ ਕੁਝ ਇਹ ਹੀ ਕਹਾਣੀ ਬਿਆਨ ਕਰ ਰਹੇ ਹਨ। ਜੇ ਅੱਜ ਨਵਜੋਤ ਮੁੱਖ ਮੰਤਰੀ ਜਾ ਫੇਰ ਕਿਸੇ ਉੱਚ ਅਹੁਦੇ ਨੂੰ ਹੱਥ ਪਾਉਣ ਦੇ ਨੇੜੇ ਹੋਇਆ ਹੈ ਤਾਂ ਉਸ ਪਿੱਛੇ ਉਸ ਦਾ ਜੁਝਾਰੂਪਣ ਸਾਫ਼ ਝਲਕਦਾ ਹੈ। ਉਸ ਨੂੰ ਸਿਆਸਤ ਦੀ ਗੁੜ੍ਹਤੀ ਬਚਪਨ 'ਚ ਮਿਲੀ। ਬਾਪ ਉੱਘੇ ਵਕੀਲ ਤੇ ਆਪਣੇ ਸਮੇਂ ਦੇ ਚੰਗੇ ਖਿਡਾਰੀ ਸ. ਭਗਵੰਤ ਸਿੰਘ ਸਿੱਧੂ ਕਾਂਗਰਸ 'ਚ ਸਾਰੀ ਉਮਰ ਕੰਮ ਕਰਦੇ ਰਹੇ। ਜਦੋਂ ਸਿੱਧੂ ਪਹਿਲੀ ਵਾਰ ਸਿਆਸਤ 'ਚ ਕੁੱਦੇ ਤਾਂ ਉਨ੍ਹਾਂ ਬੀਜੇਪੀ. ਦਾ ਲੜ ਜਾ ਫੜਿਆ ਜੋ ਕਿ ਉਸ ਵਕਤ ਬਹੁਤ ਹੈਰਾਨ ਕਰਨ ਵਾਲਾ ਸੀ। ਲਗਦਾ ਉਸ ਵਕਤ ਉਹੀ ਗ਼ਲਤੀ ਕਾਂਗਰਸ ਨੇ ਕੀਤੀ ਸੀ ਜੋ ਪਿਛਲੇ ਵਰ੍ਹਿਆਂ 'ਚ ਆਮ ਆਦਮੀ ਪਾਰਟੀ ਨੇ ਕੀਤੀ। ਜੇਕਰ ਪਿਛਲੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਸਿੱਧੂ ਦੀ ਅਗਵਾਈ 'ਚ ਪੰਜਾਬ ਚੋਣਾਂ ਲੜਦੀ ਤਾਂ ਦਿੱਲੀ ਵਾਂਗ ਪੰਜਾਬ 'ਚ ਵੀ ਆਪ ਨੇ ਹੂੰਝਾ ਫੇਰ ਦੇਣਾ ਸੀ। ਸਿੱਧੂ ਦੇ ਖ਼ੁਦ ਦੇ ਕਹਿਣ ਮੁਤਾਬਿਕ ਪਾਰਟੀਆਂ ਉਸ ਨੂੰ ਸਿਰਫ਼ ਦਿਖਾਵੇ ਦੀ ਵਸਤੂ ਦੇ ਤੌਰ ਉਤੇ ਵਰਤ ਰਹੀਆਂ ਸਨ। ਚੋਣਾਂ ਤਕ ਵਰਤੋ ਤੇ ਫੇਰ ਭੁੱਲ ਜਾਓ ਤੇ ਕਹੋ! ਜਾਓ ਤੁਸੀਂ ਆਪਣੇ ਟੀਵੀ. ਸ਼ੋਅ ਕਰੋ। ਪਰ ਇਸ ਵਾਰ ਉਨ੍ਹਾਂ ਨੇ ਧਾਰ ਲਿਆ ਸੀ ਕਿ ਜਿਹੜੀ ਵੀ ਪਾਰਟੀ 'ਚ ਉਹ ਆਉਣਗੇ, ਉਸ 'ਚ ਉਹ ਆਪਣਾ ਬਣਦਾ ਮਾਣ ਸਤਿਕਾਰ ਜ਼ਰੂਰ ਲੈਣਗੇ।

ਸਿੱਧੂ ਦੀਆਂ ਸਿਆਸਤ ਦੀਆਂ ਹੋਰ ਗੱਲਾਂ ਕਰਨ ਤੋਂ ਪਹਿਲਾਂ ਆਪਾਂ ਉਸ ਦੇ ਖੇਡ ਜੀਵਨ ਉਤੇ ਵੀ ਝਾਤ ਮਾਰ ਲਈਏ। ਬਾਪ ਸ. ਭਗਵੰਤ ਸਿੰਘ ਸਿੱਧੂ ਜੋ ਕਿ ਖ਼ੁਦ ਇਕ ਚੰਗੇ ਕ੍ਰਿਕਟਰ ਰਹੇ ਸਨ, ਦਾ ਸੁਪਨਾ ਸੀ ਕਿ ਪੁੱਤ ਉੱਚ ਦਰਜੇ ਦਾ ਖਿਡਾਰੀ ਬਣੇ। ਉਨ੍ਹਾਂ ਸਾਰਾ ਜ਼ੋਰ ਲਾ ਦਿੱਤਾ ਨਵਜੋਤ ਨੂੰ ਭਾਰਤੀ ਟੀਮ ਦੀ ਉਂਗਲ ਫੜਾਉਣ 'ਤੇ। ਪਰ ਸੰਨ 1983 'ਚ ਸ਼ੁਰੂਆਤੀ ਟੈਸਟ ਮੈਚ 'ਚ ਇਕ ਖੇਡ ਲਿਖਾਰੀ ਰਾਜਨ ਬਾਲਾ ਵੱਲੋਂ ਆਪਣੇ ਲੇਖ 'ਚ ਲਿਖੀ ਇੱਕ ਲਾਈਨ 'ਸਟ੍ਰੋਕ ਲੈਸ ਵੰਡਰ'("Sidhu The Strokeless Wonder") ਨੇ ਅਗਲੇ ਚਾਰ ਸਾਲ ਲਈ ਭਾਰਤ ਦੀ ਟੀਮ ਦੇ ਦਰਵਾਜ਼ੇ ਸਿੱਧੂ ਲਈ ਬੰਦ ਕਰ ਦਿੱਤੇ ਸਨ। ਪਰ ਕਹਿੰਦੇ ਹਨ ਕਿ ਨਵਜੋਤ ਨੇ ਅਖ਼ਬਾਰ ਦੀ ਉਹ ਕਟਿੰਗ ਕੱਟ ਕੇ ਆਪਣੇ ਕਮਰੇ 'ਚ ਲਾ ਲਈ ਸੀ। ਹਰ ਰੋਜ਼ ਉਸ ਲਾਈਨ ਨੂੰ ਪੜ੍ਹ ਕੇ ਸਿੱਧੂ ਆਪਣੇ ਜਨੂੰਨ ਨੂੰ ਹੱਦਾਂ ਤੋਂ ਪਾਰ ਲੈ ਗਿਆ ਸੀ। ਕਿਹਾ ਜਾਂਦਾ ਹੈ ਕਿ ਸਿੱਧੂ ਨੂੰ ਜਦੋਂ ਸੰਨ 1987 'ਚ ਚਾਰ ਸਾਲ ਬਾਅਦ ਭਾਰਤ ਦੀ ਟੀਮ 'ਚ ਵਾਪਸੀ ਦਾ ਮੌਕਾ ਮਿਲਿਆ ਤਾਂ ਦਿਖਾ ਦਿੱਤਾ ਕਿ ਸਟ੍ਰੋਕ ਕਿਸ ਨੂੰ ਕਿਹਾ ਜਾਂਦਾ। ਰਾਜਨ ਬਾਲਾ ਦੀ ਉਸੇ ਕਲਮ ਨੇ ਫੇਰ ਸਿੱਧੂ ਨੂੰ "Sidhu From Strokeless Wonder To A Palm-Grove Hitter", ਲਿਖ ਕੇ ਨਿਵਾਜਿਆ। ਉਸ ਕੱਪ ਦੇ ਪ੍ਰਤੱਖਦਰਸ਼ੀ ਹਾਲੇ ਭੁੱਲੇ ਨਹੀਂ ਹੋਣੇ ਜਦੋਂ ਸਿੱਧੂ ਪੰਜਾਹ ਬਣਾ ਲੈਂਦਾ ਸੀ ਤਾਂ ਸਿਰਫ਼ ਚਾਰ-ਪੰਜ ਗੇਂਦਾਂ ਬਾਅਦ ਸਕੋਰ ਬੋਰਡ ਤੇ ਪਝੱਤਰ ਲਿਖਵਾ ਦਿੰਦਾ ਸੀ। ਕ੍ਰਿਕਟ ਨਾਲ ਜੁੜਿਆ ਇਕ ਹੋਰ ਵਾਕਿਆਤ, ਜੋ ਸਦਾ ਲਈ ਯਾਦ ਰੱਖਿਆ ਜਾਵੇਗਾ, ਉਹ ਹੈ ਸਿੱਧੂ ਦਾ ਸੰਨ 1996 ਦਾ ਇੰਗਲੈਂਡ ਦੌਰਾ। ਉਸ ਦੌਰੇ ਨੂੰ ਵਿਚਾਲੇ ਛੱਡ ਕੇ ਆਉਣ ਦਾ ਜੋ ਸਾਹਸੀ ਫ਼ੈਸਲਾ ਸਿੱਧੂ ਨੇ ਲਿਆ ਸੀ, ਉਹ ਭਾਵੇਂ ਅੱਜ ਤੱਕ ਬੁਝਾਰਤ ਬਣਿਆ ਹੋਇਆ ਹੈ ਪਰ ਆਪਣੇ ਸਵੈਮਾਣ ਲਈ ਸਿੰਘਾਸਣ ਨੂੰ ਲੱਤ ਮਾਰਨ ਦੀ ਇਕ ਨਿਵੇਕਲੀ ਘਟਨਾ ਦੇ ਤੌਰ ਉਤੇ ਸਦਾ ਯਾਦ ਰੱਖਿਆ ਜਾਵੇਗਾ। ਭਾਵੇਂ ਇਸ ਵਰਤਾਰੇ ਦੀ ਸਿੱਧੂ ਜਾ ਫੇਰ ਉਸ ਵਕਤ ਦੇ ਕਪਤਾਨ ਅਜ਼ਹਰੂਦੀਨ ਨੇ ਹਾਲੇ ਤੱਕ ਆਪਣੇ ਮੂੰਹੋਂ ਪੁਸ਼ਟੀ ਨਹੀਂ ਕੀਤੀ ਪਰ ਉਸ ਵਕਤ ਦੇ ਗਵਾਹ ਦੱਸਦੇ ਹਨ ਕਿ ਸਿੱਧੂ ਜਦੋਂ ਤਿਆਰ ਹੋ ਕੇ ਬੈਟਿੰਗ ਕਰਨ ਲਈ ਜਾ ਰਹੇ ਸਨ ਤਾਂ ਉਸ ਵਕਤ ਅਜ਼ਹਰ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕਿੱਥੇ ਜਾ ਰਹੇ ਹੋ? ਤੁਸੀਂ ਤਾਂ ਅੱਜ ਖੇਡਣ ਵਾਲੇ ਗਿਆਰਾਂ ਖਿਡਾਰੀਆਂ 'ਚ ਹੀ ਨਹੀਂ ਹੋ। ਇਹ ਇਕ ਕਪਤਾਨ ਵੱਲੋਂ ਵਰਤਿਆ ਗਿਆ ਸਹੀ ਤਰੀਕਾ ਨਹੀਂ ਸੀ ਪਰ ਸਿੱਧੂ ਨੇ ਉਸੇ ਵਕਤ ਟੀਮ ਦਾ ਸਾਥ ਛੱਡ ਦੌਰੇ ਦੇ ਅੱਧ ਵਿਚਾਲਿਓ ਇੰਡੀਆ ਲਈ ਜਹਾਜ਼ ਫੜ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਬਾਅਦ 'ਚ ਸਿੱਧੂ ਦੀ ਟੀਮ 'ਚ ਹੋਈ ਵਾਪਸੀ ਨੇ ਉਸ ਦੇ ਫ਼ੈਸਲੇ ਨੂੰ ਦਰੁਸਤ ਕਰਾਰ ਦੇ ਦਿੱਤਾ ਸੀ। ਸਿੱਧੂ ਜਿੱਥੇ ਅਨੁਭਵੀ ਗਵਾਸਕਰ ਦਾ ਸਾਥੀ ਸਲਾਮੀ ਬੱਲੇਬਾਜ਼ ਰਿਹਾ, ਉੱਥੇ ਨੌਜਵਾਨ ਸਚਿਨ ਦਾ ਸਾਥ ਵੀ ਉਨ੍ਹਾਂ ਮਾਣਿਆ। ਸਿੱਧੂ ਦੇ ਮਾਮਲੇ 'ਚ ਸਭ ਤੋਂ ਵੱਡੇ ਬਦਲਾਅ ਦੀ ਗੱਲ ਕੀਤੀ ਜਾਵੇ ਤਾਂ ਉਹ ਹੈ ਸੁਭਾਅ 'ਚ ਬੜਬੋਲਾਪਣ। ਉਨ੍ਹਾਂ ਦੇ ਪੁਰਾਣੇ ਸਾਥੀ ਦੱਸਦੇ ਹਨ ਕਿ ਸਿੱਧੂ ਟੀਮ 'ਚ ਬਹੁਤ ਹੀ ਸ਼ਰਮਾਕਲ ਤੇ ਘੱਟ ਬੋਲਣ ਵਾਲੇ ਇਨਸਾਨ ਦੇ ਤੌਰ ਉਤੇ ਜਾਣੇ ਜਾਂਦੇ ਸਨ।

ਗੱਲ ਸੰਨ 1991 ਦੀ ਹੈ, ਦਿੱਲੀ ਦੇ ਫ਼ਿਰੋਜ਼ਸ਼ਾਹ ਕੋਟਲਾ ਮੈਦਾਨ 'ਚ ਇਕ ਇਰਾਨੀ ਟਰਾਫ਼ੀ ਮੈਚ ਚੱਲ ਰਿਹਾ ਸੀ। ਭਾਰਤ 'ਚ ਇਰਾਨੀ ਟਰਾਫ਼ੀ ਮੈਚ ਹਰ ਸਾਲ ਰਣਜੀ ਟਰਾਫ਼ੀ ਜੇਤੂ ਟੀਮ ਦਾ ਬਾਕੀ ਭਾਰਤ ਤੋਂ ਚੁਣੀ ਟੀਮ ਨਾਲ ਮੁਕਾਬਲਾ ਹੁੰਦਾ ਹੈ। ਉਸ ਸਾਲ ਉਹ ਮੈਚ ਇਸ ਲਈ ਖ਼ਾਸ ਸੀ ਕਿ ਉਸ ਮੈਚ ਦੇ ਆਧਾਰ ਤੇ ਆਗਾਮੀ ਵੈਸਟ ਇੰਡੀਜ਼ ਦੇ ਦੌਰੇ ਤੇ ਜਾਣ ਵਾਲੀ ਭਾਰਤੀ ਟੀਮ ਦੀ ਚੋਣ ਹੋਣੀ ਸੀ। ਮਨਿੰਦਰ ਸਿੰਘ ਵਾਪਸੀ ਦੀ ਕੋਸ਼ਿਸ਼ 'ਚ ਸੀ ਤੇ ਅਨਿਲ ਕੁੰਬਲੇ ਆਪਣੀ ਸ਼ੁਰੂਆਤ ਦੀ ਕੋਸ਼ਿਸ਼ 'ਚ ਸੀ। ਸਬੱਬੀਂ ਸਾਨੂੰ ਵੀ ਉਹ ਮੈਚ ਦੇਖਣ ਦਾ ਮੌਕਾ ਮਿਲ ਗਿਆ ਤੇ ਕੋਈ ਜੁਗਾੜ ਜਿਹਾ ਲਾ ਕੇ ਮੈਂ ਤੇ ਭੂਆ ਦਾ ਪੁੱਤ ਮਨਜਿੰਦਰ ਧਾਲੀਵਾਲ ਨੇ ਪਵੇਲੀਅਨ ਦੇ ਪਾਸ ਲੈ ਲਏ। ਹਾਲੇ ਉੱਥੇ ਜਾ ਕੇ ਬੈਠੇ ਹੀ ਸੀ ਕਿ ਸਿੱਧਾ ਇਕ ਛੱਕਾ ਸਾਡੇ ਪੈਰਾਂ 'ਚ ਸਿੱਧੂ ਨੇ ਲਿਆ ਮਾਰਿਆ। ਸਾਡੀ ਰੂਹ ਖ਼ੁਸ਼ ਹੋ ਗਈ। ਲੱਗਿਆ ਪੰਜਾਬੀ ਸ਼ੇਰ ਨੇ ਸਾਡਾ ਸਵਾਗਤ ਕੀਤਾ ਹੋਵੇ ਪਰ ਇਸ ਅਸਲੀ ਸ਼ੇਰ ਦੇ ਦਰਸ਼ਨ ਖਾਣੇ ਦੇ ਵਕਫ਼ੇ ਦੌਰਾਨ ਹੋਏ। ਸਾਰੇ ਖਿਡਾਰੀ ਸਾਡੇ ਆਲ਼ੇ ਦੁਆਲੇ ਸਨ ਤੇ ਜਦੋਂ ਉਹ ਖਾਣਾ ਖਾਣ ਤੋਂ ਬਾਅਦ ਵਾਪਸ ਮੈਦਾਨ 'ਚ ਜਾਣ ਲੱਗੇ ਤਾਂ ਦਿੱਲੀ ਦੇ ਕੁਝ ਵਿਗੜੇ ਤਿਗੜੇ ਜਿਹੇ ਨੌਜਵਾਨ ਜੰਗਲ਼ਿਆਂ ਨਾਲ ਆਣ ਖਲੋਤੇ ਤੇ ਖਿਡਾਰੀਆਂ ਨੂੰ ਉਲਟੇ ਸਿੱਧੇ ਤਾਅਨੇ ਮਾਰਨ ਲੱਗ ਪਏ। ਬੜੀ ਨੇੜੇ ਤੋਂ ਭੱਦੀ ਸ਼ਬਦਾਵਲੀ ਸੁਣਨ ਨੂੰ ਮਿਲੀ ਤੇ ਬੜਾ ਦੁੱਖ ਲੱਗਿਆ। ਅਸੀਂ ਇਹਨਾਂ ਖਿਡਾਰੀਆਂ ਦਾ ਏਨਾ ਸਨਮਾਨ ਕਰਦੇ ਹਾਂ ਤੇ ਇਹ ਕੁਝ ਛੋਕਰੇ ਜਿਹੇ

**ਬਾਕੀ ਸਫ਼ਾ 28 'ਤੇ**

# ਹਰਸ਼ ਮਾਸੀ ਦਾ ਜਿੱਤ ਦਾ ਮੰਤਰ

ਡਾ. ਹਰਸ਼ਿੰਦਰ ਕੌਰ, ਐਮ. ਡੀ.,
(ਫੋਨ ਨੰ: 0175-2216783)



“ਅੱਜ ਤਾਂ ਮੈਂ ਏਨਾ ਥੱਕ ਗਿਆਂ ਕਿ ਹੁਣ ਹੋਰ ਪੜ੍ਹਿਆ ਨਹੀਂ ਜਾਣਾ,” ਹਿੰਤੀ ਬੋਲਿਆ, “ਮੈਂ ਵੀ ਥੱਕਿਆ ਪਿਆਂ,” ਜੀਵ ਨੇ ਆਵਾਜ਼ ਮਾਰੀ। “ਚਲੋ ਫੇਰ ਹਰਸ਼ ਮਾਸੀ ਤੋਂ ਕਹਾਣੀ ਸੁਣ ਲੈਂਦੇ ਆਂ। ਆਪਾਂ ਸਾਰੇ ਪੜ੍ਹ-ਪੜ੍ਹ ਕੇ ਥੱਕ ਚੁੱਕੇ ਆਂ,” ਸੁੱਖੀ ਚਹਿਕੀ।

ਹਰਸ਼ ਮਾਸੀ ਤੇ ਗੁਰਪਾਲ ਮਾਸੜ ਜੀ ਨੇ ਅੰਬ ਕੱਟ ਕੇ ਸਭ ਦੇ ਸਾਹਮਣੇ ਧਰੇ ਤੇ ਕਿਹਾ, “ਤੁਸੀਂ ਬਹਾਨੇ ਕਿਉਂ ਲੱਭਦੇ ਪਏ ਓ? ਜੇ ਨੀਅਤ ਹੋਵੇ ਤਾਂ ਔਖੇ ਤੋਂ ਔਖੇ ਕੰਮ ਵੀ ਸੌਖੇ ਹੋ ਜਾਂਦੇ ਨੇ।”

“ਮਾਸੀ ਜੀ ਕੋਈ ਕਹਾਣੀ ਸੁਣਾ ਦਿਓ ਨਾ,” ਨਾਨੂ ਨੇ ਤਰਲਾ ਲਿਆ।

“ਹਰਸ਼ਾਂ ਤੂੰ ਇਨਾਂ ਨੂੰ ‘ਕਰੋਲੀ’ ਦੀ ਕਹਾਣੀ ਸੁਣਾ। ਇਨਾਂ ਨੂੰ ਤਾਂ ਈ ਸਮਝ ਆਏਗੀ ਕਿ ਇਨਸਾਨੀ ਮਨ ਕਿੰਨਾ ਤਾਕਤਵਰ ਹੁੰਦੈ ਤੇ ਜਿੱਤ ਦਾ ਮੰਤਰ ਕੀ ਹੁੰਦੈ,” ਗੁਰਪਾਲ ਮਾਸੜ ਜੀ ਨੇ ਕਿਹਾ।

“ਕਰੇਲੇ ਦੀ ਕਹਾਣੀ,” ਹੈਰੀ ਨੇ ਹੈਰਾਨ ਹੋ ਕੇ ਪੁੱਛਿਆ? “ਕਰੇਲੇ ਦੀ ਨਹੀਂ,” ਹਰਸ਼ ਮਾਸੀ ਨੇ ਹੱਸਦੇ ਹੋਏ ਕਿਹਾ,” ਕਰੋਲੀ ਦੀ! ਉਹ ਹੰਗਰੀ ’ਚ 21 ਜਨਵਰੀ 1910 ’ਚ ਪੈਦਾ ਹੋਇਆ ਸੀ ਤੇ 5 ਜਨਵਰੀ 1976 ’ਚ ਉਸ ਦੀ ਮੌਤ ਵੀ ਹੋ ਗਈ ਸੀ।”

“ਉਸ ਨੇ ਕੀ ਕੀਤਾ ਸੀ,” ਸੁੱਖੀ ਨੇ ਪੁੱਛਿਆ?

“ਬੱਚੀਏ, ਉਸ ਨੂੰ ਪਿਸਤੌਲ ਚਲਾਉਣ ਦਾ ਸ਼ੌਕ ਸੀ ਤੇ ਉਹ ਚਾਹੁੰਦਾ ਸੀ ਕਿ ਉਹ ਏਨੀ ਵਧੀਆ ਪਿਸਤੌਲ ਚਲਾਏ ਕਿ ਦੁਨੀਆ ਭਰ ’ਚ ਪਹਿਲੇ ਨੰਬਰ ਉੱਤੇ ਗਿਣਿਆ ਜਾਏ ਤੇ ਓਲੰਪਿਕ ’ਚ ਮੈਡਲ ਹਾਸਲ ਕਰੇ,” ਗੁਰਪਾਲ ਮਾਸੜ ਜੀ ਨੇ ਦੱਸਿਆ।

“ਗੋਲੀਆਂ ਮਾਰਨੀਆਂ ਚੰਗੀ ਗੱਲ ਨਹੀਂ ਐ,” ਜੀਵ ਨੇ ਟੋਕਿਆ। “ਬੱਚਿਆ, ਉਹ ਫੌਜ ’ਚ ਸੀ। ਪਰ, ਉਸ ਨੇ ਤਾਂ ਓਲੰਪਿਕ ਖੇਡਾਂ ’ਚ ਆਪਣੀ ਕਾਬਲੀਅਤ ਸਾਬਤ ਕਰਨੀ ਸੀ। ਕੋਈ ਐਵੇਂ ਗੁੰਡਾਗਰਦੀ ਥੋੜਾ ਕਰਨੀ ਸੀ,” ਹਰਸ਼ ਮਾਸੀ ਨੇ ਸਮਝਾਇਆ, “ਸੰਨ 1936 ’ਚ ਉਸ ਦੀ ਪਿਸਤੌਲ ਚਲਾਉਣ ਦੀ ਕਾਬਲੀਅਤ ਦੀਆਂ ਧੁੰਮਾਂ ਪੈ ਚੁੱਕੀਆਂ ਸਨ। ਪੂਰੀ ਦੁਨੀਆ ’ਚ ਉਸ ਦੀ ਚਰਚਾ ਹੋਣ ਲੱਗ ਪਈ ਸੀ ਪਰ ਸੰਨ 1936 ਦੀਆਂ ਓਲੰਪਿਕ ਖੇਡਾਂ ’ਚ ਉਸ ਨੂੰ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਇਹ ਫੌਜ ’ਚ ਅਫਸਰ ਨਹੀਂ ਸੀ, ਸਿਰਫ ਸਰਜੈਂਟ ਸੀ।”

“ਇਹ ਤਾਂ ਬੜੀ ਮਾੜੀ ਗੱਲ ਐ। ਕਾਬਲੀਅਤ ਕਿਉਂ ਨਹੀਂ ਗਿਣੀ ਗਈ,” ਸੁੱਖੀ ਬੋਲ ਪਈ।

“ਮੇਰੀ ਬੱਚੀਏ, ਇਹੀ ਤਾਂ ਕਹਾਣੀ ਸੁਣਾਉਣ ਲੱਗੀ ਆਂ। ਕੋਈ ਵੀ ਰੁਕਾਵਟ ਤੁਹਾਡੇ ਮਕਸਦ ਨੂੰ ਪੂਰਾ ਕਰਨ ਵਿਚ ਅੜਣੀ ਨਹੀਂ ਚਾਹੀਦੀ। ਕਦੇ ਵੀ ਹਾਰ ਮੰਨ ਕੇ ਬਹਿਣਾ ਨਹੀਂ ਚਾਹੀਦਾ। ਕਰੋਲੀ ਨੇ ਮਿਹਨਤ ਕਰਨੀ ਛੱਡੀ ਨਹੀਂ। ਉਸ ਨੇ ਆਪਣੇ ਮੁਲਕ ਹੰਗਰੀ ’ਚ 35 ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪਾਂ ਜਿੱਤੀਆਂ। ਉਸ ਦਾ ਸੁਫ਼ਨਾ ਸੀ ਕਿ ਉਹ ਓਲੰਪਿਕ ਖੇਡਾਂ ’ਚ ਸੋਨੇ ਦਾ ਤਗਮਾ ਜਿੱਤੇ।”

“ਫੇਰ, ਮਾਸੀ ਜੀ, ਕੀ ਉਸ ਦਾ ਸੁਫ਼ਨਾ ਪੂਰਾ ਹੋਇਆ,” ਨਾਨੂ ਨੇ ਟੋਕਿਆ?

“ਬੱਚਿਓ, ਬਰਲਿਨ ਦੀਆਂ ਖੇਡਾਂ ਬਾਅਦ ਹੰਗਰੀ ’ਚੋਂ ਇਹ ਕਾਨੂੰਨ ਹਟਾ ਦਿੱਤਾ ਗਿਆ ਕਿ ਸਿਰਫ਼ ਫੌਜੀ ਅਫ਼ਸਰ ਈ ਓਲੰਪਿਕ ਖੇਡਾਂ ’ਚ ਹਿੱਸਾ ਲੈ ਸਕਦੇ ਹਨ। ਕਰੋਲੀ ਖ਼ੁਸ਼ ਸੀ। ਉਸ ਨੇ ਹੋਰ ਸਖ਼ਤ ਮਿਹਨਤ ਕਰਨੀ ਸ਼ੁਰੂ ਕਰ ’ਤੀ। ਉਸ ਨੂੰ ਉਮੀਦ ਸੀ ਕਿ ਸੰਨ 1940 ਦੇ ਓਲੰਪਿਕ ’ਚ, ਜੋ ਟੋਕੀਓ ’ਚ ਖੇਡੇ ਜਾਣੇ ਸੀ, ਉਹ ਹਰ ਹਾਲ ’ਚ ਜਿੱਤ ਹਾਸਲ ਕਰੇਗਾ,” ਹਰਸ਼ ਮਾਸੀ ਨੇ ਦੱਸਿਆ।

“ਮੈਂ ਪਹਿਲਾਂ ਈ ਦੱਸ ਦਿੰਨਾਂ ਸਾਰੀ ਕਹਾਣੀ। ਮਾਸੀ ਜੀ, ਕਰੋਲੀ ਨੇ ਪੱਕਾ ਗੋਲਡ ਮੈਡਲ ਲਿਆ ਹੋਣੈ,” ਹਿੰਤੀ ਨੇ ਵਿੱਚੇ ਗੱਲ ਟੋਕ ਕੇ ਕਿਹਾ।

“ਪਹਿਲਾਂ ਪੂਰੀ ਗੱਲ ਤਾਂ ਸੁਣੋ,”ਗੁਰਪਾਲ ਮਾਸੜ ਜੀ ਬੋਲ ਪਏ,“ਤੁਸੀਂ ਵਿੱਚੋਂ ਟੋਕ ਕੇ ਕਹਾਣੀ ਦਾ ਸੁਆਦ ਅੱਧਾ ਕਰ ਦਿੰਦੇ ਓ।”

ਹਰਸ਼ ਮਾਸੀ ਨੇ ਕਹਾਣੀ ਅੱਗੇ ਤੋਰੀ, “ਬੱਚਿਓ ਫੌਜ ਦੀ ਟ੍ਰੇਨਿੰਗ ਵਿਚ ਕਰੋਲੀ ਨੂੰ ਹੱਥ ਗੋਲੇ ਸੁੱਟਣ ਦਾ ਤਰੀਕਾ ਸਿਖਾਇਆ ਜਾਣਾ ਸੀ। ਏਸੇ ਟ੍ਰੇਨਿੰਗ ਦੌਰਾਨ ਸੰਨ 1938 ’ਚ ਉਸ ਨੇ ਜਿਉਂ ਈ ਹੱਥ ਗੋਲਾ ਸੁੱਟਣ ਲਈ ਸੱਜਾ ਹੱਥ ਘੁਮਾਇਆ, ਉਹ ਬੰਬ ਉਸ ਦੇ ਹੱਥ ’ਚ ਈ ਫਟ ਗਿਆ ਤੇ ਪੂਰਾ ਸੱਜਾ ਹੱਥ ਬਾਂਹ ਸਮੇਤ ਉੱਡ ਗਿਆ।”

ਸਾਰੇ ਬੱਚਿਆਂ ਦੀਆਂ ਅੱਖਾਂ ’ਚ ਹੰਝੂ ਆ ਗਏ। ਨਾਨੂ ਰੋਂਦਾ ਹੋਇਆ ਬੋਲਿਆ, “ਮਾਸੀ ਜੀ ਕਰੋਲੀ ਨੂੰ ਬਹੁਤ ਪੀੜ ਹੋਈ ਹੋਵੇਗੀ। ਉਸ ਦੀ ਮੰਮੀ ਨੇ ਉਸ ਨੂੰ ਪਿਆਰ ਕੀਤਾ ਸੀ? ਫੇਰ ਉਸ ਦਾ ਅਪਰੇਸ਼ਨ ਕੀਤਾ ਸੀ? ਮਾਸੀ ਜੀ ਫੇਰ ਉਹ ਠੀਕ ਹੋ ਗਿਆ? ਉਸ ਦਾ ਸੱਜਾ ਹੱਥ ਪੂਰੀ ਤਰਾਂ ਠੀਕ ਹੋ ਗਿਆ ਨਾ? ਤੁਸੀਂ ਉਸ ਨੂੰ ਹੌਲੀ ਜਿਹੀ ਟੀਕਾ ਲਾ ਕੇ ਠੀਕ ਕਰ ਦੇਣਾ ਸੀ। ਤੁਸੀਂ ਪੀੜ ਖ਼ਤਮ ਕਰਨ ਲਈ ਮਿੱਠੀ ਗੋਲੀ ਦੇ ਦੇਣੀ ਸੀ।”

ਹਰਸ਼ ਮਾਸੀ ਨੇ ਨਾਨੂ ਦੀਆਂ ਅੱਖਾਂ ’ਚੋਂ ਹੰਝੂ ਪੂੰਝਦਿਆਂ ਕਿਹਾ, “ਬੱਚਿਆ ਓਦੋਂ ਤਾਂ ਮੈਂ ਜੰਮੀ ਨਹੀਂ ਸੀ। ਮੈਂ ਕਿਵੇਂ ਅਪਰੇਸ਼ਨ ਕਰ ਸਕਦੀ ਸੀ?”

“ਫੇਰ ਮਾਸੀ ਜੀ, ਉਹ ਤਾਂ ਬਹੁਤ ਰੋਇਆ ਹੋਏਗਾ। ਉਸ ਦੀ ਜ਼ਿੰਦਗੀ ਦਾ ਸੁਫ਼ਨਾ ਟੁੱਟ ਗਿਆ,” ਸੁੱਖੀ ਵੀ ਅੱਖਾਂ ਪੂੰਝਦੇ ਹੋਏ ਬੋਲੀ।

“ਇਹੀ ਤਾਂ ਫ਼ਰਕ ਸੀ ਬੱਚਿਓ,” ਗੁਰਪਾਲ ਮਾਸੜ ਜੀ ਬੋਲੇ, “ਜਦੋਂ ਔਖਾ ਸਮਾਂ ਆਏ ਤਾਂ ਦੋ ਈ ਰਸਤੇ ਹੁੰਦੇ ਨੇ। ਪਹਿਲਾ, ਹਾਰ ਮੰਨ ਕੇ ਰੋਣਾ ਪਿੱਟਣਾ ਸ਼ੁਰੂ ਕਰ ਦਿਓ ਤੇ ਮਰਨ ਦੀਆਂ ਗੱਲਾਂ ਕਰੋ ਜਾਂ ਫੇਰ ਦੁਬਾਰਾ ਹਿੰਮਤ ਕਰ ਕੇ ਨਵੇਂ ਸਿਰਿਓਂ ਆਪਣੇ ਸੁਫ਼ਨੇ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰੋ।”

“ਪਰ, ਮਾਸੜ ਜੀ ਕਰੋਲੀ ਕੋਲ ਤਾਂ ਸੱਜਾ ਹੱਥ ਈ ਨਹੀਂ ਸੀ ਰਿਹਾ? ਉਹ ਸੁਫ਼ਨਾ ਕਿਵੇਂ ਪੂਰਾ ਕਰ ਸਕਦਾ ਸੀ,” ਜੀਵ ਨੇ ਹੈਰਾਨ ਹੋ ਕੇ ਪੁੱਛਿਆ?

“ਬੱਚਿਆ, ਉਹ ਹਿੰਮਤ ਹਾਰਨ ਵਾਲਾ ਇਨਸਾਨ ਨਹੀਂ ਸੀ,” ਹਰਸ਼ ਮਾਸੀ ਨੇ ਕਹਾਣੀ ਅੱਗੇ ਤੋਰੀ,“ ਉਸ ਆਪਣੇ ਖੱਬੇ ਹੱਥ ਵੱਲ ਝਾਕਿਆ ਤੇ ਮਨ ਤਗੜਾ ਕੀਤਾ। ਫੇਰ ਕਿਹਾ, ਚੱਲ ਬਈ ਖੱਬਿਆ, ਹੁਣ ਤੇਰਾ ਕੰਮ ਸ਼ੁਰੂ! ਬਥੇਰੀ ਉਮਰ ਤੂੰ ਆਰਾਮ ਕੀਤੈ। ਹੁਣ ਆਪਾਂ ਸੱਜੇ ਦਾ ਕੰਮ ਸਾਂਭਣੈ। ਆਪਾਂ ਦੋਵਾਂ ਨੇ ਰਲ ਕੇ ਸੱਜੇ ਦਾ ਸੁਫ਼ਨਾ ਪੂਰਾ ਕਰਨੈ। ਜਿਹੜਾ ਖੱਬਾ ਹੱਥ ਪੈੱਨ ਵੀ ਨਹੀਂ ਸੀ ਫੜ ਸਕਦਾ, ਕਰੋਲੀ ਨੇ ਉਸ ਉੱਤੇ ਪੂਰੀ ਮਿਹਨਤ ਕੀਤੀ ਤੇ ਪਿਸਤੌਲ ਫੜਾ ਦਿੱਤੀ। ਫੇਰ ਰੋਜ਼ ਕਈ ਕਈ ਘੰਟੇ ਮਿਹਨਤ ਕਰਦਾ ਰਿਹਾ ਤੇ ਨਿਸ਼ਾਨੇ ਸਾਧਦਾ ਰਿਹਾ।”

“ਵਾਹ ਬਈ ਵਾਹ! ਕਮਾਲ ਹੋ ਗਈ,” ਜੀਵ ਬੋਲ ਪਿਆ, “ਏਨਾ ਹਿੰਮਤੀ ਬੰਦਾ! ਪੱਕਾ ਜਿੱਤਣ ਦੀ ਕੋਸ਼ਿਸ਼ ਕੀਤੀ ਹੋਵੇਗੀ! ਪਰ, ਖੱਬਾ ਹੱਥ ਆਖ਼ਰ ਦੁਨੀਆ ਦੇ ਚੋਟੀ ਦੇ ਨਿਸ਼ਾਨੇਬਾਜ਼ਾਂ ਨਾਲ ਕੀ ਮੁਕਾਬਲਾ ਕਰ ਸਕਦਾ ਸੀ। ਫੇਰ ਵੀ ਉਸ ਨੇ ਸੋਚਣ ਲਈ ਬੜੀ ਹਿੰਮਤ ਵਿਖਾਈ।”




ਹਰਸ਼ ਮਾਸੀ ਮੁਸਕਰਾ ਕੇ ਕਹਿਣ ਲੱਗੀ,“ਇਹੀ ਤਾਂ ਤੁਹਾਡੀ ਤੇ ਕਰੋਲੀ ਦੀ ਸੋਚ ’ਚ ਫ਼ਰਕ ਐ। ਤੁਸੀਂ ਪਹਿਲਾਂ ਈ ਅੱਧੀ ਹਾਰ ਮੰਨ ਲੈਂਦੇ ਓ ਇਹ ਸੋਚ ਕੇ, ਕਿ ਬਾਕੀਆਂ ਦੇ ਮੁਕਾਬਲੇ ਅਸੀਂ ਫਾਡੀ ਆਂ। ਕਰੋਲੀ ਨੇ ਸਿਰਫ਼ ਜਿੱਤਣ ਦਾ ਸੁਫ਼ਨਾ ਵੇਖਿਆ ਸੀ ਤੇ ਉਹ ਵੀ ਦੁਨੀਆਂ ਦਾ ਬਿਹਤਰੀਨ ਨਿਸ਼ਾਨੇਬਾਜ਼ ਬਣਨ ਦਾ! ਉਸ ਨੂੰ ਪੂਰਾ ਕਰਨ ਦਾ ਮਤਲਬ ਸੀ ਪੂਰੇ ਜ਼ੋਰ ਸ਼ੋਰ ਨਾਲ ਤਿਆਰੀ ਕਰਨੀ। ਤੁਹਾਨੂੰ ਪਤੈ, ਅਪਰੇਸ਼ਨ ਤੋਂ ਪੂਰੇ ਮਹੀਨੇ ਬਾਅਦ ਹਸਪਤਾਲੋਂ ਛੁੱਟੀ ਮਿਲਦੇ ਸਾਰ ਉਸ ਨੇ ਖੱਬੇ ਹੱਥ ਨਾਲ ਪ੍ਰੈਕਟਿਸ ਕਰਨੀ ਸ਼ੁਰੂ ਕਰ ’ਤੀ ਸੀ।”

“ਉਹਨੂੰ ਕਮਜ਼ੋਰੀ ਨਹੀਂ ਮਹਿਸੂਸ ਹੋਈ,” ਸੁਖੀ ਨੇ ਵਿਚਾਰਗੀ ਨਾਲ ਪੁੱਛਿਆ?

“ਜਿਸ ਨੇ ਜ਼ਿੰਦਗੀ ਦਾ ਟੀਚਾ ਮਿੱਥ ਲਿਆ ਹੋਵੇ, ਉਸ ਨੂੰ ਕੋਈ ਅੜਚਣ ਰੋਕ ਨਹੀਂ ਸਕਦੀ,” ਗੁਰਪਾਲ ਮਾਸੜ ਜੀ ਨੇ ਜਵਾਬ ਦਿੱਤਾ, “ਤੁਸੀਂ ਹਰਸ਼ ਮਾਸੀ ਤੋਂ ਪੂਰੀ ਕਹਾਣੀ ਧਿਆਨ ਨਾਲ ਸੁਣੋ। ਜ਼ਿੰਦਗੀ ਪ੍ਰਤੀ ਤੁਹਾਡਾ ਨਜ਼ਰੀਆ ਬਦਲ ਜਾਏਗਾ।”

“ਕਰੋਲੀ ਨੇ ਆਪਣੇ ਖੱਬੇ ਹੱਥ ਨੂੰ, ਜਿਸ ਨਾਲ ਉਹ ਪੈੱਨ ਵੀ ਨਹੀਂ ਸੀ ਫੜ ਸਕਦਾ, ਤਗੜਾ ਕਰਨਾ ਸ਼ੁਰੂ ਕੀਤਾ,” ਹਰਸ਼ ਮਾਸੀ ਨੇ ਅੱਗੋਂ ਕਹਾਣੀ ਦੱਸਣੀ ਸ਼ੁਰੂ ਕੀਤੀ, “ਦਿਨ-ਰਾਤ ਪੂਰੀ ਮਿਹਨਤ ਕੀਤੀ। ਕਿਸੇ ਨੂੰ ਕੁੱਝ ਨਾ ਦੱਸਿਆ। ਲੁੱਕ ਕੇ ਲਗਾਤਾਰ ਪਿਸਤੌਲ ਨਾਲ ਖੱਬੇ ਹੱਥ ਨੂੰ ਟਰੇਨ ਕਰਦਾ ਰਿਹਾ ਤੇ ਸੰਨ 1939 ’ਚ, ਯਾਨੀ ਲਗਭਗ ਪੂਰੇ ਸਾਲ ਬਾਅਦ ਉਹ ਹੰਗਰੀ ਦੀ ਨੈਸ਼ਨਲ ਪਿਸਤੌਲ ਚੈਂਪੀਅਨਸ਼ਿੱਪ ਦੇ ਮੈਦਾਨ ’ਚ ਪਹੁੰਚ ਗਿਆ। ਸਾਰੇ ਖਿਡਾਰੀਆਂ ਨੇ ਉਸ ਦਾ ਉੱਥੇ ਆਉਣ ’ਤੇ ਧੰਨਵਾਦ ਕੀਤਾ ਕਿ ਉਨਾਂ ਦੀ ਹੌਂਸਲਾਸ਼ੇਰੀ ਲਈ ਪਹੁੰਚਿਐ ਤੇ ਨਾਲੇ ਅਫ਼ਸੋਸ ਵੀ ਕੀਤਾ ਕਿ ਹੁਣ ਤਾਂ ਉਹ ਜ਼ਿੰਦਗੀ ਭਰ ਪਿਸਤੌਲ ਫੜ ਨਹੀਂ ਸਕਣ ਲੱਗਿਆ।”

“ਫੇਰ ਕੀ ਹੋਇਆ ਮਾਸੀ ਜੀ? ਕੌਣ ਜਿੱਤਿਆ ਉਸ ਸਾਲ ਦੀ ਚੈਂਪੀਅਨਸ਼ਿਪ? ਉਹਦਾ ਹੱਥ ਹੁਣ ਪੀੜ ਤਾਂ ਨਹੀਂ ਸੀ ਕਰਦਾ,” ਨਾਨੂ ਨੇ ਪੁੱਛਿਆ?

ਹਰਸ਼ ਮਾਸੀ ਨੇ ਨਾਨਕਜੋਤ ਨੂੰ ਪਿਆਰ ਕਰਦਿਆਂ ਜਵਾਬ ਦਿੱਤਾ, “ਨਹੀਂ ਬੱਚਿਆ ਕਰੋਲੀ ਤਾਂ ਪੀੜ ਦੇ ਇਹਸਾਸ ਤੋਂ ਉਤਾਂਹ ਲੰਘ ਚੁੱਕਿਆ ਸੀ। ਸਾਰਾ ਪੰਡਾਲ ਹੈਰਾਨ ਰਹਿ ਗਿਆ ਜਦੋਂ ਚੈਂਪੀਅਨਸ਼ਿਪ ਵਿਚ ਕਰੋਲੀ ਦਾ ਨਾਂ ਉਚਾਰਿਆ ਗਿਆ ਕਿ ਹੁਣ ਉਹ ਪਿਸਤੌਲ ਚਲਾਉਣ ਲਈ ਆਪਣੀ ਵਾਰੀ ’ਤੇ ਆਏਗਾ!”

“ਕੀ ਕਰੋਲੀ ਨੇ ਖੱਬੇ ਹੱਥ ਨਾਲ ਪਿਸਤੌਲ ਫੜ ਲਈ, ” ਸੁੱਖੀ ਨੇ ਹੈਰਾਨ ਹੋ ਕੇ ਪੁੱਛਿਆ?

“ਬੱਚੀਏ ਸਿਰਫ਼ ਫੜੀ ਨਹੀਂ, ਕਰੋਲੀ ਨੇ ਤਾਂ ਖੱਬੇ ਹੱਥ ਨਾਲ ਏਨੇ ਕਮਾਲ ਦਾ ਨਿਸ਼ਾਨਾ ਬੰਨਿਆ ਕਿ ਹਰ ਗੋਲੀ ਐਨ ਨਿਸ਼ਾਨੇ ’ਤੇ ਲੱਗੀ। ਪੂਰਾ ਹੰਗਰੀ ਦੰਗ ਰਹਿ ਗਿਆ। ਕਰੋਲੀ ਨੇ ਨੈਸ਼ਨਲ ਚੈਂਪੀਅਨਸ਼ਿਪ ਜਿੱਤ ਲਈ। ਪੂਰੀ ਦੁਨੀਆ ’ਚ ਉਸ ਦੀ ਜਿੱਤ ਦਾ ਡੰਕਾ ਵੱਜ ਗਿਆ। ਸਭ ਅਸ਼ ਅਸ਼ ਕਰ ਉੱਠੇ,” ਹਰਸ਼ ਮਾਸੀ ਨੇ ਦੱਸਿਆ।

“ਪਰ, ਵਿਚਾਰੇ ਕਰੋਲੀ ਦਾ ਸੁਫ਼ਨਾ ਤਾਂ ਦੁਨੀਆ ਦਾ ਬਿਹਤਰੀਨ ਨਿਸ਼ਾਨੇਬਾਜ਼ ਬਣਨਾ ਸੀ। ਓਲੰਪਿਕ ਖੇਡਾਂ ਦਾ ਕੀ ਬਣਿਆ,” ਜੀਵ ਨੇ ਪੁੱਛਿਆ?

ਗੁਰਪਾਲ ਮਾਸੜ ਜੀ ਨੇ ਦੱਸਿਆ, “ਬੱਚਿਓ ਸੰਨ 1939 ਦੀ ਹੰਗਰੀ ਦੀ ਟੀਮ ਨੇ ਵਿਸ਼ਵ ਸ਼ੂਟਿੰਗ ਚੈਂਪੀਅਨਸ਼ਿਪ ਜਿੱਤੀ ਤੇ ਉਹ ਵੀ ਕਰੋਲੀ ਸਦਕਾ।”

“ਪਰ, ਓਲੰਪਿਕ ਖੇਡਾਂ ਦਾ ਸੁਫ਼ਨਾ ਪੂਰਾ ਹੋਇਆ ਕਿ ਨਹੀਂ,” ਹੈਰੀ ਨੇ ਵਿੱਚੋਂ ਟੋਕ ਕੇ ਕਿਹਾ।

“ਤੁਸੀਂ ਗੱਲ ਤਾਂ ਪੂਰੀ ਕਰਨ ਨਹੀਂ ਦਿੰਦੇ,” ਹਰਸ਼ ਮਾਸੀ ਨੇ ਕਿਹਾ, “ਸੰਨ 1940 ਦੇ ਓਲੰਪਿਕ ਲਈ ਕਰੋਲੀ ਨੇ ਪੂਰੀ ਤਿਆਰੀ ਕਸ ਲਈ। ਸਭ ਨੂੰ ਯਕੀਨ ਸੀ ਕਿ ਜਿੰਨੀ ਮਿਹਨਤ ਕਰੋਲੀ ਕਰ ਰਿਹੈ, ਉਸ ਦੀ ਜਿੱਤ ਯਕੀਨੀ ਸੀ। ਉਦੋਂ ਈ ਵਿਸ਼ਵ ਜੰਗ ਸਦਕਾ ਐਲਾਨ ਕਰ ਦਿੱਤਾ ਗਿਆ ਕਿ ਓਲੰਪਿਕ ਖੇਡਾਂ ਨਹੀਂ ਹੋਣਗੀਆਂ।” “ਓ ਹੋ, ਕਿੰਨੀ ਮਾੜੀ ਗੱਲ ਹੋਈ,” ਸੁੱਖੀ ਨੇ ਅਫਸੋਸ ਨਾਲ ਕਿਹਾ।

ਹਰਸ਼ ਮਾਸੀ ਨੇ ਗੱਲ ਅਣਸੁਣੀ ਕਰ ਕੇ ਦੱਸਿਆ, “ਕਰੋਲੀ ਨੇ ਦਿਲ ਨਹੀਂ ਛੱਡਿਆ। ਲਗਾਤਾਰ ਮਿਹਨਤ ਕਰਦਾ ਰਿਹਾ ਤੇ ਸੰਨ 1944 ਦੇ ਓਲੰਪਿਕ ਲਈ ਪੂਰਾ ਜ਼ੋਰ ਲਾਇਆ। ਵਿਸ਼ਵ ਜੰਗ ਸਦਕਾ ਉਹ ਵੀ ਓਲੰਪਿਕ ਖੇਡਾਂ ਨਾ ਹੋਈਆਂ। ਉਦੋਂ ਤਕ ਦੁਨੀਆ ਭਰ ’ਚੋਂ ਅਨੇਕ ਚੋਟੀ ਦੇ ਨਿਸ਼ਾਨੇਬਾਜ਼ ਤਿਆਰ ਹੋ ਚੁੱਕੇ ਸਨ ਜਿਨਾਂ ਨੇ ਵਿਸ਼ਵ ਪੱਧਰ ’ਤੇ ਆਪਣਾ ਨਾਂ ਬਣਾ ਲਿਆ ਸੀ। ਸਭ ਨੂੰ ਦਿਸਦਾ ਸੀ ਕਿ ਕਰੋਲੀ ਦੀ ਉਮਰ ਵਧਦੀ ਜਾ ਰਹੀ ਐ ਤੇ ਨੌਜਵਾਨ ਨਿਸ਼ਾਨੇਬਾਜ਼ ਬੜੇ ਪੱਕੇ ਨੇ। ਸੋ ਹੁਣ ਕਰੋਲੀ ਦਾ ਸੁਫ਼ਨਾ ਕਦੇ ਪੂਰਾ ਨਹੀਂ ਹੋ ਸਕਣਾ।”

“ਪਰ ਕਰੋਲੀ ਪੱਕਾ ਧਾਰੀ ਬੈਠਾ ਸੀ। ਉਸ ਨੂੰ ਕਿਸੇ ਦੀ ਪਰਵਾਹ ਨਹੀਂ ਸੀ,” ਗੁਰਪਾਲ ਮਾਸੜ ਜੀ ਨੇ ਗੱਲ ਅੱਗੇ ਤੋਰੀ,“ਉਹ ਧੁਨ ਦਾ ਪੱਕਾ ਸੀ। ਭਾਵੇਂ 38 ਸਾਲਾਂ ਦਾ ਹੋ ਗਿਆ ਪਰ ਉਸ ਨੇ ਸੰਨ 1948 ਦੇ ਓਲੰਪਿਕ ਲਈ ਆਪਣੇ-ਆਪ ਨੂੰ ਤਿਆਰ ਕਰ ਲਿਆ। ਪੂਰੀ ਦੁਨੀਆ ਦੀਆਂ ਅੱਖਾਂ ਕਰੋਲੀ ’ਤੇ ਟਿਕੀਆਂ ਸਨ। ਬਥੇਰੇ ਮੰਨ ਚੁੱਕੇ ਸਨ ਕਿ ਹੁਣ ਤਾਂ ਕਰੋਲੀ ਦਾ ਸੁਫ਼ਨਾ ਕਦੇ ਪੂਰਾ ਨਹੀਂ ਹੋ ਸਕਦਾ।”

“ਛੇਤੀ ਦੱਸੋ ਨਾ, ਫੇਰ ਕੀ ਹੋਇਆ, ” ਹਿੰਤੀ ਨੇ ਕਾਹਲੇ ਪੈ ਕੇ ਪੁੱਛਿਆ?

ਹਰਸ਼ ਮਾਸੀ ਨੇ ਸਮਝਾਇਆ, “ਬੱਚਿਆ ਕਹਾਣੀ ਸੁਣਨ ਲੱਗਿਆਂ ਕਾਹਲੇ ਨਾ ਪਿਆ ਕਰੋ। ਪੂਰੀ ਗੱਲ ਧਿਆਨ ਨਾਲ ਸੁਣਿਆ ਕਰੋ। ਸੰਨ 1948 ਦੇ ਓਲੰਪਿਕ ਖੇਡਾਂ ਵਿਚ 38 ਵਰਿਆਂ ਦੇ ਕਰੋਲੀ ਨੂੰ ਵੇਖ ਕੇ ਹੋਰ ਵਿਸ਼ਵ ਪੱਧਰੀ ਖਿਡਾਰੀ ਮਜ਼ਾਕ ਉਡਾਉਣ ਲੱਗ ਪਏ ਕਿ ਇਕ ਹੱਥ ਵਾਲਾ ਵਡੇਰੀ ਉਮਰ ਦਾ ਬੰਦਾ ਸਾਡੇ ਨੌਜਵਾਨਾਂ ਦਾ ਕੀ ਮੁਕਾਬਲਾ ਕਰੇਗਾ। ਇਕ ਅੰਤਰਰਾਸ਼ਟਰੀ ਖਿਡਾਰੀ ਕਾਰਲੋਸ ਨੇ ਤਾਂ ਉਸ ਨੂੰ ਮੁਕਾਬਲੇ ਤੋਂ ਪਹਿਲਾਂ ਏਥੋਂ ਤਕ ਕਹਿ ਦਿੱਤਾ ਕਿ ਕਰੋਲੀ ਏਥੇ ਆਪਣੀ ਬੇਇਜ਼ਤੀ ਕਰਵਾਉਣ ਆਇਐ ਜਾਂ ਕੁੱਝ ਸਿੱਖਣ?”

“ਫੇਰ ਕਰੋਲੀ ਨੇ ਕੀ ਕਿਹਾ,” ਸੁੱਖੀ ਨੇ ਪੁੱਛਿਆ?

“ਬੱਚਿਓ ਕਰੋਲੀ ਤਾਂ ਆਪਣੀ ਧੁਨ ਵਿਚ ਰੁੱਝਿਆ ਸੀ। ਉਸ ਨੇ ਹਲੀਮੀ ਨਾਲ ਕਿਹਾ ਕਿ ਉਹ ਤਾਂ ਪੂਰੀ ਉਮਰ ਸਿੱਖਣ ਲਈ ਤਿਆਰ ਐ,” ਹਰਸ਼ ਮਾਸੀ ਨੇ ਦੱਸਿਆ, “ਉਸ ਦਿਨ ਦੁਨੀਆ ਨੇ ਕਮਾਲ ਹੁੰਦਾ ਵੇਖਿਆ। ਕਰੋਲੀ ਨੇ ਓਲੰਪਿਕ ਖੇਡ ’ਚ ਸੋਨ ਤਗਮਾ ਹਾਸਲ ਕਰ ਲਿਆ। ਇਹ ਜਿੱਤ ਦੁਨੀਆ ਲਈ ਇਕ ਮਿਸਾਲ ਸੀ ਤੇ ਉਹਦੇ ਸ਼ਬਦ ਕਿ-ਉਹ ਤਾਂ ਉਮਰ ਭਰ ਸਿੱਖਣ ਲਈ ਤਿਆਰ ਐ-ਸੁਨਿਹਰੀ ਸ਼ਬਦਾਂ ਵਿਚ ਉੱਕਰ ਗਏ।”

“ਵਾਹ ਜੀ ਵਾਹ! ਮਜ਼ਾ ਆ ਗਿਆ। ਕਾਰਲੋਸ ਦੇ ਮੂੰਹ ’ਤੇ ਤਗੜੀ ਚਪੇੜ ਪਈ। ਕਰੋਲੀ ਦਾ ਸੁਫ਼ਨਾ ਪੂਰਾ ਹੋ ਗਿਆ। ਫੇਰ ਤਾਂ ਉਸ ਨੇ ਮਜ਼ੇ ਨਾਲ ਬਾਕੀ ਜ਼ਿੰਦਗੀ ਬਿਤਾਈ ਹੋਵੇਗੀ,” ਜੀਵ ਬੋਲਿਆ।

ਗੁਰਪਾਲ ਮਾਸੜ ਜੀ ਨੇ ਕਿਹਾ, “ਬੱਚਿਆ, ਸੀਨੇ ਖਿੱਚ ਜਿਨਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ! ਸੰਨ 1952 ਦੇ ਓਲੰਪਿਕ ’ਚ ਕਰੋਲੀ ਨੇ ਦੁਬਾਰਾ ਗੋਲਡ ਮੈਡਲ ਜਿੱਤਿਆ। ਓਦੋਂ ਕਾਰਲੋਸ ਨੇ ਉਸ ਤੋਂ ਮੁਆਫ਼ੀ ਮੰਗੀ ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਰੋਲੀ ਹੁਣ ਵਿਸ਼ਵ ਰਿਕਾਰਡ ਤੋੜਨ ਤੋਂ ਬਾਅਦ ਉਸਤਾਦਾਂ ਦਾ ਉਸਤਾਦ ਬਣ ਚੁੱਕਿਐ। ਇਸੇ ਲਈ ਕਾਰਲੋਸ ਨੇ ਕਰੋਲੀ ਨੂੰ ਬੇਨਤੀ ਕੀਤੀ ਕਿ ਹੁਣ ਉਹ ਉਸ ਤੋਂ ਸਿੱਖਣਾ ਚਾਹੁੰਦੈ। ਕਰੋਲੀ ਕਦੇ ਥੱਕ ਕੇ ਨਹੀਂ ਬੈਠਿਆ। ਸੰਨ 1958 ’ਚ ਉਸ ਨੇ ਫੇਰ ਹਿੱਸਾ ਲਿਆ ਤੇ ਵਿਸ਼ਵ ਸ਼ੂਟਿੰਗ ਚੈਂਪੀਅਨਸ਼ਿਪ ’ਚ ਤਾਂਬੇ ਦਾ ਤਗਮਾ ਹਾਸਲ ਕਰ ਕੇ ਤੀਜੇ ਨੰਬਰ ਉੱਤੇ ਆਇਆ। ਉਸ ਤੋਂ ਬਾਅਦ ਉਹ ਕੋਚ ਬਣਿਆ ਤੇ ਫੌਜ ’ਚ ਲੈਫਟੀਨੈਂਟ ਕਰਨਲ !”

“ਕਮਾਲ ਈ ਹੋ ਗਈ ਮਾਸੜ ਜੀ! ਏਨੀ ਮਿਸਾਲੀ ਜ਼ਿੰਦਗੀ! ਮੈਂ ਤਾਂ ਅੱਜ ਕਰੋਲੀ ਦੀ ਜ਼ਿੰਦਗੀ ’ਚੋਂ ਬਹੁਤ ਕੁੱਝ ਸਿੱਖਿਐ,” ਜੀਵ ਨੇ ਕਿਹਾ।

ਹਰਸ਼ ਮਾਸੀ ਨੇ ਕਿਹਾ, “ਬੱਚਿਓ ਇਹ ਜਿੱਤ ਦਾ ਮੰਤਰ ਐ। ਦੁਨੀਆ ਕੀ ਕਹਿੰਦੀ ਐ, ਉਸ ਵੱਲੋਂ ਕੰਨ ਬੰਦ ਕਰ ਲਵੋ। ਜਿੰਨੀਆਂ ਮਰਜ਼ੀ ਔਕੜਾਂ ਆਉਣ, ਹਾਰ ਨਹੀਂ ਮੰਨਣੀ। ਚੁੱਪ ਚੁਪੀਤੇ ਲੱਗੇ ਰਹੋ ਤਾਂ ਸਫਲਤਾ ਜ਼ਰੂਰ ਮਿਲਦੀ ਐ। ਤੁਸੀਂ ਤਾਂ ਰਤਾ ਜਿੰਨਾ ਪੜ੍ਹ ਕੇ ਜਾਂ ਖੇਡ ਕੇ ਵੀ ਥੱਕ ਜਾਂਦੇ ਓ। ਹੁਣ ਅੱਗੇ ਤੋਂ ਕਦੇ ਘਬਰਾਉਣਾ ਨਹੀਂ ਤੇ ਨਾ ਈ ਲੋਕ ਕੀ ਕਹਿੰਦੇ ਨੇ, ਤੋਂ ਢਿੱਲੇ ਪੈਣੈ। ਬਸ ਆਪਣੀ ਧੁਨ ਤੁਰੀ ਜਾਓ ਤੇ ਸਫ਼ਲਤਾ ਹਾਸਲ ਕਰੋ।”

# ਜਪਾਨ ਨੇ ਖੋਲ੍ਹੇ ਪਰਵਾਸੀਆਂ ਲਈ ਦਰਵਾਜ਼ੇ, ਕਿਸਾਨੀ, ਉਸਾਰੀ ਤੇ ਨਰਸਿੰਗ ’ਚ ਮਿਲਣਗੇ ਮੌਕੇ

ਟੋਕੀਓ/ਬਿਊਰੋ ਨਿਊਜ਼ :

ਜਪਾਨ ’ਚ ਲੋਕਾਂ ਦੀ ਵਧਦੀ ਉਮਰ ਕਰਕੇ ਗੰਭੀਰ ਹੁੰਦੀ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਘਾਟ ਦੇ ਮੱਦੇਨਜ਼ਰ ਉਥੋਂ ਸੰਸਦ ਨੇ ਇੱਕ ਨਵੇਂ ਕਾਨੂੰਨ ਤਹਿਤ ਪਰਵਾਸੀਆਂ ਲਈ ਬੂਹੇ ਖੋਲ੍ਹ ਦਿੱਤੇ ਹਨ।ਇਸ ਤਹਿਤ ਅਗਲੇ ਸਾਲ ਅਪ੍ਰੈਲ ਤੋਂ ਵਿਦੇਸ਼ੀ ਲੋਕ ਜਾਪਾਨ ’ਚ ਉਸਾਰੀ, ਕਿਸਾਨੀ ਤੇ ਨਰਸਿੰਗ ਨਾਲ ਜੁੜੀਆਂ ਨੌਕਰੀਆਂ ਕਰ ਸਕਣਗੇ। ਪਰਵਾਸੀਆਂ ਨੂੰ ਲੈ ਕੇ ਸਖ਼ਤ ਰਹੇ ਜਪਾਨ ’ਚ ਇਹ ਨੀਤੀ ਭਖਦੀ ਬਹਿਸ ਦਾ ਮੁੱਦਾ ਹੈ। ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਇਸ ਨਵੀਂ ਵਿਵਸਥਾ ਨਾਲ ਵਿਦੇਸ਼ਾਂ ਤੋਂ ਆਉਣ ਵਾਲੇ ਨਵੇਂ ਪਰਵਾਸੀਆਂ ਦਾ ਸ਼ੋਸ਼ਣ ਹੋ ਸਕਦਾ ਹੈ। ਇਸ ਨੀਤੀ ਮੁਤਾਬਕ 3 ਲੱਖ ਤੋਂ ਵੱਧ ਵਿਦੇਸ਼ੀਆਂ ਨੂੰ ਨੌਕਰੀ ਮਿਲਣ ਦਾ ਅਨੁਮਾਨ ਹੈ। ਨਵੇਂ ਕਾਨੂੰਨ ਤਹਿਤ ਵੀਜ਼ਾ ਦੀਆਂ ਦੋ ਨਵੀਆਂ ਸ਼੍ਰੇਣੀਆਂ ਬਣਾਈਆਂ ਜਾਣਗੀਆਂ ਹਨ। ਪਹਿਲੀ ਸ਼੍ਰੇਣੀ ਦੇ ਨਿਯਮਾਂ ਮੁਤਾਬਕ ਜੇ ਕਿਸੇ ਕੋਲ ਕੰਮ ਦੀ ਜਾਂਚ ਅਤੇ ਜਪਾਨੀ ਭਾਸ਼ਾ ਦਾ ਆਮ ਗਿਆਨ ਹੋਵੇਗਾ ਤਾਂ ਉਹ ਪੰਜ ਸਾਲ ਲਈ ਜਪਾਨ ਆ ਸਕੇਗਾ। ਦੂਜੀ ਸ਼੍ਰੇਣੀ ’ਚ ਉਹ ਲੋਕ ਆਉਣਗੇ ਜਿਨ੍ਹਾਂ ਕੋਲ ਕੰਮ ਨਾਲ ਜੁੜਿਆ ਉੱਚੇ ਪੱਧਰ ਦਾ ਗਿਆਨ ਹੋਵੇਗਾ। ਇਨ੍ਹਾਂ ਨੂੰ ਬਾਅਦ ਵਿੱਚ ਪਰਮਾਨੈਂਟ ਰੈਜ਼ੀਡੈਂਸੀ ਵੀ ਮਿਲ ਸਕੇਗੀ।

# Sir Speedy Tustin
Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375


## ਸ੍ਰੀ ਆਨੰਦਪੁਰ ਸਾਹਿਬ ਤੋਂ ਮੁਕਤਸਰ ਸਾਹਿਬ ਤੱਕ ਸ਼ਹੀਦੀਆਂ ਦਾ ਸਫ਼ਰ

ਪਰ ਸਾਹਿਬਜ਼ਾਦੇ ਅਟੱਲ ਰਹੇ। ਇਸ ਤੋਂ ਵੱਡੀ ਸਿਰੜ ਤੇ ਸਿਦਕ ਦੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਸੂਬੇਦਾਰ ਨੇ ਗੁੱਸੇ ਵਿਚ ਆ ਕੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾਉਣ ਦਾ ਹੁਕਮ ਸੁਣਾ ਦਿੱਤਾ। ਸੂਬੇਦਾਰ ਨੂੰ ਉਮੀਦ ਸੀ ਕਿ ਸਜ਼ਾ ਸੁਣ ਕੇ ਬੱਚੇ ਡੋਲ ਜਾਣਗੇ ਅਤੇ ਇਸਲਾਮ ਕਬੂਲ ਕਰ ਲੈਣਗੇ ਪਰ ਬੱਚਿਆਂ ਦੇ ਮੁੱਖ ਉੱਤੇ ਇਕ ਇਲਾਹੀ ਨੂਰ ਸੀ, ਉਹ ਚੜ੍ਹਦੀ ਕਲਾ ਵਿਚ ਸਨ ਤੇ ਸ਼ਹੀਦੀ ਦਾ ਜਾਮ ਪੀਣ ਲਈ ਤਿਆਰ ਸਨ। ਬੱਚੇ ਅਡੋਲ ਖੜੇ ਸਨ ਤੇ ਰਾਜ ਇੱਟਾਂ ਚਿਣ ਰਿਹਾ ਸੀ। ਇਸ ਤੋਂ ਵੱਡਾ ਸ਼ਾਇਦ ਕੋਈ ਹੋਰ ਜ਼ੁਲਮ ਹੋ ਹੀ ਨਹੀਂ ਸਕਦਾ। ਜਦੋਂ ਇਹ ਖਬਰ ਮਾਤਾ ਗੁਜਰੀ ਜੀ ਕੋਲ ਪੁੱਜੀ ਤਾਂ ਉਨਾਂ ਨੇ ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਕੁਝ ਇਤਿਹਾਸਕਾਰ ਆਖਦੇ ਹਨ ਕਿ ਮਾਤਾ ਜੀ ਬੁਰਜ ਦੇ ਬਾਹਰ ਖੜੇ ਪੋਤਰਿਆਂ ਨੂੰ ਜਾਂਦੇ ਵੇਖ ਰਹੇ ਸਨ। ਜ਼ਾਲਮ ਸਿਪਾਹੀਆਂ ਨੇ ਉਨਾਂ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ। ਹੇਠ ਡਿਗਦਿਆਂ ਹੀ ਬਜ਼ੁਰਗ ਸਰੀਰ ਨੇ ਪ੍ਰਾਣ ਤਿਆਗ ਦਿੱਤੇ। ਇਸ ਖਬਰ ਨੂੰ ਸੁਣ ਕੇ ਗੁਰੂ ਜੀ ਨੇ ਆਖਿਆ, ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਜ਼ਬਰ ਤੇ ਜ਼ੁਲਮ ਦਾ ਬੂਟਾ ਪੁੱਟਿਆ ਜਾਵੇਗਾ।

ਇੰਝ ਦਸਮੇਸ਼ ਪਿਤਾ ਨੇ ਖਾਲਸੇ ਦੀ ਸਿਰਜਣਾ ਸ਼ਹੀਦੀ ਰੂਪੀ ਇੱਟਾਂ ਨਾਲ ਕੀਤੀ। ਗੁਰੂ ਜੀ ਦੇ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਆਪਣੇ ਸਿਰਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਪੰਜ ਸਾਲਾਂ ਪਿਛੋਂ ਹੀ ਸਰਹੰਦ ਦੀ ਇੱਟ ਨਾਲ ਇੱਟ ਵਜਾ ਕੇ ਜ਼ਾਲਮ ਰਾਜ ਦਾ ਅੰਤ ਕਰ ਦਿੱਤਾ ਤੇ ਖਾਲਸਾ ਰਾਜ ਦੀ ਨੀਂਹ ਰੱਖੀ। ਸੰਸਾਰ ਵਿਚ ਪਹਿਲੀ ਵਾਰ ਲੋਕ ਰਾਜ ਸਥਾਪਿਤ ਹੋਇਆ। ਕੁਝ ਸਮੇਂ ਵਿਚ ਹੀ ਜਥੇਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦਿੱਲੀ ਦੇ ਲਾਲ ਕਿਲੇ ਉੱਤੇ ਕੇਸਰੀ ਨਿਸ਼ਾਨ ਝੁਲਾ ਦਿੱਤਾ ਸੀ। ਇਕ ਸਦੀ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਰਹੇ ਪਰ ਇਨਾਂ ਦੀ ਗਿਣਤੀ ਵਿਚ ਵਾਧਾ ਹੀ ਹੁੰਦਾ ਰਿਹਾ।ਏਨਾ ਮਹਾਨ ਵਿਰਸਾ ਹੋਣ ਦੇ ਬਾਵਜੂਦ ਸਾਡੀ ਨਵੀਂ ਪੀੜੀ ਨਿਰਾਸ਼ਤਾ ਦੇ ਘੇਰੇ ਵਿਚ ਹੈ ਕਿਉਂਕਿ ਅਸੀਂ ਇਸ ਇਤਿਹਾਸ ਨਾਲ ਉਨਾਂ ਨੂੰ ਜੋੜਿਆ ਹੀ ਨਹੀਂ ਹੈ। ਪੋਹ ਦੇ ਮਹੀਨੇ ਚਮਕੌਰ ਸਾਹਿਬ, ਫ਼ਤਿਹਗੜ੍ਹ ਸਾਹਿਬ ਅਤੇ ਸ੍ਰੀ ਮੁਕਤਸਰ ਸਾਹਿਬ ਵਿਚ ਮਨਾਏ ਜਾਣ ਵਾਲੇ ਸ਼ਹੀਦੀ ਦਿਹਾੜਿਆਂ ਨੂੰ ਮੇਲੇ ਦਾ ਨਾਮ ਨਾ ਦਿੱਤਾ ਜਾਵੇ। ਇਥੇ ਸੰਜੀਦਗੀ ਦੀ ਲੋੜ ਹੈ।

ਫ਼ਤਹਿਗੜ੍ਹ ਸਾਹਿਬ ਇਲਾਕੇ ਦੇ ਲੋਕ ਇਨਾਂ ਦਿਨਾਂ ਵਿਚ ਚੁੱਲੇ ਅੱਗ ਨਹੀਂ ਪਾਉਂਦੇ ਸਨ ਤੇ ਧਰਤੀ 'ਤੇ ਸੌਂਦੇ ਸਨ। ਅਜਿਹਾ ਹੀ ਮਾਹੌਲ ਸਿਰਜਣ ਦੀ ਲੋੜ ਹੈ। ਸਾਡੀ ਨਵੀਂ ਪੀੜੀ ਨੂੰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ ਤੇ ਹਜ਼ਾਰਾਂ ਸਿੰਘਾਂ ਦੀ ਬਹਾਦਰੀ ਅਤੇ ਸ਼ਹੀਦੀ ਦੀਆਂ ਕਹਾਣੀਆਂ ਸੁਣਾਈਆਂ ਜਾਣ ਤਾਂ ਜੋ ਉਹ ਚੜ੍ਹਦੀ ਕਲਾ ਵਿਚ ਆਉਣ, ਕਿਰਤ ਕਰਨਾ ਸ਼ੁਰੂ ਕਰਨ ਅਤੇ ਆਪਣੀ ਕੌਮ ਦੇ ਭਲੇ ਲਈ ਹਮੇਸ਼ਾ ਯਤਨਸ਼ੀਲ ਰਹਿਣ।

ਅੱਲਾ ਯਾਰ ਖ਼ਾਂ ਜੋਗੀ (ਸ਼ਹੀਦਾਨ-ਏ-ਵਫ਼ਾ)

ਜਿਸ ਦਮ ਅਨੰਦਪੁਰ ਮੇਂ ਸਤਿਗੁਰ ਮੁਕੀਮ ਥੇ।
ਹਮਗਾਹ ਘਰ ਕੇ ਲੋਗ ਥੇ ਔਰ ਕੁਛ ਨਦੀਮ ਥੇ।
ਚਾਰੋਂ ਤਰਫ਼ ਸੇ ਕਿਲੇ ਕੋ ਘੇਰੇ ਗ਼ਨੀਮ ਥੇ।
ਟੋਟੇ ਸੇ ਰਿਜ਼ਕ ਕੇ ਦਿਲ-ਏ-ਸਿੰਘਾਂ ਦੋ-ਨੀਮ ਥੇ।
ਪਯਾਸੇ ਥੇ ਔਰ ਭੂਖ ਕੀ ਸ਼ਿੱਦਤ ਕਮਾਲ ਥੀ।
ਥੀ ਮੁਖ਼ਤਸਰ ਸੀ ਫ਼ੌਜ ਸੋ ਵੁਹ ਭੀ ਨਿਢਾਲ ਥੀ।
(ਨਦੀਮ=ਸਾਥੀ, ਗ਼ਨੀਮ=ਦੁਸ਼ਮਣ, ਦੋ-ਨੀਮ=ਦੋ ਟੋਟੇ)
ਆਦਾ ਕੀ ਫ਼ੌਜ ਕੇ ਨ ਸ਼ੁਮਾਰ-ਓ-ਹਿਸਾਬ ਥੇ ।
ਸਰਦਾਰ-ਏ-ਫ਼ੌਜ ਏਕ ਨਹੀਂ ਦੋ ਨਵਾਬ ਥੇ ।
ਰਾਜੇ ਕਈ ਪਹਾੜ ਕੇ ਭੀ ਹਮਰਕਾਬ ਥੇ ।
ਸਿੰਘੋਂ ਸੇ ਬਿਸਤ-ਚੰਦ ਯਿਹ ਸਬ ਸ਼ੈਖ਼-ਓ-ਸ਼ਾਬ ਥੇ।
ਸਿੱਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ ।
ਸਤਗੁਰ ਯਿਹ ਸੋਚਤੇ ਥੇ ਨ ਜ਼ਾਇਅ ਮੁਰੀਦ ਹੋਂ ।
(ਬਿਸਤ-ਚੰਦ=ਵੀਹ ਗੁਣਾ, ਸ਼ੈਖ਼-ਓ-ਸ਼ਾਬ= ਬੁੱਢੇ ਅਤੇ ਜਵਾਨ)
ਬੋਲੇ ਕਿ ਅਪਨੀ ਫ਼ੌਜ ਨਿਹਾਯਤ ਹੈ ਮੁਖ਼ਤਸਰ।
ਘੇਰੇ ਹੂਏ ਹੈਂ ਹਮ ਕੋ ਹਜ਼ਾਰੋਂ ਹੀ ਅਹਲ-ਏ-ਸ਼ਰ।
ਛੋੜੇਂਗੇ ਅਪਨੇ ਆਪ ਕੋ ਦੁਸ਼ਮਨ ਕੇ ਰਹਮ ਪਰ।
ਉਸ ਮੇਂ ਭੀ ਅਪਨੀ ਇੱਜ਼ਤ-ਓ-ਅਜ਼ਮਤ ਕਾ
ਹੈ ਖ਼ਤਰ।
ਚਿੜੀਓਂ ਕੋ ਆਜ ਭੀ ਮੈਂ ਲੜਾ ਦੂੰਗਾ ਬਾਜ਼ ਸੇ।
ਕੁਛ ਫ਼ਾਯਦਾ ਨਹੀਂ ਹੈ ਮਗਰ ਤਰਕ-ਓ-ਤਾਜ਼ ਸੇ।
(ਸ਼ਰ=ਸ਼ਰਾਰਤੀ, ਅਜ਼ਮਤ=ਵਡਿਆਈ)

## ਮੈਂ ਧਰਤੀ ਮਾਛੀਵਾੜੇ ਦੀ...

ਜਦੋਂ ਮੁਗਲ ਫੌਜਾਂ ਨੇ ਉਨ੍ਹਾਂ ਨੂੰ ਘੇਰ ਲਿਆ ਤਾਂ ਗੁਰੂ ਜੀ ਦੇ ਉਸਤਾਦ ਕਾਜ਼ੀ ਪੀਰ ਮੁਹੰਮਦ ਤੋਂ ਉਨ੍ਹਾਂ ਦੀ ਸ਼ਨਾਖਤ ਕਰਵਾਈ ਗਈ ਜਿਸ ਨੇ ਕਿਹਾ ਕਿ ਇਹ ਤਾਂ ਵਾਕਿਆ ਹੀ ਉੱਚ ਦਾ ਪੀਰ ਹੈ। ਇਸ ਤਰ੍ਹਾਂ ਗੁਰੂ ਜੀ ਮੁਗਲ ਫੌਜਾਂ ਦੇ ਘੇਰੇ ਵਿਚੋਂ ਸਹੀ ਸਲਾਮਤ ਨਿਕਲ ਗਏ। ਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਗਨੀ ਖਾਂ ਅਤੇ ਭਾਈ ਨਬੀ ਖਾਂ ਨੂੰ ਸੋਨੇ ਦੇ ਕੜਿਆਂ ਦੀ ਜੋੜੀ ਦਿੱਤੀ ਅਤੇ ਸਰਬ ਸੰਗਤ ਦੇ ਨਾਮ ਇਕ ਹੁਕਮਨਾਮਾ ਬਖਸ਼ਿਸ਼ ਕੀਤਾ, ਜਿਸ ਵਿਚ ਦੋਹਾਂ ਭਰਾਵਾਂ ਨੂੰ ਆਪਣੇ ਪੁੱਤਰਾਂ ਬਰਾਬਰ ਮੰਨਿਆ। ਇਸੇ ਲਈ ਸਿੱਖਾਂ ਵਿੱਚ ਇਨ੍ਹਾਂ ਭਰਾਵਾਂ ਅਤੇ ਇਨ੍ਹਾਂ ਦੀ ਸੰਤਾਨ ਦਾ ਬਹੁਤ ਆਦਰ ਹੈ। ਸਿੱਖ ਰਿਆਸਤਾਂ ਸਮੇਂ ਇਨ੍ਹਾਂ ਦੇ ਨਾਮ ਜ਼ਮੀਨ ਵੀ ਲੱਗੀ ਰਹੀ। ਭਾਰਤ-ਪਾਕਿ ਵੰਡ ਵੇਲੇ ਇਨ੍ਹਾਂ ਦਾ ਖਾਨਦਾਨ ਭਾਵੇਂ ਪਾਕਿਸਤਾਨ ਚਲਾ ਗਿਆ ਪਰ ਇਨ੍ਹਾਂ ਦੇ ਪੁਰਾਤਨ ਘਰ ਵਿਚ ਗੁਰਦੁਆਰਾ ਸਾਹਿਬ ਕਾਇਮ ਹੈ।

ਮਾਛੀਵਾੜਾ ਵਿਖੇ ਇਨ੍ਹਾਂ ਦੀ ਯਾਦ ਵਿਚ ਇਕ ਗੇਟ ਵੀ ਮੌਜੂਦ ਹੈ। ਭਾਈ ਗੁਲਾਬ ਚੰਦ ਦੇ ਬਾਗ ਵਿਚ ਜਿੱਥੇ ਕਲਗੀਧਰ ਪਹਿਲਾਂ ਠਹਿਰੇ ਸਨ, ਜਿਸ ਥਾਂ ਭਾਈ ਧਰਮ ਸਿੰਘ, ਮਨੀ ਸਿੰਘ ਅਤੇ ਭਾਈ ਦਇਆ ਸਿੰਘ ਜੀ ਚਮਕੌਰ ਸਾਹਿਬ ਤੋਂ ਆ ਕੇ ਸਤਿਗੁਰੂ ਜੀ ਨਾਲ ਮਿਲੇ, ਉਥੇ ਗੁਰਦੁਆਰਾ ਚਰਨ ਕੰਵਲ ਸਾਹਿਬ ਸ਼ੁਭਾਇਮਾਨ ਹੈ ਜੋ ਕਿ ਕਸਬੇ ਤੋਂ ਇਕ ਮੀਲ ਪੂਰਬ ਵੱਲ ਹੈ। ਮਹਾਰਾਜਾ ਰਣਜੀਤ ਸਿੰਘ ਵਲੋਂ ਇਸ ਪਾਵਨ ਅਸਥਾਨ ਦੇ ਨਾਂ 'ਤੇ 270 ਬਿੱਘੇ ਜ਼ਮੀਨ ਵੀ ਲਗਾਈ ਗਈ ਸੀ। ਅੱਜ ਕੱਲ੍ਹ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਹੈ। ਇਥੋਂ ਦੇ ਹੀ ਇਕ ਉਤਸ਼ਾਹੀ ਨੌਜਵਾਨ ਸ. ਜਗਦੀਸ਼ ਸਿੰਘ ਚਿੱਤਰਕਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਤਸਵੀਰਾਂ ਬਣਾ ਕੇ ਗੁਰੂ ਇਤਿਹਾਸ ਤੋਂ ਜਾਣੂ ਕਰਾਉਣ ਲਈ ਬਹੁਤ ਹੀ ਕੀਮਤੀ ਅਜਾਇਬ ਘਰ ਬਣਾਇਆ ਹੈ। ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਗੁਰੂ ਇਤਿਹਾਸ ਤੋਂ ਜਾਣੂ ਹੋ ਕੇ ਅਸ਼ ਅਸ਼ ਕਰ ਉੱਠਦੀਆਂ ਹਨ।

## ਅਰਦਾਸਾਂ ਹੋਈਆਂ ਪੂਰੀਆਂ ਜੀ

ਕਿੰਨਾ ਗ਼ਲਤ ਬੋਲ ਰਹੇ ਸਨ। ਸਾਰੀ ਗੇਂਦਬਾਜ਼ ਟੀਮ ਮੈਦਾਨ 'ਚ ਚਲੀ ਗਈ, ਹਰ ਇਕ ਨੂੰ ਉਨ੍ਹਾਂ ਪੁੱਠਾ ਸਿੱਧਾ ਨਾਮ ਦਿੱਤਾ। ਉਸ ਵਕਤ ਮਨੋਜ ਪ੍ਰਭਾਕਰ ਤੇ ਨਵਜੋਤ ਸਿੱਧੂ ਬੱਲੇਬਾਜ਼ੀ ਕਰ ਰਹੇ ਸਨ। ਪਹਿਲਾਂ ਮਨੋਜ ਜਦੋਂ ਲੰਘਣ ਲੱਗੇ ਤਾਂ ਇਕ ਸ਼ਰਾਰਤੀ ਨੇ ਜੰਗਲੇ ਉਤੋਂ ਦੀ ਉਨ੍ਹਾਂ ਦੇ ਵੱਡੇ ਹੈਟ ਨੂੰ ਡੇਗ ਦਿੱਤਾ। ਉਹ ਥੋੜ੍ਹਾ ਜਿਹਾ ਖਿਝ ਕੇ ਉੱਥੋਂ ਮੈਦਾਨ 'ਚ ਚਲੇ ਗਏ। ਸਾਡੀ ਧੜਕਣ ਵਧ ਗਈ ਤੇ ਅਸੀਂ ਮਹਿਸੂਸ ਕਰ ਰਹੇ ਸੀ ਕਿ ਇਹ ਪਤਾ ਨਹੀਂ ਸਿੱਧੂ ਨੂੰ ਕੀ ਬੋਲਣਗੇ। ਏਨੇ ਨੂੰ ਸਿੱਧੂ ਆਪਣੇ ਬੱਲੇ ਨੂੰ ਕਹੀ ਵਾਂਗ ਮੋਢੇ ਤੇ ਧਰ ਕੇ ਇੰਝ ਤੁਰੇ ਆਉਣ ਜਿਵੇਂ ਜੱਟ ਕਣਕਾਂ ਨੂੰ ਪਾਣੀ ਲਾਉਣ ਚੱਲਿਆ ਹੁੰਦਾ। ਹੈਰਾਨੀ ਦੀ ਗੱਲ ਇਹ ਹੋਈ ਕਿ ਭੀੜ 'ਚੋਂ ਸਿਰਫ਼ ਇਕ ਆਵਾਜ਼ ਆਈ ਕਿ "ਉਹ ਪੰਜਾਬੀ ਸ਼ੇਰ ਆ ਗਿਆ। " ਬਸ ਫੇਰ ਕੀ ਸਾਰੇ ਇਕ-ਇਕ ਕਰਕੇ ਆਪੋ ਆਪਣੀਆਂ ਥਾਵਾਂ ਨੂੰ ਹੋ ਚੱਲੇ ਤੇ ਕਿਤੇ ਕਿਤੇ ਇਕ ਦੋ ਆਵਾਜ਼ਾਂ ਆ ਰਹੀਆਂ ਸਨ, 'ਸਰਦਾਰ ਜੀ ਸਤਿ ਸ੍ਰੀ ਅਕਾਲ।' ਸਤਾਈ ਸਾਲ ਪਹਿਲਾਂ ਦਾ ਇਹ ਵਾਕਿਆਤ ਅੱਜ ਵੀ ਤਰੋ-ਤਾਜ਼ਾ ਹੈ ਤੇ ਸੋਚਿਆ ਅੱਜ ਸਾਂਝਾ ਕਰ ਲਵਾਂ। ਮੇਰਾ ਇੱਥੇ ਇਹ ਹੱਡਬੀਤੀ ਸੁਣਾਉਣ ਦਾ ਮਕਸਦ ਸਿੱਧੂ ਦੇ ਗੁਣਗਾਨ ਕਰਨਾ ਨਹੀਂ। ਨਾ ਹੀ ਮੈਂ ਕਿਸੇ ਦਾ ਅੰਨ੍ਹਾ ਭਗਤ ਬਣਨ 'ਚ ਵਿਸ਼ਵਾਸ ਰੱਖਦਾ ਹਾਂ। ਕੱਲ੍ਹ ਨੂੰ ਇਸੇ ਕਲਮ ਨਾਲ ਸਿੱਧੂ ਦੀ ਮੁਖ਼ਾਲਫ਼ਤ ਵੀ ਕਰ ਸਕਦਾ ਹਾਂ। ਮੈਨੂੰ ਵੀ ਸਿੱਧੂ ਦੀਆਂ ਹਲਕੇ ਪੱਧਰ ਦੀਆਂ ਕੀਤੀ ਕੁਝ ਟਿੱਪਣੀਆਂ ਬਿਲਕੁਲ ਪਸੰਦ ਨਹੀਂ। ਉਸ ਦਾ ਵਹਿਮੀ ਹੋਣਾ, ਕਈ ਵਾਰ ਆਪਣੀਆਂ ਦਲੀਲਾਂ ਰਹੀ ਗਿੱਦੜਾਂ ਦੇ ਗੂੰਹ ਨੂੰ ਵੀ ਪਹਾੜੀਂ ਚੜ੍ਹਾ ਦੇਣ ਦੀ ਉਨ੍ਹਾਂ ਦੀ ਆਦਤ ਮੈਨੂੰ ਰੱਤੀ ਨਹੀਂ ਭਾਉਂਦੀ ਪਰ ਸਕਾਰਾਤਮਿਕ ਸੋਚ ਰੱਖਦਾ ਹੋਇਆ ਸੱਚ ਕਹਾਂ ਤਾਂ ਇਹਨਾਂ ਇੱਕਾ ਦੁੱਕਾ ਗੱਲਾਂ ਨੂੰ ਛੱਡ ਦਿੱਤਾ ਜਾਵੇ ਤਾਂ ਸਿੱਧੂ ਗੁਣਾਂ ਦੀ ਗੁੱਥਲੀ ਹੈ। ਉਸ ਵਿਚ ਲੋਹੜੇ ਦੀ ਊਰਜਾ ਹੈ, ਜਿਸ ਦਾ ਫ਼ਾਇਦਾ ਇਕੱਲੇ ਪੰਜਾਬ ਲਈ ਨਹੀਂ ਹਿੰਦੁਸਤਾਨ ਲਈ ਲਿਆ ਜਾਣਾ ਚਾਹੀਦਾ ਹੈ। ਰਾਹੁਲ ਨੂੰ ਆਪਣੀ ਮਾਂ ਦੇ ਨਕਸ਼ੇ ਕਦਮਾਂ ਉਤੇ ਚਲਦੇ ਹੋਏ ਇਕ ਹੋਰ ਅਸਰਦਾਰ ਸਰਦਾਰ ਨੂੰ ਮੂਹਰੇ ਲਾਉਣਾ ਚਾਹੀਦਾ ਹੈ, ਜਿਸ ਦੀ ਸ਼ੁਰੂਆਤ ਪੰਜਾਂ ਰਾਜਾਂ ਦੀਆਂ ਚੋਣਾਂ ਨਾਲ ਹੋ ਚੁੱਕੀ ਹੈ ਤੇ ਹੋ ਸਕਦਾ ਹੈ ਕਿ ਸਾਡੀ ਇਸ ਸੋਚ ਨੂੰ ਅਮਲੀਜਾਮਾ ਵੀ ਪੁਆ ਦਿੱਤਾ ਜਾਵੇ।

ਮੁੱਦੇ ਤੇ ਆਉਂਦੇ ਹਾਂ, ਗੱਲ ਕਰਤਾਰਪੁਰ ਲਾਂਘੇ ਤੋਂ ਚੱਲੀ ਸੀ ਤੇ ਕ੍ਰਿਕਟ ਮੈਦਾਨਾਂ ਤੋਂ ਹੁੰਦੀ ਹੋਈ ਸਿਆਸਤ ਦੇ ਗਲਿਆਰੇ 'ਚ ਆ ਵੜੀ। ਦੁਨੀਆ ਦੇ ਇਤਿਹਾਸ 'ਚ ਜਦੋਂ ਵੱਡੇ ਵੱਡੇ ਫ਼ੈਸਲਿਆਂ ਦੀ ਗੱਲ ਤੁਰੇਗੀ ਤਾਂ ਕਰਤਾਰਪੁਰ ਲਾਂਘੇ ਦੀ ਗੱਲ ਵੀ ਉਸ ਵਿਚ ਸ਼ਾਮਿਲ ਹੋਵੇਗੀ। ਜਦੋਂ ਇਸ ਲਾਂਘੇ ਦੀ ਗੱਲ ਤੁਰੇਗੀ ਤਾਂ ਕ੍ਰਿਕਟ ਦੇ ਇਹ ਦੋ ਮਹਾਨ ਮਹਾਂਰਥੀਆਂ ਦੀ ਗੱਲ ਚੱਲਣੀ ਵੀ ਸੁਭਾਵਿਕ ਹੈ। ਉਮੀਦ ਇਹੀ ਕੀਤੀ ਜਾਣੀ ਚਾਹੀਦੀ ਹੈ ਕਿ ਉਦੋਂ ਤੱਕ ਇਹ ਮਹਾਂਰਥੀ ਸਿਆਸਤ ਦੀ ਹਿੱਕ ਉੱਤੇ ਵੀ ਆਪਣਾ ਝੰਡਾ ਗੱਡ ਚੁੱਕੇ ਹੋਣਗੇ। ਭਾਵੇਂ ਇਸ ਰਾਹ ਨੂੰ ਖੋਲ੍ਹਣ ਦਾ ਮਾਣ ਕੋਈ ਵੀ ਲਈ ਜਾਵੇ ਪਰ ਸੱਚ ਤਾਂ ਇਹ ਹੈ ਕਿ ਜਦੋਂ ਨੀਅਤ-ਨੀਤੀ ਸਾਫ਼ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਸਾਹਿਬ 'ਚ ਪਹਿਲੇ ਪ੍ਰਕਾਸ਼ ਮੌਕੇ ਆਏ ਵਾਕ "ਸੰਤਾਂ ਕੇ ਕਾਰਜ ਆਪਿ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ ॥" ਬਹੁਤੇ ਢੁਕਵੇਂ ਹਨ।

ਅੰਤ 'ਚ ਇਸ ਐਲਾਨਨਾਮੇ ਤੋਂ ਬਾਅਦ ਉਸ ਦਿਨ ਧੁਰ ਦਿਲੋਂ ਨਿਕਲੇ ਕੁਝ ਸ਼ਬਦ, ਜੋ ਮੈਂ ਸੋਸ਼ਲ ਮੀਡੀਆ ਤੇ ਸਾਂਝੇ ਕੀਤੇ ਸਨ ਆਪ ਜੀ ਦੀ ਨਜ਼ਰ ਕਰਦੇ ਹਾਂ, "ਅੱਜ ਖ਼ੁਸ਼ੀ 'ਚ ਖੀਵਾ ਹੋ ਰਿਹਾ ਹਾਂ ਤੇ ਅੱਜ ਪਤਾ ਲੱਗਿਆ ਕਿ ਖ਼ੁਸ਼ੀ 'ਚ ਖੀਵਾ ਹੋਣਾ ਕਹਾਵਤ ਦਾ ਕੀ ਮਤਲਬ ਹੈ। ਜ਼ਿੰਦਗੀ 'ਚ ਪਹਿਲੀ ਵਾਰ ਹੋ ਰਿਹਾ ਹੈ ਕਿ ਅੱਜ ਦਾ ਅਖ਼ਬਾਰ ਪੜ੍ਹਨਾ ਚੰਗਾ ਲੱਗ ਰਿਹਾ ਹੈ। ਹਰ ਉਸ ਚੰਗੇ ਮੰਦੇ ਨੇਤਾ ਨੂੰ ਦਿਲੋਂ ਦੁਆਵਾਂ ਨਿਕਲ ਰਹੀਆਂ ਹਨ ਜੋ ਕਿਸੇ ਨਾ ਕਿਸੇ ਰੂਪ 'ਚ ਇਸ ਕਾਰਜ 'ਚ ਜੁੜੇ ਹਨ। 'ਜਗਤ ਗੁਰੂ' ਇਕ ਵਾਰ ਫੇਰ ਹੱਦਾਂ ਬੰਨ੍ਹੇ ਤੋੜਨ ਦਾ ਜ਼ਰੀਆ ਬਣੇ ਹਨ। 'ਕਰਤਾਰਪੁਰ ਲਾਂਘਾ' ਕਿਹੋ ਜਿਹਾ ਹੋਵੇਗਾ, ਆਪਣੀ ਸੋਚ ਸ਼ਕਤੀ 'ਚ ਬਣਾ-ਬਣਾ ਦੇਖ ਰਿਹਾ ਹਾਂ। ਬਹੁਤ ਸਕਾਰਾਤਮਿਕ ਸੋਚ ਰਿਹਾ ਹਾਂ ਪਰ ਕਿਤੇ ਨਾ ਕਿਤੇ ਕੁਝ ਨਕਾਰਾਤਮਿਕ ਸਵਾਲ ਵੀ ਤੰਗ ਕਰ ਰਹੇ ਹਨ। ਕਦੇ ਸੋਚਦਾਂ ਇਹ ਸਿਆਸੀ ਲੋਕ ਕਿਤੇ ਫੇਰ ਸਾਡੀਆਂ ਭਾਵਨਾਵਾਂ ਨਾਲ ਨਾ ਖੇਡ ਜਾਣ ਪਰ ਫੇਰ ਮਨ ਨੂੰ ਤਸੱਲੀ ਮਿਲਦੀ ਹੈ ਕਿ ਇਹ ਸਿਆਸੀ ਲੋਕ ਭਾਵੇਂ ਜਿੰਨੇ ਮਰਜ਼ੀ ਬੁਰੇ ਹੋਣ ਪਰ ਧਨ ਗੁਰੂ ਨਾਨਕ ਦੇਵ ਜੀ ਦੇ ਨਾਂ ਉਤੇ ਸਿਆਸਤ ਕਰਨ ਦੀ ਜ਼ੁਰਅਤ ਨਹੀਂ ਕਰ ਸਕਣਗੇ। "

ਚਲੋ ਛੱਡੋ! "ਆਓ ਉਸ ਨਜ਼ਾਰੇ ਦਾ ਸੁਪਨਾ ਲਈਏ ਜਿਸ ਦਿਨ ਇਹ ਰਸਤਾ ਬਣ ਕੇ ਖੁੱਲ੍ਹੇਗਾ! ਤੇ ਕਿਵੇਂ ਸਾਰੇ ਪਹਿਲੇ ਹੀ ਦਿਨ ਗੁਰੂ ਦੀ ਕਰਮ ਭੋਏਂ ਦੇ ਦੀਦਾਰ ਲਈ ਜਾਣਾ ਚਾਹੁਣਗੇ, ਉਸ ਇਕੱਠ 'ਚ ਵੱਜਦੇ ਧੱਕੇ ਵੀ ਕਿੰਨੇ ਚੰਗੇ ਲੱਗਣਗੇ! ਸਰਕਾਰਾਂ ਇਕੱਠ ਨੂੰ ਸਾਂਭਣ 'ਚ ਫੇਲ੍ਹ ਹੋ ਰਹੀਆਂ ਹੋਣਗੀਆਂ ਤੇ ਗੁਰੂ ਨਾਨਕ ਜੀ ਦੇ ਪੈਰੋਕਾਰ ਕਿਵੇਂ ਵੱਧ ਚੜ੍ਹ ਕੇ ਸੇਵਾ ਕਰਨ 'ਚ ਜੁਟੇ ਹੋਣਗੇ। ਹਰ ਰੂਹ 'ਚੋਂ ਉਸ ਦੇ ਦੀਦਾਰ ਹੋਣਗੇ। ਸੰਗਤਾਂ ਨੂੰ ਕੰਟਰੋਲ ਕਰਨ 'ਚ ਕਿਤੇ ਕਿਤੇ ਪੁਲਿਸ ਡੰਡੇ ਵੀ ਵਰ੍ਹਾ ਰਹੀ ਹੋਵੇਗੀ। ਸਿਆਸੀ ਨੇਤਾ ਆਪਣੀਆਂ ਸਟੇਜਾਂ ਲਾ ਕੇ ਦਾਅਵੇ ਕਰ ਰਹੇ ਹੋਣਗੇ। ਗੁਰੂਘਰ ਦੇ ਸਪੀਕਰ ਤੋਂ ਚੱਲ ਰਹੀ 'ਧੁਰ ਕੀ ਬਾਣੀ' ਦੇ ਪ੍ਰਵਾਹ ਫ਼ਿਜ਼ਾ ਨੂੰ ਅਨੰਦਿਤ ਕਰਦੇ ਹੋਏ ਜਾਤ-ਪਾਤ, ਧਰਮ, ਹੱਦਾਂ ਬੰਨੇ ਤੋੜ ਕੇ ਮਨਾਂ ਦੀ ਮੈਲ ਧੋ ਰਹੀ ਹੋਵੇਗੀ। ਕਿਆ ਅਲੌਕਿਕ ਨਜ਼ਾਰਾ ਹੋਵੇਗਾ ਬਿਆਨ ਤੋਂ ਬਾਹਰ ਦੀਆਂ ਗੱਲਾਂ ਹਨ। ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮਦਿਨ ਉਤੇ ਮਿਲੇ ਇਸ ਬੇਸ਼ਕੀਮਤੀ ਨਜ਼ਰਾਨੇ ਅਤੇ ਗੁਰਪੁਰਬ ਦੀਆਂ ਕੋਟਿ ਕੋਟਿ ਮੁਬਾਰਕਾਂ। "

## 'ਕਾਂਗਰਸ ਦਾ ਸੱਜਣ' ਆਖ਼ਰ ਅੜਿਆ ਸਿਕੰਜੇ ਵਿਚ

ਦਿੱਤਾ ਜਾਵੇ ਕਿ ਚੁਣੌਤੀਆਂ ਦੇ ਬਾਵਜੂਦ ਸੱਚ ਨੇ ਬਾਹਰ ਆਉਣਾ ਹੀ ਹੁੰਦਾ ਹੈ। ਅਦਾਲਤ ਨੇ ਕਿਹਾ ਕਿ ਮੁਲਜ਼ਮਾਂ ਨੇ ਸਿਆਸੀ ਸਰਪ੍ਰਸਤੀ ਹਾਸਲ ਕੀਤੀ ਅਤੇ ਜਗਦੀਸ਼ ਕੌਰ ਨਾਮ ਦੀ ਗਵਾਹ ਦੇ ਹੌਂਸਲੇ ਦੀ ਸਰਾਹਨਾ ਕੀਤੀ ਕਿ ਇਸਦੇ ਬਾਵਜੂਦ ਉਸਨੇ ਨਿਡਰ ਹੋ ਕੇ ਇਸ ਕੇਸ ਦੀ ਪੈਰਵਾਈ ਕੀਤੀ। ਫੈਸਲਾ ਸੁਣਾਉਂਦੇ ਹੋਏ ਜੱਜ ਭਾਵੁਕ ਹੋ ਕੇ ਰੋ ਪਏ ਤੇ ਦੂਜੇ ਪਾਸੇ ਦੋਸ਼ੀਆਂ ਦੇ ਵਕੀਲ ਵੀ ਰੋ ਪਏ। ਹਾਈਕੋਰਟ ਨੇ ਫੈਸਲਾ ਸੁਣਾਉਂਦੇ ਕਿਹਾ ਕਿ ਕਈ ਦਹਾਕਿਆਂ ਤੋਂ ਲੋਕੀ ਇਨਸਾਫ ਦਾ ਇੰਤਜ਼ਾਰ ਕਰ ਰਹੇ ਹਨ ਤੇ ਇਹ ਜਾਂਚ ਏਜੰਸੀਆਂ ਦੀ ਨਾਕਾਮੀ ਹੈ ਕਿ ਇਸ ਮਾਮਲੇ ਵਿਚ ਹੁਣ ਤਕ ਕੁਝ ਨਹੀਂ ਹੋਇਆ। ਦਿੱਲੀ ਹਾਈ ਕੋਰਟ ਦੇ ਜੱਜ ਨੇ ਕਿਹਾ, "ਸੰਨ1947 ਵਿੱਚ ਭਾਰਤ - ਪਾਕਿਸਤਾਨ ਦੀ ਵੰਡ ਵੇਲੇ ਕਈ ਲੋਕਾਂ ਦਾ ਕਤਲੇਆਮ ਹੋਇਆ ਸੀ। 37 ਸਾਲਾਂ ਬਾਅਦ ਦਿੱਲੀ ਵਿਖੇ ਫਿਰ ਤੋਂ ਉਹੀ ਕਤਲੇਆਮ ਹੋਇਆ।"

ਦੱਸ ਦੇਈਏ ਕਿ ਕਿ ਜਵਾਹਰ ਵਿੰਦਰ ਕੋਹਲੀ ਦੇ ਬਿਆਨਾਂ ਦੇ ਆਧਾਰ 'ਤੇ ਕੋਰਟ ਵੱਲੋਂ ਆਦੇਸ਼ ਦਿੱਤੇ ਜਾਣ 'ਤੋਂ ਬਾਅਦ ਐਸਆਈਟੀ ਨੇ ਇਹ ਕੇਸ ਦਰਜ ਕਰਵਾਇਆ ਸੀ। ਇਸ ਤੋਂ ਬਾਅਦ ਗਵਾਹ ਨੇ ਸੱਜਣ ਕੁਮਾਰ ਨੂੰ ਪਛਾਣ ਲਿਆ ਸੀ । ਪਿਛਲੇ ਮਹੀਨੇ ਪਟਿਆਲਾ ਹਾਊਸ ਕੋਰਟ ਵਿਚ, ਗਵਾਹ ਚਾਮ ਕੌਰ ਨੇ ਸੱਜਣ ਕੁਮਾਰ ਦੀ ਪਛਾਣ ਕੀਤੀ ਸੀ। ਚਾਮ ਕੌਰ ਦਾ ਕਹਿਣਾ ਸੀ ਕਿ ਘਟਨਾ ਸਮੇਂ ਮੌਜੂਦ ਸੱਜਣ ਨੇ ਕਿਹਾ ਸੀ ਕਿ ਸਾਡੀ ਮਾਂ(ਇੰਦਰਾ ਗਾਂਧੀ) ਦਾ ਕਤਲ ਸਿੱਖਾਂ ਨੇ ਕੀਤਾ ਹੈ। ਇਸ ਲਈ ਉਨ੍ਹਾਂ ਨੂੰ ਨਹੀਂ ਛੱਡਣਾ। ਬਾਅਦ ਵਿੱਚ ਉਸ ਭੀੜ ਨੇ ਭੜਕ ਕੇ ਮੇਰੇ ਬੇਟੇ ਅਤੇ ਪਿਤਾ ਦਾ ਕਤਲ ਕਰ ਦਿੱਤਾ। ਨਵੰਬਰ 1984 ਵਿੱਚ ਵਾਪਰੇ ਇਸ ਕਾਂਡ ਦੌਰਾਨ ਦਿੱਲੀ ਛਾਉਣੀ ਨਜ਼ਦੀਕ ਰਾਜਨਗਰ ਇਲਾਕੇ 'ਚ ਇੱਕੋ ਪਰਿਵਾਰ ਦੇ ਪੰਜ ਜੀਆਂ ਨੂੰ ਕਤਲ ਕਰ ਦੇਣ ਦੇ ਦੋਸ਼ ਵਿੱਚ ਹੇਠਲੀ ਅਦਾਲਤ ਨੇ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ ਪਰ ਸਾਬਕਾ ਕੌਂਸਲਰ ਬਲਵਾਨ ਖੋਖਰ, ਗਿਰਧਾਰੀ ਲਾਲ, ਸੇਵਾ ਮੁਕਤ ਜਲ ਸੇਨਾ ਅਧਿਕਾਰੀ ਕੈਪਟਨ ਭਾਗਮੱਲ ਤੇ ਹੋਰਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਭਾਗਮੱਲ, ਗਿਰਧਾਰੀ ਲਾਲ ਅਤੇ ਖੋਖਰ ਨੂੰ ਇਸ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਤੇ ਸਾਬਕਾ ਵਿਧਾਇਕ ਮਹਿੰਦਰ ਯਾਦਵ ਅਤੇ ਕਿਸ਼ਨ ਖੋਖਰ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਸੀ। ਇਸ ਤੋਂ ਬਾਅਦ ਮਈ 2013 ਨੂੰ ਦਿੱਲੀ ਹਾਈਕੋਰਟ ਵਿੱਚ ਇਸ ਸਜ਼ਾ ਦੇ ਖਿਲਾਫ਼ ਆਪੋ ਆਪਣੀ ਮੰਗ ਕਰਦੀਆਂ ਪਟੀਸ਼ਨਾਂ ਪਾਈਆਂ ਗਈਆਂ ਸਨ ਜਿਸ ਵਿੱਚ ਸੀਬੀਆਈ ਨੇ ਇਹ ਮੰਗ ਕੀਤੀ ਸੀ ਕਿ ਇਹ ਇੱਕ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਨਸਲਕੁਸ਼ੀ ਮਾਮਲਾ ਹੈ, ਇਸ ਲਈ ਇਨ੍ਹਾਂ ਮਾਮਲਿਆਂ ਨੂੰ ਲੈ ਕੇ ਇਸ ਕੇਸ ਵਿੱਚ ਬਣਦੀਆਂ ਧਾਰਾਵਾਂ ਵੀ ਜੋੜੀਆਂ ਗਈਆਂ ਹਨ। ਲਿਹਾਜ਼ਾ ਮੁਲਜ਼ਮਾਂ ਦੇ ਖਿਲਾਫ਼ ਹੇਠਲੀ ਅਦਾਲਤ ਵਲੋਂ ਸੁਣਾਈ ਗਈ ਸਜ਼ਾ ਨਾਕਾਫੀ ਹੈ ਜਿਸ ਤੇ ਉਤਲੀ ਅਦਾਲਤ ਮੁੜ ਵਿਚਾਰ ਕਰੇ। ਇਸ ਕੇਸ ਵਿੱਚ ਪੀੜਤਾਂ, ਸੀਬੀਆਈ ਅਤੇ ਦੋਸ਼ੀਆਂ ਵਲੋਂ ਪਾਈਆਂ ਗਈਆਂ ਪਟੀਸ਼ਨਾਂ ਤੇ ਲੰਘੀ 29 ਅਕਤੂਬਰ ਨੂੰ ਬਹਿਸ ਮੁਕੰਮਲ ਹੋਣ ਤੋਂ ਬਾਅਦ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ ਜਿਸ ਤੇ ਹੁਣ ਸਜ਼ਾ ਦੀ ਮੋਹਰ ਲੱਗ ਗਈ ਹੈ। ਤਾਜ਼ਾ ਮਾਮਲੇ ਵਿੱਚ ਅਦਾਲਤ ਵਲੋਂ ਸੁਣਾਈ ਗਈ ਸਜ਼ਾ ਤੋਂ ਬਾਅਦ ਸਿਆਸੀ ਮਾਹਿਰਾਂ ਨੇ ਇਸ ਦੇ ਆਪੋ ਆਪਣੇ ਢੰਗ ਨਾਲ ਵਿਸ਼ਲੇਸ਼ਣ ਕਰਨੇ ਸ਼ੁਰੂ ਕਰ ਦਿੱਤੇ ਹਨ। ਜਿੱਥੇ ਇੱਕ ਪਾਸੇ ਇਸ ਫੈਸਲੇ ਨੇ ਆਉਂਦੀਆਂ 2019 ਦੀਆਂ ਚੋਣਾਂ ਤੋਂ ਪਹਿਲਾਂ ਬੈਠੇ ਬਿਠਾਏ ਬੀਜੇਪੀ ਦੇ ਪੈਰਾਂ ਥੱਲੇ ਬਟੇਰ ਦੇ ਦਿੱਤੀ ਹੈ, ਉੱਥੇ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਜਬਰਦਸਤ ਵਾਪਸੀ ਕਰਨ ਵਾਲੀ ਕਾਂਗਰਸ ਇੱਕ ਵਾਰ ਫਿਰ ਪਿਛਲੇ ਪੈਰੀਂ ਮੁੜਦੀ ਦਿਖਾਈ ਦਿੰਦੀ ਹੈ।

ਸਿੱਖ ਉੱਤੇ ਜੁਲਮਾਂ ਦੀ ਇੱਕ ਕਹਾਣੀ : ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਨਵੰਬਰ 1984 ਕਤਲੇਆਮ ਦੌਰਾਨ ਦਿੱਲੀ ਛਾਉਣੀ ਦੇ ਰਾਜਨਗਰ ਇਲਾਕੇ 'ਚ ਇਕ ਹੀ ਪਰਿਵਾਰ ਦੇ ਪੰਜ ਮੈਂਬਰਾਂ ਨੂੰ ਮਾਰ ਦਿੱਤਾ ਗਿਆ ਸੀ। ਇਸ ਮਾਮਲੇ 'ਚ ਹਾਈ ਕੋਰਟ ਦੇ ਡਬਲ ਬੈਂਚ ਦੇ ਜਸਟਿਸ ਐੱਸ ਮੁਰਲੀਧਰ ਅਤੇ ਜਸਟਿਸ ਵਿਨੋਦ ਗੋਇਲ ਨੇ 29 ਅਕਤੂਬਰ ਨੂੰ ਕੇਂਦਰੀ ਜਾਂਚ ਏਜੰਸੀ, ਸੀਬੀਆਈ, ਕਤਲੇਆਮ ਪੀੜਤਾਂ ਅਤੇ ਦੋਸ਼ੀਆਂ ਵਲੋਂ ਦਾਇਰ ਅਪੀਲਾਂ 'ਤੇ ਦਲੀਲਾਂ ਸੁਣਨ ਮਗਰੋਂ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

ਅਸਲ 'ਚ ਸੀਬੀਆਈ ਨੇ 1 ਨਵੰਬਰ 1984 ਨੂੰ ਦਿੱਲੀ ਕੈਂਟ ਦੇ ਰਾਜਨਗਰ ਇਲਾਕੇ 'ਚ ਪੰਜ ਸਿੱਖਾਂ ਦੀ ਹੱਤਿਆ ਦੇ ਮਾਮਲੇ 'ਚ ਕਾਂਗਰਸੀ ਨੇਤਾ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਸੁਣਵਾਈ ਦੌਰਾਨ ਹਾਈ ਕੋਰਟ ਨੇ ਪੁੱਛਿਆ ਸੀ ਕਿ ਸਟੇਟ ਮਸ਼ੀਨਰੀ ਕੀ ਕਰ ਰਹੀ ਸੀ ? ਘਟਨਾ ਦਿੱਲੀ ਛਾਉਣੀ ਦੇ ਠੀਕ ਸਾਹਮਣੇ ਹੋਈ ਸੀ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਦੀ ਹਾਈਕੋਰਟ ਵੱਲੋਂ ਸੱਜਣ ਕੁਮਾਰ ਨੂੰ ਸਜ਼ਾ ਸੁਣਾਏ ਜਾਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਦਿੱਲੀ ਸਿੱਖ ਕਤਲੇਆਮ ਇੱਕ ਵੱਡੀ ਘਟਨਾ ਸੀ ਜਿਸ ਦੇ ਨਾਲ ਸਿੱਖ ਹਿਰਦਿਆਂ 'ਤੇ ਗਹਿਰੀ ਸੱਟ ਵੱਜੀ। ਉਨ੍ਹਾਂ ਕਿਹਾ ਕਿ ਇਸ ਵੱਡੀ ਘਟਨਾ ਦੀ ਸਜ਼ਾ ਮੌਤ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬਾਕੀ ਦੋਸ਼ੀਆਂ ਨੂੰ ਵੀ ਸਜ਼ਾਵਾਂ ਦੇ ਕੇ ਸਿੱਖ ਹਿਰਦਿਆਂ 'ਤੇ ਮਲ੍ਹਮ ਲਗਾਈ ਜਾਵੇ ।

**ਸੱਜਣ ਕੁਮਾਰ** : ਸੱਜਣ ਕੁਮਾਰ ਆਲ ਇੰਡੀਆ ਕਾਂਗਰਸ ਦੇ ਦਿੱਲੀ ਤੋਂ ਸੀਨੀਅਰ ਆਗੂ ਹਨ, ਜਿਹੜੇ 14ਵੀਂ ਲੋਕ ਸਭਾ ਦੇ ਮੈਂਬਰ ਰਹੇ ਹਨ। ਗੁਰੂ ਰਾਧਾ ਕ੍ਰਿਸ਼ਨਾ ਸੁਸਾਇਟੀ ਤੋਂ ਬਤੌਰ ਸਮਾਜਸੇਵੀ ਆਪਣਾ ਕਰੀਅਰ ਸ਼ੁਰੂ ਕਰਨ ਵਾਲੇ ਸੱਜਣ ਕੁਮਾਰ ਉੱਤੇ ਸਿੱਖ ਕਤਲੇਆਮ ਵਿੱਚ ਭੂਮਿਕਾ ਹੋਣ ਦਾ ਇਲਜ਼ਾਮ ਲਗਦਾ ਹੈ। ਇਸੇ ਕਾਰਨ ਉਨ੍ਹਾਂ ਦੀ ਆਪਣੀ ਹੀ ਪਾਰਟੀ ਨੇ ਉਨ੍ਹਾਂ ਨੂੰ ਅਲੱਗ-ਥਲੱਗ ਕਰ ਦਿੱਤਾ ਸੀ।ਇਕਨੌਮਿਕ ਟਾਈਮਜ਼ ਦੀ ਖ਼ਬਰ ਮੁਤਾਬਕ ਸੱਜਣ ਕੁਮਾਰ ਦੀ ਕਾਂਗਰਸ ਵਿੱਚ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਮੋਦੀ ਸਰਕਾਰ ਖ਼ਿਲਾਫ਼ ਕਾਂਗਰਸ ਦੇ ਧਰਨੇ ਵਿੱਚ ਜਦੋਂ 9 ਅਪ੍ਰੈਲ 2018 ਨੂੰ ਸੱਜਣ ਕੁਮਾਰ ਪਹੁੰਚੇ ਤਾਂ ਉਨ੍ਹਾਂ ਨੂੰ ਪਾਰਟੀ ਆਗੂਆਂ ਵੱਲੋਂ ਰਾਜਘਾਟ ਤੋਂ ਹੀ ਵਾਪਿਸ ਭੇਜ ਦਿੱਤਾ ਗਿਆ।ਸੰਨ 1977 ਦੀ ਐਮਰਜੈਂਸੀ ਦੌਰਾਨ ਸੱਜਣ ਕੁਮਾਰ ਦਾ ਦਿੱਲੀ ਦੀ ਸਿਆਸਤ ਵਿੱਚ ਉਭਾਰ ਹੋਇਆ ਸੀ। ਉਹ ਉਨ੍ਹਾਂ ਕੁਝ ਕਾਂਗਰਸੀ ਆਗੂਆਂ ਵਿੱਚ ਸ਼ਾਮਲ ਹਨ ਜਿਹੜੇ ਉਦੋਂ ਦਿੱਲੀ ਦੀਆਂ ਐਮਸੀ ਚੋਣਾਂ ਜਿੱਤੇ ਸਨ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਹੀ ਅਦਾਲਤ ਵਿੱਚ ਚਾਮ ਕੌਰ ਨਾਮ ਦੀ ਗਵਾਹ ਨੇ ਪਛਾਣਿਆ ਅਤੇ ਦੋਸ਼ ਲਾਇਆ ਕਿ ਸੱਜਣ ਕੁਮਾਰ ਹੀ ਉਹ ਵਿਅਕਤੀ ਸਨ ਜੋ ਉਸ ਦੇ ਘਰ ਨੇੜੇ ਲੋਕਾਂ ਨੂੰ ਸਿੱਖਾਂ ਦਾ ਕਤਲੇਆਮ ਕਰਨ ਲਈ ਭੜਕਾ ਰਹੇ ਸਨ। ਸਾਡੀ ਜਾਣਕਾਰੀ ਮੁਤਾਬਕ ਮੁਤਾਬਕ ਸੱਜਣ ਕੁਮਾਰ ਦੇ ਖ਼ਿਲਾਫ਼ ਕੇਸ ਕਰਨ ਵਾਲੀ ਬੀਬੀ ਜਗਦੀਸ਼ ਕੌਰ ਦਾ ਕੇਸ ਵੀ ਆਖਰੀ ਮੋੜ 'ਤੇ ਪਹੁੰਚ ਚੁੱਕਾ ਹੈ। ਬੀਬੀ ਜਗਦੀਸ਼ ਕੌਰ ਨੇ ਸੱਜਣ ਕੁਮਾਰ ਉੱਤੇ ਇਲਜ਼ਾਮ ਲਾਇਆ ਸੀ ਕਿ ਉਸ ਨੇ ਲੋਕਾਂ ਨੂੰ ਭੜਕਾਉਂਦਿਆਂ ਕਿਹਾ ਸੀ, "ਉਨ੍ਹਾਂ ਦੀ ਮਾਂ (ਇੰਦਰਾ ਗਾਂਧੀ) ਨੂੰ ਸਿੱਖਾਂ ਨੇ ਮਾਰਿਆ ਹੈ ਇਸ ਲਈ ਉਹ ਉਨ੍ਹਾਂ ਦਾ ਕਤਲੇਆਮ ਕਰਨ।"

ਜਗਦੀਸ਼ ਕੌਰ ਦਾ ਕੇਸ 2005 ਵਿੱਚ ਨਾਨਾਵਤੀ ਕਮਿਸ਼ਨ ਵੱਲੋਂ ਮੁੜ ਖੋਲ੍ਹਿਆ ਗਿਆ ਸੀ। ਸੰਨ 2010 ਵਿੱਚ ਸੀਬੀਆਈ ਨੇ ਸੱਜਣ ਕੁਮਾਰ ਖਿਲਾਫ਼ ਚਾਰਜਸ਼ੀਟ ਪੇਸ਼ ਕੀਤੀ ਸੀ। ਇਸ ਕੇਸ ਵਿੱਚ ਪੰਜ ਮੁਲਜ਼ਮ ਸਨ, ਜਿਨ੍ਹਾਂ ਵਿੱਚੋਂ ਸੱਜਣ ਕੁਮਾਰ ਇੱਕ ਸਨ।

**ਜਗਦੀਸ਼ ਟਾਈਟਲਰ** : ਟਾਈਟਲਰ ਕਾਂਗਰਸ ਦੇ ਸੀਨੀਅਰ ਲੀਡਰ ਤੇ ਸਾਬਕਾ ਕੇਂਦਰੀ ਮੰਤਰੀ ਹਨ। ਉਨ੍ਹਾਂ ਨੂੰ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵਿੱਚ ਨਾਮ ਆਉਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ।ਕੁਝ ਸਮਾਂ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਇੱਕ ਵੀਡੀਓ ਜਾਰੀ ਕੀਤੀ ਸੀ। ਇਸ ਵੀਡੀਓ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਟਾਈਟਲਰ 100 ਸਿੱਖਾਂ ਦੇ ਕਤਲ ਦੀ ਗੱਲ ਸਵੀਕਾਰ ਕਰ ਰਹੇ ਹਨ ਭਾਵੇਂ ਕਿ ਟਾਈਟਲਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਸੀ ਅਤੇ ਮਨਜੀਤ ਸਿੰਘ ਜੀਕੇ ਦੇ ਦਾਅਵੇ ਖਿਲਾਫ਼ ਮਾਣਹਾਨੀ ਦਾ ਮੁਕੱਦਮਾ ਵੀ ਦਾਇਰ ਕੀਤਾ ਗਿਆ ਸੀ। ਆਊਟਲੁਕ ਨੇ ਆਪਣੀ ਇੱਕ ਰਿਪੋਰਟ ਵਿੱਚ ਲਿਖਿਆ ਹੈ ਕਿ 1 ਨਵੰਬਰ 1984 ਨੂੰ ਉੱਤਰੀ ਦਿੱਲੀ ਵਿੱਚ ਗੁਰਦੁਆਰਾ ਪੁਲਬੰਗਸ਼ ਉੱਤੇ ਹਮਲਾ ਹੋਇਆ, ਜਿਸ ਵਿੱਚ ਬਾਦਲ ਸਿੰਘ, ਗੁਰਚਰਨ ਸਿੰਘ ਅਤੇ ਠਾਕੁਰ ਸਿੰਘ ਦਾ ਕਤਲ ਕੀਤਾ ਗਿਆ। ਜਗਦੀਸ਼ ਟਾਈਟਲਰ ਉੱਤੇ ਇਸੇ ਘਟਨਾ ਵਿੱਚ ਸ਼ਾਮਿਲ ਹੋਣ ਦਾ ਇਲਜ਼ਾਮ ਹੈ। 8 ਫਰਵਰੀ 2005 ਨੂੰ ਨਿਯੁਕਤ ਕੀਤੇ ਗਏ ਜੀਟੀ ਨਾਨਾਵਤੀ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਕਿਹਾ ਸੀ, "ਜਗਦੀਸ਼ ਟਾਈਟਲਰ ਖ਼ਿਲਾਫ਼ ਪੁਖ਼ਤਾ ਸਬੂਤ ਉਪਲੱਬਧ ਹਨ, ਜੋ ਸਾਬਿਤ ਕਰਦੇ ਹਨ ਕਿ ਸਿੱਖਾਂ ਦੇ ਕਤਲੇਆਮ ਵਿੱਚ ਟਾਇਟਲਰ ਦਾ ਹੱਥ ਹੋਣ ਦੀ ਸੰਭਾਵਨਾ ਹੈ।" 8 ਅਗਸਤ 2005 ਨੂੰ ਸੰਸਦ ਵਿੱਚ ਪੇਸ਼ ਕੀਤੀ ਗਈ ਜਸਟਿਸ ਨਾਨਾਵਤੀ ਰਿਪੋਰਟ ਵਿੱਚ ਰਾਜੀਵ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੂੰ ਕਲਿੱਨ ਚਿੱਟ ਦਿੱਤੀ ਗਈ ਪਰ ਟਾਈਟਲਰ, ਸੱਜਣ ਕੁਮਾਰ ਅਤੇ ਐਚ ਕੇ ਐਲ ਭਗਤ ਦਾ ਕਤਲੇਆਮ ਵਿੱਚ ਸ਼ਾਮਲ ਹੋਣ ਵੱਲ ਸਾਫ਼ ਇਸ਼ਾਰਾ ਕੀਤਾ ਗਿਆ। ਉਸ ਸਮੇਂ ਕਾਂਗਰਸ ਦੀ ਯੂਪੀਏ ਸਰਕਾਰ ਸੀ, ਜਿਸ ਨੇ ਆਪਣੀ ਐਕਸ਼ਨ ਟੇਕਨ ਰਿਪੋਰਟ ਵਿੱਚ ਕਿਹਾ ਕਿ ਉਨ੍ਹਾਂ ਖ਼ਿਲਾਫ਼ ਕੇਸ ਚਲਾਉਣ ਲਈ ਸਬੂਤ ਮੌਜੂਦ ਹਨ।

ਟਾਇਟਲਰ ਖ਼ਿਲਾਫ਼ ਸੀਬੀਆਈ ਨੇ ਨਵੰਬਰ 2005 ਵਿੱਚ ਕੇਸ ਦਰਜ ਕੀਤਾ ਪਰ 28 ਅਕਤੂਬਰ 2007 ਨੂੰ ਦਿੱਲੀ ਕੋਰਟ ਵਿੱਚ ਟਾਈਟਲਰ ਨੂੰ ਕਲੀਨ ਚਿੱਟ ਦੇਣ ਵਾਲੀ ਕਲੋਜ਼ਰ ਰਿਪੋਰਟ ਦਾਇਰ ਕਰ ਦਿੱਤੀ ਗਈ।ਦਸੰਬਰ 2008 ਵਿੱਚ ਸੀਬੀਆਈ ਨੇ ਅਮਰੀਕਾ ਜਾ ਕੇ ਜਗਦੀਸ਼ ਟਾਈਟਲਰ ਖ਼ਿਲਾਫ਼ ਗਵਾਹ ਜਸਵੀਰ ਸਿੰਘ ਦੇ ਬਿਆਨ ਦਰਜ ਕੀਤੇ। ਅਪ੍ਰੈਲ 2009 ਨੂੰ ਸੀਬੀਆਈ ਨੇ ਟਾਈਟਲਰ ਖ਼ਿਲਾਫ਼ ਮੁੜ ਕੇਸ ਖੋਲ੍ਹ ਦਿੱਤਾ।2009 'ਚ ਇੰਡੀਅਨ ਐਕਸਪ੍ਰੈੱਸ ਦੀ ਰੀਤੂ ਸਰੀਨ ਦੀ ਰਿਪੋਰਟ 'ਚ ਲਿਖਿਆ ਗਿਆ ਕਿ ਟਾਈਟਲਰ ਦੇ ਮਾਮਲੇ ਵਿੱਚ ਸੀਬੀਆਈ ਦੇ ਜੁਆਇੰਟ ਡਾਇਰੈਕਟਰ ਅਤੇ ਡੀਆਈਜੀ ਦੀ ਰਿਪੋਰਟ ਨੂੰ ਅਣਦੇਖਿਆ ਕੀਤਾ ਗਿਆ ਹੈ।ਰਿਪੋਰਟ ਵਿੱਚ ਲਿਖਿਆ ਸੀ,"ਲਿਖਤ ਵਿੱਚ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਕਿ ਬੜਾ ਹਿੰਦੂ ਰਾਓ ਇਲਾਕੇ ਵਿੱਚ ਸਿੱਖ ਕਤਲੇਆਮ ਦੌਰਾਨ ਦੰਗੇ ਅਤੇ ਜਾਇਦਾਦ ਦਾ ਨੁਕਸਾਨ ਪਹੁੰਚਾਉਣ ਦਾ ਜਗਦੀਸ਼ ਟਾਈਟਲਰ ਖ਼ਿਲਾਫ਼ ਸਖ਼ਤ ਕੇਸ ਬਣਦਾ ਹੈ ਪਰ ਇਸਦੇ ਬਾਵਜੂਦ ਏਜੰਸੀ ਦੇ ਡਾਇਰੈਕਟਰ ਅਸ਼ਵਨੀ ਕੁਮਾਰ ਨੇ ਟਾਈਟਲਰ ਦੀ ਕਲੀਨ ਚਿੱਟ 'ਤੇ ਦਸਤਖ਼ਤ ਕੀਤੇ।"ਉਨ੍ਹਾਂ ਨੂੰ ਅਜੇ ਤੱਕ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਐਚ ਕੇ ਐਲ ਭਗਤ** : ਹਰੀ ਕ੍ਰਿਸ਼ਨ ਲਾਲ ਭਗਤ ਕਾਂਗਰਸ ਦੇ ਮਰਹੂਮ ਆਗੂ ਸਨ, ਜੋ ਦਿੱਲੀ ਮਿਊਂਸੀਪਲ ਕਾਰਪੋਰੇਸ਼ਨ ਦੇ ਮੇਅਰ ਅਤੇ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਚੀਫ਼ ਵਿਪ ਵੀ ਰਹੇ।ਸੰਨ 1984 ਦੇ ਸਿੱਖ ਕਤਲੇਆਮ ਦੌਰਾਨ ਉਹ ਫਰਵਰੀ 1983 ਤੋਂ 1984 ਤੱਕ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਸਨ। ਉਹ ਦੂਜੀ ਵਾਰ ਫਰਵਰੀ 1988 ਤੋਂ 1989 ਤੱਕ ਕੇਂਦਰੀ ਸੰਸਦੀ ਮਾਮਲਿਆਂ ਦੇ ਮੰਤਰੀ ਰਹੇ। ਗਾਂਧੀ ਪਰਿਵਾਰ ਦੇ ਨਜ਼ਦੀਕੀਆਂ ਵਿੱਚੋਂ ਇੱਕ ਐਚ ਕੇ ਐਲ ਭਗਤ ਉੱਤੇ '84 ਸਿੱਖ ਕਤਲੇਆਮ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲੱਗੇ।ਸੰਨ 1984 ਕਤਲੇਆਮ ਬਾਰੇ ਬਣੀਆਂ ਜਾਂਚ ਕਮੇਟੀਆਂ ਵਿੱਚ ਐਚ ਕੇ ਐਲ ਭਗਤ ਦਾ ਨਾਮ ਆਉਂਦਾ ਰਿਹਾ। ਘਟਨਾ ਦੇ ਪਹਿਲੇ 15 ਦਿਨਾਂ ਵਿੱਚ ਹੀ ਉਨ੍ਹਾਂ ਉੱਤੇ ਕਤਲੇਆਮ ਦੇ ਇਲਜ਼ਾਮ ਲੱਗੇ ਪਰ ਪੁਲਿਸ ਨੇ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਹ ਆਪਣੇ 'ਤੇ ਲ਼ੱਗੇ ਇਲਜ਼ਾਮਾਂ ਨੂੰ ਰੱਦ ਕਰਦੇ ਰਹੇ ਪਰ 15 ਜਨਵਰੀ 1996 ਨੂੰ ਸੈਸ਼ਨ ਜੱਜ ਐਸ ਐਨ ਢੀਂਗਰਾ ਨੇ ਸਤਨਾਮੀ ਬਾਈ ਮਾਮਲੇ ਵਿੱਚ ਐਚ ਕੇ ਐਲ ਭਗਤ ਖਿਲਾਫ਼ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ। ਭਗਤ ਉੱਤੇ ਇਸ ਕੇਸ ਵਿੱਚ ਸਤਨਾਮੀ ਦੇ ਪਤੀ ਨੂੰ ਭੀੜ ਤੋਂ ਮਰਵਾਉਣ ਦੇ ਇਲਜ਼ਾਮ ਸਨ। ਜਸਟਿਸ ਢੀਂਗਰਾ ਦੇ ਹੁਕਮਾਂ ਉੱਤੇ ਦਿੱਲੀ ਹਾਈਕੋਰਟ ਨੇ ਰੋਕ ਲਾਈ ਸੀ। 24 ਜਨਵਰੀ 1996 ਨੂੰ ਭਗਤ ਦੀ ਗ੍ਰਿਫ਼ਤਾਰੀ ਹੋਈ ਸੀ ਅਤੇ ਉਹ 8 ਫਰਵਰੀ ਤੱਕ ਜੇਲ੍ਹ ਵਿੱਚ ਰਹੇ। ਭਗਤ ਦੀ ਗ੍ਰਿਫ਼ਤਾਰੀ ਉੱਤੇ ਮਰਹੂਮ ਲੇਖਕ ਖੁਸ਼ਵੰਤ ਸਿੰਘ ਦਾ ਬਿਆਨ ਮੀਡੀਆ ਵਿੱਚ ਛਪਿਆ ਸੀ ਜਿਸ ਵਿੱਚ ਉਨ੍ਹਾਂ ਕਿਹਾ ਸੀ, "ਮੈਨੂੰ ਖੁਸ਼ੀ ਹੈ ਕਿ ਭਗਤ ਨੂੰ ਜੇਲ੍ਹ ਦੀਆਂ ਸਲਾਖਾ ਪਿੱਛੇ ਡੱਕਿਆ ਗਿਆ ਹੈ। ਕਾਂਗਰਸ ਪਾਰਟੀ ਉਨ੍ਹਾਂ ਨੂੰ ਸੰਗਠਨ ਤੋਂ ਬਾਹਰ ਕਰੇ, ਇਸੇ ਤਰ੍ਹਾਂ ਦਾਗੀ ਸੱਜਣ ਕੁਮਾਰ ਤੇ ਟਾਈਟਲਰ ਨੂੰ ਵੀ ਕੱਢਿਆ ਜਾਣਾ ਚਾਹੀਦਾ ਹੈ।"

ਭਗਤ ਨੂੰ ਨਾਨਵਤੀ ਕਮਿਸ਼ਨ ਨੇ ਵੀ ਮੁਲਜ਼ਮ ਮੰਨਿਆ ਸੀ। ਆਪਣੇ ਕੇਸਾਂ ਦੀਆਂ ਕਾਰਵਾਈਆਂ ਦੌਰਾਨ ਹੀ ਐਚ ਕੇ ਐਲ ਭਗਤ ਦੀ 29 ਅਕਤੂਬਰ 2005 ਨੂੰ ਮੌਤ ਹੋ ਗਈ।

**ਕਮਲਨਾਥ** : ਕਮਲਨਾਥ ਨੂੰ ਕਾਂਗਰਸ ਨੇ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਹੈ। ਦਿੱਲੀ 'ਚ ਸਾਲ 1984 ਦੇ ਸਿੱਖ ਕਤਲੇਆਮ 'ਚ ਇੱਕ ਕਾਤਲਾਨਾ ਭੀੜ ਨੂੰ ਭੜਕਾਉਣ ਦੇ ਇਲਜ਼ਾਮਾਂ ਬਾਰੇ ਮੁੜ ਸਿਆਸਤ ਭਖਣ ਕਰਕੇ ਜੂਨ 2016 'ਚ ਕਮਲ ਨਾਥ ਨੇ ਪੰਜਾਬ ਕਾਂਗਰਸ ਦੇ ਇੰਚਾਰਜ ਵਜੋਂ ਅਸਤੀਫਾ ਦੇ ਦਿੱਤਾ ਸੀ। ਭਾਵੇਂ ਇਲਜ਼ਾਮਾਂ ਨੂੰ ਕਦੇ ਅਦਾਲਤ 'ਚ ਸਾਬਤ ਨਹੀਂ ਕੀਤਾ ਜਾ ਸਕਿਆ, ਫਿਰ ਵੀ ਕਮਲ ਨਾਥ ਦੇ ਸਿਆਸੀ ਜੀਵਨ 'ਤੇ ਪ੍ਰਭਾਵ ਜ਼ਰੂਰ ਰਿਹਾ ਹੈ। ਕਮਲ ਨਾਥ ਨੇ 2016 'ਚ ਪੰਜਾਬ ਦੇ ਅਹੁਦੇ ਤੋਂ ਹਟਣ ਤੋਂ ਬਾਅਦ ਇੱਕ ਟੀਵੀ ਚੈਨਲ ਨੂੰ ਇੰਟਰਵਿਊ 'ਚ ਕਿਹਾ ਸੀ, "ਇਸ ਮਾਮਲੇ 'ਚ ਇੱਕ ਵਿਸ਼ੇਸ਼ ਜਾਂਚ ਟੀਮ, ਮਿਸ਼ਰਾ ਕਮਿਸ਼ਨ ਅਤੇ ਨਾਨਾਵਟੀ ਕਮਿਸ਼ਨ ਪੜਤਾਲ ਕਰ ਚੁੱਕੇ ਹਨ। ਮੈਂ ਹੁਣ ਵੀ ਜਾਂਚ ਲਈ ਤਿਆਰ ਹਾਂ, ਭਾਵੇਂ ਸੀਬੀਆਈ ਕਰ ਲਵੇ।"

1 ਨਵੰਬਰ, 1984 ਨੂੰ ਗੁਰਦੁਆਰਾ ਰਕਾਬਗੰਜ ਦੇ ਬਾਹਰ ਮੌਜੂਦ ਹੋਣ ਬਾਰੇ ਕਮਲ ਨਾਥ ਨੇ ਉਦੋਂ ਵੀ ਸਫਾਈ ਦਿੱਤੀ ਕਿ ਉਹ ਤਾਂ ਭੀੜ ਨੂੰ ਹਮਲਾ ਕਰਨ ਤੋਂ ਰੋਕਣ ਗਏ ਸਨ। ਹਮਲੇ 'ਚ ਦੋ ਸਿੱਖਾਂ ਦੀ ਮੌਤ ਹੋਈ ਸੀ।ਨਾਨਾਵਟੀ ਕਮਿਸ਼ਨ ਭਾਜਪਾ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨੇ ਸਾਲ 2000 'ਚ ਬਣਾਇਆ ਸੀ। ਇਸ ਨੇ ਕਮਲ ਨਾਥ ਦੀ ਕਥਿਤ ਭੂਮਿਕਾ ਨੂੰ ਨਹੀਂ ਮੰਨਿਆ ਸੀ। ਕਮਿਸ਼ਨ ਨੇ ਆਖਿਆ ਸੀ ਕਿ ਪੱਤਰਕਾਰ "ਸੰਜੇ ਸੂਰੀ ਦੇ ਬਿਆਨ ਮੁਤਾਬਕ ਕਮਲ ਨਾਥ ਨੇ ਭੀੜ ਨੂੰ ਰੋਕਿਆ ਸੀ" ਅਤੇ ਕਮਿਸ਼ਨ ਮੁਤਾਬਕ ਸਾਬਤ ਨਹੀਂ ਹੁੰਦਾ ਕਿ ਕਮਲ ਨਾਥ ਨੇ ਭੀੜ ਨੂੰ ਉਕਸਾਇਆ ਵੀ ਸੀ।

ਪੱਤਰਕਾਰ ਸੰਜੇ ਸੂਰੀ, ਜਿਨ੍ਹਾਂ ਨੇ ਚਸ਼ਮਦੀਦ ਵਜੋਂ ਇੱਕ ਕਿਤਾਬ ਵੀ ਲਿਖੀ ਹੈ, ਨੇ 2015 'ਚ ਦਿੱਤੇ ਇੱਕ ਇੰਟਰਵਿਊ ਵਿੱਚ ਮੁੜ ਸਵਾਲ ਚੁੱਕਿਆ ਸੀ ਕਿ ਕਮਲ ਨਾਥ ਦੇ ਕਹਿਣ ਉੱਪਰ ਭੀੜ ਦੇ ਰੁਕਣ ਤੋਂ ਇਹ ਸਵਾਲ ਉੱਠਦਾ ਹੈ ਕਿ ਕਮਲ ਨਾਥ ਤੇ ਭੀੜ ਦਾ ਕੀ ਰਿਸ਼ਤਾ ਸੀ ਅਤੇ ਕਮਲ ਨਾਥ ਦਾ ਭੀੜ ਉੱਪਰ "ਕੰਟਰੋਲ" ਸੀ।ਆਪ ਵਿਧਾਇਕ ਅਤੇ ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਵੀ ਸਾਲ 2006 ਵਿੱਚ ਇੱਕ ਗਵਾਹ ਅਦਾਲਤ ਸਾਹਮਣੇ ਪੇਸ਼ ਕੀਤਾ, ਜਿਸਦਾ ਨਾਮ ਮੁਖਤਿਆਰ ਸਿੰਘ ਦੱਸਿਆ ਜਾਂਦਾ ਹੈ।ਇਸ ਗਵਾਹ ਦੇ ਬਿਆਨ ਦੇ ਆਧਾਰ 'ਤੇ ਕਮਲਨਾਥ ਦਾ ਨਾਮ ਸਿੱਖ ਵਿਰੋਧੀ ਕਤਲੇਆਮ ਨਾਲ ਜੁੜੇ ਮਾਮਲੇ ਵਿੱਚ ਸ਼ਾਮਲ ਕੀਤਾ ਗਿਆ ਸੀ।

**ਧਰਮਦਾਸ ਸ਼ਾਸਤਰੀ** : ਟਾਈਮਜ਼ ਆਫ਼ ਇੰਡੀਆ ਦੀ ਖ਼ਬਰ ਮੁਤਾਬਕ ਦਿੱਲੀ ਦੇ ਕਰੋਲ ਬਾਗ ਹਲਕੇ ਤੋਂ ਤਤਕਾਲੀ ਸੰਸਦ ਮੈਂਬਰ ਤੇ ਮਰਹੂਮ ਕਾਂਗਰਸ ਆਗੂ ਧਰਮਦਾਸ ਸ਼ਾਸਤਰੀ ਉੱਤੇ ਵੀ ਸਿੱਖ ਵਿਰੋਧੀ ਕਤਲੇਆਮ ਵਿੱਚ ਲੋਕਾਂ ਨੂੰ ਭੜਕਾਉਣ ਦੇ ਦੋਸ਼ ਲੱਗੇ ਸਨ। ਉਹ ਵੀ ਸਿੱਖ ਕਤਲੇਆਮ ਦੀ ਜਾਂਚ ਕਰ ਰਹੇ ਜੀਟੀ ਨਾਨਾਵਤੀ ਕਮਿਸ਼ਨ ਅੱਗੇ ਪੇਸ਼ ਹੋਏ ਸਨ। ਉਨ੍ਹਾਂ ਨੇ ਕਮਿਸ਼ਨ ਨੂੰ ਬੇਨਤੀ ਕੀਤੀ ਸੀ ਕਿ ਗਵਾਹਾਂ ਤੋਂ ਮੁੜ ਪੁੱਛਗਿੱਛ ਕੀਤੀ ਜਾਵੇ।ਸੀਨੀਅਰ ਪੱਤਰਕਾਰ ਸੰਜੇ ਸੂਰੀ ਨੇ ਆਪਣੀ ਕਿਤਾਬ '1984 - ਸਿੱਖ ਵਿਰੋਧੀ ਦੰਗੇ ਅਤੇ ਉਨ੍ਹਾਂ ਤੋਂ ਬਾਅਦ' ਵਿੱਚ ਧਰਮਦਾਸ ਸ਼ਾਸਤਰੀ ਦਾ ਜ਼ਿਕਰ ਕੀਤਾ ਹੈ। ਸੰਜੇ ਸੂਰੀ ਨੇ ਕਿਹਾ ਸੀ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਉਨ੍ਹਾਂ ਨੂੰ ਕਰੋਲ ਬਾਗ ਇਲਾਕੇ ਵਿਚ ਹਿੰਸਾ ਹੋਣ ਦੀ ਖ਼ਬਰ ਮਿਲੀ, ਜਿਸ ਦੀ ਪੁਸ਼ਟੀ ਕਰਨ ਲਈ ਜਦੋਂ ਉਹ ਕਰੋਲ ਬਾਗ ਥਾਣੇ ਵਿਚ ਪਹੁੰਚੇ ਤਾਂ ਤਤਕਾਲੀ ਕਾਂਗਰਸ ਆਗੂ ਧਰਮ ਦਾਸ ਸਾਸ਼ਤਰੀ ਗ੍ਰਿਫ਼ਤਾਰ ਹਿੰਸਾਕਾਰੀਆਂ ਨੂੰ ਛੁਡਾਉਣ ਲਈ ਪੁਲਿਸ ਉੱਤੇ ਦਬਾਅ ਪਾ ਰਹੇ ਸਨ।

ਸੂਰੀ ਮੁਤਾਬਕ ਸਾਸ਼ਤਰੀ ਪੁਲਿਸ ਥਾਣੇਦਾਰ ਕਹਿ ਰਹੇ ਸਨ ਕਿ ਗ੍ਰਿਫ਼ਤਾਰ ਕੀਤੇ ਗਏ ਉਸ ਤੇ ਬੰਦੇ ਹਨ, ਜਿੰਨ੍ਹਾਂ ਨੂੰ ਤੁਰੰਤ ਛੱਡਿਆ ਜਾਵੇ।

## ਆਜ਼ਾਦੀ ਤੋਂ ਬਾਅਦ ਦੀ ਸਭ ਤੋਂ ਵੱਡੀ ਹਿੰਸਾ ਸੀ ਸਿੱਖ ਕਤਲੇਆਮ : ਹਾਈਕੋਰਟ

ਨਾਲ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਘਰ ਤਬਾਹ ਕਰ ਦਿੱਤੇ ਗਏ। ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ 2000 ਤੋਂ ਵੱਧ ਸਿੱਖ ਮਾਰੇ ਗਏ ਸਨ। ਬੈਂਚ ਨੇ ਕਿਹਾ ਕਿ ਇਨ੍ਹਾਂ ਘਿਨਾਉਣੇ ਜੁਰਮਾਂ ਦੇ ਬਹੁਤੇ ਸਾਜਿਸ਼ਕਾਰੀਆਂ ਨੂੰ ਰਾਜਸੀ ਸ੍ਰਪਰਸਤੀ ਹਾਸਲ ਸੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਵੱਖ-ਵੱਖ ਏਜੰਸੀਆਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ। ਹਾਈਕੋਰਟ ਨੇ ਆਪਣੇ 207 ਸਫ਼ਿਆਂ ਦੇ ਫ਼ੈਸਲੇ ਵਿਚ ਕਿਹਾ ਕਿ ਇਹ ਆਜ਼ਾਦੀ ਪਿੱਛੋਂ ਸਭ ਤੋਂ ਵੱਡੀ ਹਿੰਸਾ ਸੀ ਅਤੇ ਇਸ ਦੌਰਾਨ ਪੂਰਾ ਤੰਤਰ ਹੀ ਫੇਲ੍ਹ ਹੋ ਗਿਆ ਸੀ ਅਤੇ ਇਹ ਕਤਲੇਆਮ ਰਾਜਨੀਤਕ ਫਾਇਦੇ ਲਈ ਕਰਵਾਇਆ ਗਿਆ ਸੀ। ਮਾਨਯੋਗ ਜੱਜਾਂ ਨੇ ਸਜ਼ਾ ਸੁਣਾਉਂਦੇ ਹੋਏ ਕਿਹਾ ਕਿ ਕਈ ਦਹਾਕਿਆਂ ਤੋਂ ਲੋਕ ਨਿਆਂ ਦੀ ਉਡੀਕ ਕਰ ਰਹੇ ਸਨ। ਬੈਂਚ ਨੇ ਕਿਹਾ ਕਿ ਦੋਸ਼ੀ ਤਿੰਨ ਚਸ਼ਮਦੀਦ ਗਵਾਹਾਂ ਜਗਦੀਸ਼ ਕੌਰ, ਉਨ੍ਹਾਂ ਦੇ ਰਿਸ਼ਤੇਦਾਰ ਜਗਸ਼ੇਰ ਸਿੰਘ ਅਤੇ ਨਿਰਪ੍ਰੀਤ ਕੌਰ ਦੇ ਹੌਸਲੇ ਤੇ ਹੱਠ ਨਾਲ ਕਾਨੂੰਨ ਦੇ ਸ਼ਿਕੰਜੇ ਵਿਚ ਆਏ ਹਨ। ਦਿੱਲੀ ਹਾਈਕੋਰਟ ਨੇ ਕਿਹਾ ਕਿ ਨਿਰਪ੍ਰੀਤ ਕੌਰ ਨੇ ਭੀੜ ਵਲੋਂ ਗੁਰਦੁਆਰਾ ਸਾਹਿਬ ਨੂੰ ਅਤੇ ਆਪਣੇ ਪਿਤਾ ਨੂੰ ਜਿਉਂਦੇ ਅੱਗ ਲਾ ਕੇ ਸਾੜਨ ਦੀ ਘਟਨਾ ਨੂੰ ਅੱਖੀਂ ਦੇਖਿਆ ਸੀ। ਅਦਾਲਤ ਨੇ ਕਿਹਾ ਕਿ ਸੀ. ਬੀ. ਆਈ. ਦੇ ਮਾਮਲੇ ਵਿਚ ਆਉਣ ਪਿੱਛੋਂ ਗਵਾਹਾਂ ਜਿਨ੍ਹਾਂ ਦੀ ਪ੍ਰਤੀਨਿਧਤਾ ਸੀਨੀਅਰ ਵਕੀਲ ਐਚ. ਐਸ. ਫੂਲਕਾ ਨੇ ਕੀਤੀ ਦਾ ਭਰੋਸਾ ਬੱਝਾ ਅਤੇ ਉਹ ਗਵਾਹੀ ਦੇਣ ਲਈ ਅੱਗੇ ਆਏ। ਇਹ ਗੱਲ ਸ਼ਲਾਘਾਯੋਗ ਹੈ ਕਿ ਉਹ ਕੇਸ ਵਿਚ ਆਪਣੀ ਸਚਾਈ 'ਤੇ ਖੜ੍ਹੇ ਰਹੇ। ਅਦਾਲਤ ਨੇ ਕਿਹਾ ਕਿ ਇਸ ਅਦਾਲਤ ਦਾ ਵਿਚਾਰ ਹੈ ਕਿ ਨਵੰਬਰ 1984 ਵਿਚ ਦਿੱਲੀ ਅਤੇ ਹੋਰ ਥਾਈਂ ਸਿੱਖਾਂ ਦਾ ਸਮੂਹਿਕ ਕਤਲੇਆਮ ਸਹੀ ਅਰਥਾਂ ਵਿਚ ਮਨੁੱਖਤਾ ਖ਼ਿਲਾਫ਼ ਜੁਰਮ ਸਨ। ਇਹ ਜੁਰਮ ਲੰਬਾ ਸਮਾਂ ਸਮਾਜ ਦੀ ਸਮੂਹਿਕ ਜ਼ਮੀਰ ਨੂੰ ਲਗਾਤਾਰ ਝੰਜੋੜਦੇ ਰਹਿਣਗੇ।

## ਬੇਏਰੀਆ ਦੇ ਸਿੱਖ ਪਤਵੰਤੇ ਗੁਰਬਚਨ ਸਿੰਘ ਢਿੱਲੋਂ ਦਾ ਸਦੀਵੀ ਵਿਛੋੜਾ

ਪੌਲੀਟੈਕਨੀਕਲ ਕਾਲਜ ਜਲੰਧਰ ਤੋਂ ਡਿਗਰੀ ਪਾਸ ਕਰਕੇ 1979 ਵਿਚ ਅਮਰੀਕਾ ਦੇ ਯੂਨੀਅਨ ਸਿਟੀ ਸ਼ਹਿਰ ਵਿਚ ਆ ਵਸੇ ਅਤੇ ਰੋਜ਼ੀ ਰੋਟੀ ਦੀ ਖਾਤਰ ਕੰਮ ਕਰਦਿਆਂ ਸਮਾਜ ਸੇਵੀ ਸੰਸਥਾਵਾਂ ਵਿਚ ਵਡਮੁੱਲਾ ਯੋਗਦਾਨ ਪਾਇਆ। ਫਰੀਮੌਂਟ ਦੇ ਗੁਰਦੁਆਰਾ ਵਿਚ ਚੇਅਰਮੈਨ ਦੇ ਤੌਰ 'ਤੇ ਸੇਵਾ ਨਿਭਾਉਂਦਿਆਂ ਸੰਗਤ ਦੀ ਇੱਛਾ ਅਨੁਸਾਰ ਬਤੌਰ ਸੇਵਾਦਾਰ ਸ਼ਲਾਘਾਯੋਗ ਕੰਮ ਕੀਤੇ। ਗੁਰਬਚਨ ਸਿੰਘ ਢਿੱਲੋਂ ਆਪਣੇ ਪਿੱਛੇ ਪਤਨੀ ਬਲਬੀਰ ਕੌਰ ਅਤੇ ਇਕ ਲੜਕਾ ਜਸਪਾਲ ਸਿੰਘ ਅਤੇ ਇਕ ਲੜਕੀ ਮਨਦੀਪ ਕੌਰ ਛੱਡ ਗਏ ਹਨ ।

### ਸਸਕਾਰ ਸ਼ਨਿਚਰਵਾਰ 22 ਦਸੰਬਰ ਨੂੰ

ਗੁਰਬਚਨ ਸਿੰਘ ਢਿੱਲੋਂ ਦਾ ਸਸਕਾਰ 22 ਦਸੰਬਰ, 20 18 ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਹੇਵਰਡ ਦੇ ਸਮਸ਼ਾਨਘਾਟ ਚੈਪਲ ਆਫ਼ ਚਾਈਮ (Funeral House : Chapal of Chimes, Hayward

Time : 1:30 PM to 3:00 PM Date : 22 December, 2018 (Saturday) ਵਿਚ ਕੀਤਾ ਜਾਵੇਗਾ।ਉਨ੍ਹਾਂ ਨਮਿੱਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਸ਼ਾਮੀਂ 4:30 ਵਜੇ ਗੁਰਦੁਆਰਾ ਫਰੀਮੌਂਟ ਵਿਖੇ ਹੋਵੇਗੀ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

**Priti Singh (925) 999-0823**

REALTOR
CA BRE Licence #02024721 info@pritisingh.com

## RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

SUNPREME®
Premium Bifacial Thin Film Solar

Satnam Singh Khalsa
510-706-1300


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM